12ਵਾਂ ਸਾਲ
# ਦੇਸ਼ ਦੁਆਬਾ
ਹਫਤਾਵਾਰੀ

VOL - 12 ISSUE - 39
January 3, 2024

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ




ਗੋਰਵਸ਼ਾਲੀ ਚਮਾਰ ਰੈਜੀਮੈਂਟ ਸਬੰਧਤ
ਸ੍ਰੀ ਕੁਲਦੀਪ ਚੰਦ ਦਾ ਵਿਸ਼ੇਸ਼ ਲੇਖ ਅੰਦਰ ਦੇਖੋ



ਭਾਰਤ ਵਿੱਚ ਕੰਨਿਆ ਪਾਠਸ਼ਾਲਾ ਖੋਲਣ ਵਾਲੀ ਪਹਿਲੀ ਮਹਿਲਾ ਅਧਿਆਪਕਾ, ਸਮਾਜ ਸੁਧਾਰਿਕਾ ਅਤੇ ਮਰਾਠੀ ਕਵਿਤਰੀ ਸਾਵਿਤਰੀ ਬਾਈ ਫੂਲੇ।
**ਸ੍ਰੀ ਕੁਲਦੀਪ ਚੰਦ ਦਾ ਵਿਸ਼ੇਸ਼ ਲੇਖ ਅੰਦਰ ਦੇਖੋ**

# ਅਯੁੱਧਿਆ ’ਚ ਮਹਾਂਰਿਸ਼ੀ ਵਾਲਮੀਕ ਅੰਤਰ ਰਾਸ਼ਟਰੀ ਏਅਰਪੋਰਟ ਦਾ ਪ੍ਰਧਾਨ ਮੰਤਰੀ ਵੱਲੋਂ ਉਦਘਾਟਨ






**ਅਯੁੱਧਿਆ–** ਅਯੁੱਧਿਆ ਵਿਚ ਨਵੇਂ ਬਣੇ ਮਹਾਂਰਿਸ਼ੀ ਵਾਲਮੀਕ ਇੰਟਰਨੈਸ਼ਨਲ ਏਅਰਪੋਰਟ ਦਾ ਉਦਘਾਟਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੀਤਾ। ਉਹਨਾਂ ਨੇ ਇੱਥੇ 6 ਵੰਦੇ ਭਾਰਤ ਅਤੇ 2 ਅੰਮ੍ਰਿਤ ਟ੍ਰੇਨਾਂ ਨੂੰ ਵੀ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਅੱਜ ਅਯੁੱਧਿਆ ਵਿਚ ਤਰੱਕੀ ਦਾ ਉਤਸ਼ਾਹ ਹੈ, ਕੁਝ ਦਿਨ ਬਾਅਦ ਪ੍ਰੰਪਰਾ ਦਾ ਉਤਸ਼ਾਹ ਹੋਵੇਗਾ। ਮੋਦੀ ਤੀਜੀ ਵਾਰ ਅਯੁੱਧਿਆ ਗਏ ਸਨ। ਪਹਿਲੀ ਵਾਰ ਉਹ 5 ਅਗਸਤ 2020 ਨੂੰ ਰਾਮ ਮੰਦਰ ਦੇ ਭੂਮੀ ਪੂਜਾ ਵਿਚ ਸ਼ਾਮਲ ਹੋਏ ਸਨ ਅਤੇ ਫਿਰ 22 ਅਕਤੂਬਰ 2022 ਨੂੰ ਦੀਵਾਲੀ ਉਤਸਵ ਵਿਚ ਭਾਗ ਲਿਆ ਸੀ।



ਅਦਾਰਾ “ਦੇਸ਼ ਦੁਆਬਾ” ਅਤੇ “ਅੰਬੇਦਕਰ ਟਾਈਮਜ਼” ਵੱਲੋਂ ਆਪਣੇ ਸਾਰੇ ਹੀ ਮਾਣਯੋਗ ਪਾਠਕਾਂ, ਪ੍ਰਸ਼ੰਸਕਾਂ, ਸਹਿਯੋਗੀਆਂ, ਇਸ਼ਤਿਹਾਰ ਦਾਤਿਆਂ, ਪੱਤਰਕਾਰਾਂ,ਲੇਖਕਾਂ ਅਤੇ ਸਮੂਹ ਲੋਕਾਈ ਨੂੰ ਨਵਾਂ ਸਾਲ 2024 ਅਤੇ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ। **– ਸੰਪਾਦਕ**

# ਜਪਾਨ ’ਚ ਭੁਚਾਲ ਕਾਰਨ ਮਰਨ ਵਾਲਿਆਂ ਦੀ ਗਿਣਤੀ 62 ਤੱਕ ਪੁੱਜੀ

**ਸੁਜ਼ੂ (ਜਾਪਾਨ)–** ਪੱਛਮੀ ਜਾਪਾਨ ਵਿੱਚ ਭੂਚਾਲ ਦੇ ਝਟਕਿਆਂ ਕਾਰਨ ਅੱਜ ਤੱਕ ਘੱਟੋ-ਘੱਟ 62 ਲੋਕਾਂ ਦੀ ਮੌਤ ਹੋ ਗਈ। ਬਚਾਅ ਕਰਮਚਾਰੀ ਨੁਕਸਾਨੀਆਂ ਇਮਾਰਤਾਂ ਦੇ ਮਲਬੇ ਹੇਠਾਂ ਦੱਬੇ ਲੋਕਾਂ ਨੂੰ ਬਚਾਉਣ ਲਈ ਜੱਦੋ-ਜਹਿਦ ਕਰ ਰਹੇ ਹਨ। 7।6 ਦੀ ਸ਼ਿੱਦਤ ਵਾਲੇ ਭੂਚਾਲ ਤੋਂ ਬਾਅਦ ਵੀ ਜਾਪਾਨ ਦੇ ਇਸ਼ੀਕਾਵਾ ਸੂਬੇ ਅਤੇ ਆਸਪਾਸ ਦੇ ਇਲਾਕਿਆਂ ‘ਚ ਦੋ ਦਿਨਾਂ ਤੱਕ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਕੁਝ ਇਲਾਕਿਆਂ ‘ਚ ਪਾਣੀ, ਬਿਜਲੀ ਅਤੇ ਫ਼ੋਨ ਸੇਵਾਵਾਂ ਬੰਦ ਹਨ। ਸਥਾਨਕ ਨਿਵਾਸੀ ਆਪਣੇ ਤਬਾਹ ਹੋਏ ਘਰਾਂ ਅਤੇ ਆਪਣੇ ਭਵਿੱਖ ਨੂੰ ਲੈ ਕੇ ਚਿੰਤਤ ਹਨ।

**ਟੋਕੀ ਦੇ ਹਵਾਈ ਅੱਡੇ ’ਤੇ ਯਾਤਰੀ ਜਹਾਜ਼ ਨੂੰ ਅੱਗ ਲੱਗੀ**



ਜਪਾਨ ਦੇ ਟੋਕੀਓ ’ਚ ਹਾਨੇਡਾ ਹਵਾਈ ਅੱਡੇ ਦੇ ਰਨਵੇਅ ’ਤੇ ਅੱਜ ਯਾਤਰੀਆਂ ਵਾਲੇ ਇੱਕ ਜਹਾਜ਼ ਦੀ ਜਪਾਨੀ ਤੱਟ ਰੱਖਿਅਕਾਂ ਦੇ ਇੱਕ ਛੋਟੇ ਜਹਾਜ਼ ਨਾਲ ਟੱਕਰ ਹੋਣ ਮਗਰੋਂ ਉਸ ਵਿੱਚ ਅੱਗ ਲੱਗ ਗਈ, ਜਿਸ ਕਾਰਨ ਪੰਜ ਜਣਿਆਂ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਐੱਨਐੱਚਕੇ ਟੀਵੀ ਦੀ ਖ਼ਬਰ ਵਿੱਚ ਦੱਸਿਆ ਕਿ ਜਪਾਨ ਏਅਰਲਾਈਨਜ਼ ਦੀ ਉਡਾਣ ਜੇਏਐੱਲ-516 ਵਿੱਚ ਕੁੱਲ 379 ਯਾਤਰੀ ਸਵਾਰ ਸਨ, ਜੋ ਜਹਾਜ਼ ਨੂੰ ਪੂਰੀ ਤਰ੍ਹਾਂ ਅੱਗ ਲੱਗਣ ਤੋਂ ਪਹਿਲਾਂ ਸੁਰੱਖਿਅਤ ਬਾਹਰ ਆ ਗਏ।



ਨਵੇਂ ਸਾਲ ਦੇ ਸ਼ੁਭ ਦਿਹਾੜੇ ’ਤੇ 31 ਦਸੰਬਰ 2023 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਨਵਾਂ ਸਾਲ ਅਤੇ ਸੰਤ ਬਾਬਾ ਗੋਬਿੰਦ ਦਾਸ ਜੀ ਦਾ ਜਨਮ ਦਿਹਾੜਾ ਬਹੁਤ ਹੀ ਸ਼ਰਧਾ ਨਾਲ ਮਨਾਇਆ ਗਿਆ। *ਸਬੰਧਤ ਰਿਪੋਰਟ ਅਤੇ ਤਸਵੀਰਾਂ ਅੰਦਰ ਦੇਖੋ।*



Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SAROAY
INVESTMENT REALTY
Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ ’ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga
6930 65TH STREET # 115 SACRAMENTO CA 95823



RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434



Dr. Paramjit S Takhar, MD

DR. TAKHAR'S FAMILY
MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed



Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ
ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

# SUNSHINE AUTO CARE INC.

## WE REPAIR ALL MAKES & MODELS. AUTO, DIESEL TRUCK & TRAILERS

- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

WE PROVIDE SHUTLE SERVICE FOR ALL CUSTOMERS

hablamos español

We Speak English, Spanish & Punjabi

We Provide Towing &
24/7 Mobile Road Services
For All Autos, Trucks & Trailers

Open Monday to Saturday

Com-Check
T-Check
EFS Check

ACCEPTED HERE

VISA, MasterCard, AMERICAN EXPRESS, DISCOVER NETWORK





1003 Moffat Blvd,
Manteca CA 95336

209-239-1551



# SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

## ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ


# ਡੋਨਲਡ ਟਰੰਪ ਵਿਰੁੱਧ ਫੈਸਲੇ ਤੋਂ ਬਾਅਦ ਕੋਲੋਰਾਡੋ ਸੁਪਰੀਮ ਕੋਰਟ ਦੇ ਜੱਜਾਂ ਨੂੰ ਮਿਲੀਆਂ ਧਮਕੀਆਂ

## ਮਾਮਲਾ ਜਾਂਚ ਲਈ ਐਫ ਬੀ ਆਈ ਦੇ ਹਵਾਲੇ

**ਸੈਕਰਾਮੈਂਟੋ, ਕੈਲੀਫੋਰਨੀਆ–** ਕੋਲੋਰਾਡੋ ਰਾਜ ਦੀ ਸੁਪਰੀਮ ਕੋਰਟ ਵੱਲੋਂ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਰਾਜ ਵਿਚ 2024 ਦੀਆਂ ਮੁੱਢਲੀਆਂ ਨਾਮਜ਼ਦਗੀ ਚੋਣਾਂ ਵਿਚ ਹਿੱਸਾ ਲੈਣ ਤੋਂ ਅਯੋਗ ਕਰਾਰ ਦੇਣ ਉਪਰੰਤ ਜੱਜਾਂ ਨੂੰ ਮਿਲ ਰਹੀਆਂ ਧਮਕੀਆਂ ਕਾਰਨ ਉਨਾਂ ਦੀ ਸੁਰੱਖਿਆ ਵਧਾ ਦੇਣ ਦੀਆਂ ਰਿਪੋਰਟਾਂ ਹਨ। ਜੱਜ ਦੇ ਘਰਾਂ ਤੇ ਅਦਾਲਤਾਂ ਵਿਚ ਸੁਰੱਖਿਆ ਸਖਤ ਕਰ ਦਿੱਤੀ ਗਈ ਹੈ। ਸਟੇਟ ਸੁਪਰੀਮ ਕੋਰਟ ਨੇ 19 ਦਸੰਬਰ ਨੂੰ ਦਿੱਤੇ ਆਪਣੇ ਫੈਸਲੇ ਵਿਚ ਕਿਹਾ ਹੈ ਕਿ ਜਨਵਰੀ 6, 2021 ਨੂੰ ਰਾਜਧਾਨੀ ਵਿਚ ਟਰੰਪ ਨੇ ਹਿੰਸਾ ਨੂੰ ਉਤਸ਼ਾਹਿਤ ਕੀਤਾ ਜਿਸ ਦਾ ਅਰਥ ਹੈ ਕਿ ਉਹ ਬਗਾਵਤੀ ਗਤੀਵਿਧੀਆਂ ਵਿਚ ਸ਼ਾਮਿਲ ਹੋਇਆ ਇਸ ਲਈ ਉਸ ਨੂੰ ਅਮਰੀਕੀ ਸੰਵਿਧਾਨ ਦੀ 14 ਵੀਂ ਸੋਧ ਤਹਿਤ ਅਹੁੱਦਾ ਸੰਭਾਲਣ ਦੇ ਅਯੋਗ ਕਰਾਰ ਦਿੱਤਾ ਜਾਂਦਾ ਹੈ। ਐਫ ਬੀ ਆਈ ਦੇ ਬੁਲਾਰੇ ਵਿਕੀ ਮਿਗੋਇਆ ਨੇ ਇਕ ਜਾਰੀ ਬਿਆਨ ਵਿਚ ਕਿਹਾ ਹੈ ਕਿ ਐਫ ਬੀ ਆਈ ਹਾਲਾਤ ਤੋਂ ਜਾਣੂ ਹੈ ਤੇ ਉਹ ਹਾਲਾਤ ਨਾਲ ਨਜਿੱਠਣ ਲਈ ਸਥਾਨਕ ਲਾਅ ਇਨਫੋਰਸਮੈਂਟ ਅਧਿਕਾਰੀਆਂ ਨਾਲ ਮਿਲ ਕੇ ਕੰਮ ਕਰ ਰਹੇ ਹਨ। ਉਨਾਂ ਕਿਹਾ ਕਿ ਉਹ ਕਿਸ ਵੀ ਧਮਕੀ ਦੀ ਡੂੰਘਾਈ ਨਾਲ ਜਾਂਚ ਕਰਨਗੇ ਤੇ ਮਾਮਲੇ ਦੀ ਤਹਿ ਤੱਕ ਜਾਇਆ ਜਾਵੇਗਾ। ਡੈਨਵਰ ਪੁਲਿਸ ਵਿਭਾਗ ਦੇ ਇਕ ਬੁਲਾਰੇ ਨੇ ਕਿਹਾ ਹੈ ਕਿ ਜੱਜਾਂ ਦੇ ਘਰਾਂ ਨੇੜੇ ਗਸ਼ਤ ਵਧਾ ਦਿੱਤੀ ਗਈ ਹੈ ਤੇ ਜੇਕਰ ਜੱਜਾਂ ਵੱਲੋਂ ਹੋਰ ਸੁਰੱਖਿਆ ਮੰਗੀ ਜਾਵੇਗੀ ਤਾਂ ਉਹ ਦਿੱਤੀ ਜਾਵੇਗੀ।

# ਟੈਕਸਾਸ ਵਿਚ ਲਾਪਤਾ ਗਰਭਵਤੀ ਨਬਾਲਗ ਕੁੜੀ ਤੇ ਦੋਸਤ ਮੁੰਡੇ ਦੀਆਂ ਕਾਰ ਵਿਚੋਂ ਮਿਲੀਆਂ ਲਾਸ਼ਾਂ


## ਦੋਨਾਂ ਦੇ ਹੀ ਵੱਜੀਆਂ ਗੋਲੀਆਂ, ਦੇ ਜ਼ਖਮੀ, ਪੁਲਿਸ ਨੇ ਕਿਹਾ ਇਹ ਬਹੁਤ ਗੁੰਝਲਦਾਰ ਤੇ ਸੰਗੀਨ ਮਾਮਲਾ




**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਟੈਕਸਾਸ ਰਾਜ ਵਿਚ ਲਾਪਤਾ ਗਰਭਵਤੀ ਨਾਬਾਲਗ ਕੁੜੀ ਤੇ ਉਸ ਦੇ ਦੋਸਤ ਮੁੰਡੇ ਦੀਆਂ ਕਾਰ ਵਿਚੋਂ ਲਾਸ਼ਾਂ ਬਰਾਮਦ ਹੋਣ ਦੀ ਖਬਰ ਹੈ। ਪੁਲਿਸ ਨੇ ਕਿਹਾ ਹੈ ਕਿ ਦੋਨਾਂ ਦੇ ਹੀ ਗੋਲੀਆਂ ਵੱਜੀਆਂ ਹੋਈਆਂ ਹਨ ਹਾਲਾਂ ਕਿ ਅਜੇ ਇਹ ਸਪਸ਼ਟ ਨਹੀਂ ਹੈ ਕਿ ਇਹ ਖੁਦਕੁੱਸ਼ੀ ਜਾਂ ਕਤਲ ਦਾ ਮਾਮਲਾ ਹੈ। ਪੁਲਿਸ ਅਨੁਸਾਰ ਲਾਸ਼ਾਂ ਇਕ ਅਪਾਰਮੈਂਟ ਕੰਪਲੈਕਸ ਨੇੜੇ ਕਾਰ ਵਿਚੋਂ ਮਿਲੀਆਂ ਜੋ ਕਾਰ ਪਿਛਲੇ 3-4 ਦਿਨਾਂ ਤੋਂ ਇਥੇ ਖੜੀ ਸੀ। ਸੈਨ ਐਨਟੋਨੀਓ ਪੁਲਿਸ ਮੁੱਖੀ ਵਿਲੀਅਮ ਮੈਕਮੈਨਸ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਕਿ ਅਧਿਕਾਰੀਆਂ ਦਾ ਵਿਸ਼ਵਾਸ਼ ਹੈ ਕਿ ਇਹ ਲਾਸ਼ਾਂ 18 ਸਾਲਾ ਸਵੰਨਾਹ ਸੋਟੋ ਤੇ ਉਸ ਦੇ ਦੋਸਤ ਮੁੰਡੇ ਦੀਆਂ ਹਨ ਪਰੰਤੂ ਅਜੇ ਇਸ ਸਬੰਧੀ ਪੁਸ਼ਟੀ ਨਹੀਂ ਹੋਈ। ਉਨਾਂ ਕਿਹਾ ਕਿ ਮਾਮਲੇ ਦੀ ਜਾਂਚ ਜਾਰੀ ਹੈ ਤੇ ਡਾਕਟਰੀ ਜਾਂਚ ਉਪਰੰਤ ਹੀ ਮੌਤ ਦੇ ਅਸਲ ਕਾਰਨਾਂ ਬਾਰੇ ਪਤਾ ਲੱਗ ਸਕੇਗਾ। ਮੈਕਮੈਨਸ ਅਨੁਸਾਰ ਮੌਕੇ ਦਾ ਦ੍ਰਿਸ਼ ਬਹੁਤ ਹੀ ਪੇਚੀਦਾ ਹੈ ਤੇ ਇਸ ਬਾਰੇ ਡੂੰਘਾਈ ਨਾਲ ਜਾਂਚ ਕੀਤੀ ਜਾਵੇਗੀ। ਸੈਨ ਐਨਟੋਨੀਓ ਪੁਲਿਸ ਲੈਫਟੀਨੈਂਟ ਮਾਈਕਲ ਰਾਮੋਸ ਨੇ ਕਿਹਾ ਹੈ ਕਿ ਇਹ ਸੰਗੀਨ ਹੱਤਿਆਵਾਂ ਦਾ ਮਾਮਲਾ ਹੈ ਕਿਉਂਕਿ ਇਕ ਅਣਜੰਮੇ ਬੱਚੇ ਦੀ ਵੀ ਮੌਤ ਹੋਈ ਹੈ। ਲੀਓਨ ਵੈਲੀ ਪੁਲਿਸ ਵਿਭਾਗ ਅਨੁਸਾਰ ਸੋਟੋ ਪਿਛਲੇ 9 ਮਹੀਨੇ ਤੋਂ ਗਰਭਵਤੀ ਸੀ ਤੇ ਉਹ ਜਰੂਰੀ ਡਾਕਟਰੀ ਜਾਂਚ ਲਈ ਹਸਪਤਾਲ ਨਹੀਂ ਪੁੱਜੀ। ਇਸ ਉਪਰੰਤ ਪਰਿਵਾਰ ਨੇ ਉਸ ਦੇ ਲਾਪਤਾ ਹੋਣ ਦੀ ਸ਼ਿਕਾਇਤ ਦਰਜ ਕਰਵਾਈ ਸੀ। ਟੈਕਸਾਸ ਡਿਪਾਰਟਮੈਂਟ ਆਫ ਪਬਲਿਕ ਸੇਫਟੀ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਸੋਟੋ ਨੂੰ ਆਖਰੀ ਵਾਰ 22 ਦਸੰਬਰ ਨੂੰ ਲਿਓਨ ਵੈਲੀ ਵਿਚ ਗਰੀਸੋਮ ਰੋਡ ਦੇ 6000 ਬਲਾਕ ਵਿਚ ਵੇਖਿਆ ਗਿਆ ਸੀ।

# ਜੇਕਰ ਟਰੰਪ ਨੇ ਆਪਣੇ ਬੀਤੇ 'ਤੇ ਧਿਆਨ ਕੇਂਦਰਿਤ ਕੀਤਾ ਤਾਂ ਉਸ ਦੇ ਹਾਰ ਜਾਣ ਦਾ ਜ਼ੋਖਮ ਹੈ-ਸੈਨੇਟਰ ਗਰਾਹਮ

**ਸੈਕਰਾਮੈਂਟੋ, ਕੈਲੀਫੋਰਨੀਆ–** ਰਿਪਬਲੀਕਨ ਸੈਨੇਟਰ ਲਿੰਡਸੇਅ ਗਰਾਹਮ ਨੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਮੇਰਾ ਵਿਚਾਰ ਹੈ ਕਿ ਜੇਕਰ ਉਹ 2024 ਦੀਆਂ ਚੋਣਾਂ ਵਿਚ ਰਿਪਬਲੀਕਨ ਉਮੀਦਵਾਰ ਵਜੋਂ ਨਾਮਜ਼ਦ ਹੁੰਦੇ ਹਨ ਤਾਂ ਉਨਾਂ ਨੂੰ ਆਪਣੇ ਬੀਤੇ ਉਪਰ ਧਿਆਨ ਕੇਂ-ਦਰਿਤ ਨਹੀਂ ਕਰਨਾ ਚਾਹੀਦਾ ਕਿਉਂਕਿ ਅਜਿਹਾ ਕਰਨ ਨਾਲ ਉਹ ਚੋਣ ਹਾਰ ਸਕਦੇ ਹਨ। ਉਨਾਂ ਇਕ ਚੈਨਲ ਨਾਲ 'ਦਿਸ ਵੀਕ' ਪ੍ਰੋਗਰਾਮ ਤਹਿਤ ਗੱਲ ਕਰਦਿਆਂ ਕਿਹਾ ਕਿ ਮੈ 2020 ਦੀਆਂ ਚੋਣਾਂ ਦੇ ਨਤੀਜੇ ਸਵਿਕਾਰ ਕਰਦਾ ਹਾਂ ਤੇ ਹੁਣ ਮੈਨੂੰ 2024 ਦੀ ਚਿੰਤਾ ਹੈ। ਜੇਕਰ ਟਰੰਪ ਸੁਰੱਖਿਆ ਵਿਚ ਸੁਧਾਰ ਤੇ ਅਮਰੀਕੀਆਂ ਦੀ ਖੁਸ਼ਹ-ਾਲੀ ਦੀ ਗੱਲ ਕਰਨਗੇ ਤਾਂ ਉਹ ਜਿੱਤ ਜਾਣਗੇ ਪਰੰਤੂ ਜੇਕਰ ਉਹ ਬੀਤੇ ਵਾਂਗ ਹੀ ਸੋਚਣਗੇ ਤਾਂ ਉਹ ਹਾਰ ਜਾਣਗੇ। ਉਨਾਂ ਕਿਹਾ ਕਿ ਮੇਰੇ ਲਈ 2020 ਦੀਆਂ ਚੋਣ ਦਾ ਜਿਕਰ ਕਰਨ ਦਾ ਕੋਈ ਮਤਲਬ ਨਹੀਂ ਹੈ।



ਸਾਨੂੰ ਹੁਣ 2024 ਦੀਆਂ ਚੋਣਾਂ ਲਈ ਵੋਟਾਂ ਸੁਰੱਖਿਅਤ ਕਰਨ ਦੀ ਲੋੜ ਹੈ। ਹਾਲਾਂ ਕਿ ਗੱਲਬਾਤ ਦੌਰਾਨ ਗਰਾਹਮ ਨੇ ਦਲੀਲ ਦਿੱਤੀ ਕਿ ਟਰੰਪ ਪਹਿਲਾ ਉਮੀਦਾਵਰ ਨਹੀਂ ਹੈ ਜਿਸ ਨੇ 2020 ਵਿਚ ਚੋਣਾਂ ਵਿੱਚ ਹੇਰਾਫੇਰੀ ਦਾ ਦਾਅਵਾ ਕੀਤਾ ਸੀ। ਉਨਾਂ ਕਿਹਾ ਇਸ ਤੋਂ ਪਹਿਲਾਂ ਹਿਲੇਰੀ ਕਲਿੰਟਨ ਨੇ 2016 ਵਿਚ ਅਜਿਹਾ ਕੁਝ ਹੀ ਕਿਹਾ ਸੀ। ਉਸ ਸਮੇ ਹਲੇਰੀ ਨੇ ਟਰੰਪ ਨੂੰ 'ਗੈਰਕਾਨੂੰਨੀ ਰਾਸ਼ਟਰਪਤੀ' ਕਿਹਾ ਸੀ।







# ਨਵੇਂ ਸਾਲ 2024 ਦੀ ਆਮਦ 'ਤੇ ਗੁਰਦੁਆਰਾ ਸਨਵਾਕੀਨ ਵਿਖੇ ਹੋਏ ਵਿਸ਼ੇਸ਼ ਪ੍ਰੋਗਰਾਮ



**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ)**: ਹਰ ਸਾਲ ਦੀ ਤਰਾਂ ਇਸ ਨਵੇਂ ਸਾਲ 2024 ਦੀ ਆਮਤ 'ਤੇ ਸੈਂਟਰਲ ਵੈਲੀ ਦੇ ਸਭ ਤੋਂ ਪਹਿਲੇ ਅਤੇ ਸਰਕਾਰੀ ਤੌਰ 'ਤੇ ਹੈਰੀਟੇਜ਼ ਦਾ ਦਰਜਾ ਪ੍ਰਾਪਤ ਗੁਰਦੁਆਰਾ "ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ ਵਿਖੇ ਵਿਸ਼ੇਸ਼ ਪ੍ਰੋਗਰਾਮ ਕਰਵਾਏ ਗਏ। ਜਿੰਨਾਂ ਵਿੱਚ ਪਾਠਾ ਦੇ ਭੋਗ ਉਪਰੰਤ ਸਜਾਏ ਗਏ ਗੁਰਮਤਿ ਸਮਾਗਮ ਵਿੱਚ ਗੁਰੂਘਰ ਦੇ ਮੁੱਖ ਗ੍ਰੰਥੀ ਭਾਈ ਕੁਲਵੰਤ ਸਿੰਘ ਧਾਲੀਵਾਲ ਇਤਿਹਾਸਕ ਕਥਾ ਰਾਹੀ ਸੰਗਤਾਂ ਗੁਰਮਤਿ ਨਾਲ ਜੋੜਦੇ ਹੋਏ ਨਿਹਾਲ ਕੀਤਾ।

ਜਦ ਕਿ ਗੁਰੂਘਰ ਦੇ ਹਜ਼ੂਰੀ ਕੀਰਤਨੀਏ ਭਾਈ ਜੋਗਿੰਦਰ ਸਿੰਘ ਯੋਗੀ ਦੇ ਕੀਰਤਨੀ ਜੱਥੇ ਅਤੇ ਹੋਰ ਕੀਰਤਨੀ ਜੱਥਿਆਂ ਵੱਲੋਂ ਸੰਗਤਾਂ ਨੂੰ ਨਿਰੋਲ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ ਗਿਆ। ਇਸ ਸਮੇਂ ਸਥਾਨਿਕ ਗਾਇਕ ਕਲਾਕਾਰਾਂ ਵਿੱਚੋਂ ਗਾਇਕਾਂ ਬੀਬੀ ਦਿਲਪ੍ਰੀਤ ਕੌਰ ਅਤੇ ਗਾਇਕ ਪੱਪੀ ਭਦੌੜ ਨੇ ਧਾਰਮਿਕ ਗੀਤਾਂ ਰਾਹੀ ਹਾਜ਼ਰੀ ਭਰੀ। ਇਸ ਸਮੇਂ ਸੰਗਤਾਂ ਨੇ ਰਲ ਕੇ ਗੁਰਬਾਣੀ ਸਿਮਰਨ ਜਾਪ ਵੀ ਕੀਤਾ। ਨਵੇਂ ਸਾਲ ਦੀ ਆਮਦ 'ਤੇ ਹਮੇਸ਼ਾ ਵਾਂਗ ਸੰਗਤਾਂ ਨੂੰ ਧੰਨ-ਧੰਨ ਸ੍ਰੀ ਗੁਰੂ ਸਾਹਿਬ ਦੇ ਲੜ ਲਗਣ ਲਈ ਪ੍ਰੇਰਿਆਂ ਗਿਆ। ਗੁਰੂ ਦਾ ਲੰਗਰ ਅਤੁੱਟ ਵਰਤਿਆ। ਅੰਤ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਇਹ ਨਵੇਂ ਵਰੇ ਦਾ ਪਹਿਲਾ ਸਮਾਗਮ ਸਰਬੱਤ ਦੇ ਭਲੇ ਅਤੇ ਸਮੁੱਚੀ ਦੁਨੀਆ ਅੰਤ ਸ਼ਾਂਤੀ ਦੀ ਅਰਦਾਸ ਨਾਲ ਯਾਦਗਾਰੀ ਹੋ ਨਿਬੜਿਆ।

# ਹੁਣ ਪੂਰੀ ਤਰ੍ਹਾਂ ਰੁਕੇਗੀ ਡ੍ਰੋਨ ਨਾਲ ਹਥਿਆਰਾਂ ਤੇ ਨਸ਼ਿਆਂ ਦੀ ਸਮਗਲਿੰਗ

**ਨਵੀਂ ਦਿੱਲੀ–** ਪਾਕਿਸਤਾਨ ਨਾਲ ਲੱਗਦੀ ਸਰਹੱਦ ਤੇ ਖ਼ਾਸ ਕਰਕੇ ਪੰਜਾਬ ਤੇ ਜੰਮੂ-ਕਸ਼ਮੀਰ 'ਚ ਡ੍ਰੋਨ ਰਾਹੀਂ ਹਥਿਆਰਾਂ ਤੇ ਨਸ਼ਿਆਂ ਦੀ ਤਸਕਰੀ ਦੀ ਸਮੱਸਿਆ ਤੋਂ ਅਗਲੇ ਛੇ ਮਹੀਨਿਆਂ 'ਚ ਪੂਰੀ ਤਰ੍ਹਾਂ ਨਿਜਾਤ ਮਿਲ ਜਾਵੇਗੀ। ਭਾਰਤ ਨੇ ਇਕੱਠੀਆਂ ਤਿੰਨ ਐਂਟੀ ਡ੍ਰੋਨ ਤਕਨੀਕਾਂ ਵਿਕਸਤ ਕਰ ਲਈਆਂ ਹਨ, ਜਿਨ੍ਹਾਂ ਦਾ ਟ੍ਰਾਇਲ ਆਖ਼ਰੀ ਪੜਾਅ 'ਚ ਹੈ। ਪੂਰੀ ਤਰ੍ਹਾਂ ਨਾਲ ਸਵਦੇਸ਼ੀ ਇਹ ਤਕਨੀਕ ਕਿਸੇ ਵੀ ਤਰ੍ਹਾਂ ਡ੍ਰੋਨ ਨੂੰ ਰੋਕਣ 'ਚ ਸਮਰੱਥ ਹੈ। ਇਨ੍ਹਾਂ ਤਿੰਨੋਂ ਐਂਟੀ ਡ੍ਰੋਨ ਤਕਨੀਕਾਂ ਨੂੰ ਇਕੱਠਾ ਕਰ ਕੇ ਜਾਂ ਫਿਰ ਵੱਖ-ਵੱਖ ਪਾਕਿਸਤਾਨ ਨਾਲ ਲੱਗਦੀ ਪੂਰੀ ਸਰਹੱਦ 'ਤੇ ਤਾਇਨਾਤ ਕੀਤਾ ਜਾਵੇਗਾ।

ਸੁਰੱਖਿਆ ਏਜੰਸੀ ਨਾਲ ਜੁੜੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਸਮੁੰਦਰੀ ਤੇ ਸੜਕ ਰਸਤੇ ਨਸ਼ਿਆਂ ਤੇ ਹਥਿਆਰਾਂ ਦੀ ਤਸਕਰੀ 'ਤੇ ਪੂਰੀ ਤਰ੍ਹਾਂ ਰੋਕ ਲੱਗਣ ਤੋਂ ਬਾਅਦ ਪਾਕਿਸਤਾਨ ਤੋਂ ਡ੍ਰੋਨ ਜ਼ਰੀਏ ਵੱਡੀ ਮਾਤਰਾ 'ਚ ਇਨ੍ਹਾਂ ਦੀ ਤਸਕਰੀ ਸ਼ੁਰੂ ਕਰ ਦਿੱਤੀ ਗਈ ਸੀ।

ਡ੍ਰੋਨ ਸਹਾਰੇ ਤਸਕਰੀ ਦੀ ਸਮੱਸਿਆ ਨੂੰ ਇਸ ਗੱਲ ਨਾਲ ਸਮਝਿਆ ਜਾ ਸਕਦਾ ਹੈ ਕਿ ਇਕੱਲੇ ਇਸ ਸਾਲ ਪੰਜਾਬ 'ਚ ਪਾਕਿਸਤਾਨ ਨਾਲ ਲੱਗਦੀ ਸਰਹੱਦ 'ਤੇ ਬੀਐੱਸਐੱਫ ਤੇ ਸਥਾਨਕ ਪੁਲਿਸ ਨੇ ਤਕਰੀਬਨ 100 ਡ੍ਰੋਨ ਡੇਗ ਸੁੱਟੇ ਹਨ ਤੇ ਇਨ੍ਹਾਂ ਜ਼ਰੀਏ ਭੇਜੇ ਗਏ ਹਥਿਆਰਾਂ ਤੇ ਨਸ਼ਿਆਂ ਨੂੰ ਜ਼ਬਤ ਕੀਤਾ ਹੈ। ਵੱਡੇ ਡ੍ਰੋਨਾਂ ਦੀ ਪਛਾਣ ਤੋਂ ਬਾਅਦ ਆਈਐੱਸਆਈ ਦੀ ਹਮਾਇਤ ਪ੍ਰਾਪਤ ਅੱਤਵਾਦੀ ਤੇ ਤਸਕਰ ਛੋਟੇ ਡ੍ਰੋਨ ਸਹਾਰੇ ਤਸਕਰੀ ਨੂੰ ਅੰਜਾਮ ਦੇ ਰਹੇ ਸਨ ਪਰ ਹਾਲੇ ਤੱਕ ਇਸ ਸਮੱਸਿਆ ਦਾ ਕੋਈ ਸਥਾਈ ਹੱਲ ਨਹੀਂ ਸੀ।

ਸੁਰੱਖਿਆ ਕਾਰਨਾਂ ਕਰਕੇ ਏਜੰਸੀਆਂ ਨਵੀਂ ਤਕਨੀਕ ਤੇ ਇਨ੍ਹਾਂ ਨੂੰ ਵਿਕਸਤ ਕਰਨ ਵਾਲੀਆਂ ਸੰਸਥਾਵਾਂ ਬਾਰੇ ਜਾਣਕਾਰੀ ਨਹੀਂ ਦੇ ਰਹੀਆਂ ਪਰ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਟ੍ਰਾਇਲ 'ਚ ਤਿੰਨੋਂ ਹੀ ਤਕਨੀਕਾਂ ਪੂਰੀ ਤਰ੍ਹਾਂ ਅਸਰਦਾਰ ਸਾਬਤ ਹੋ ਰਹੀਆਂ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਇਹ ਤਕਨੀਕ ਪੂਰੀ ਤਰ੍ਹਾਂ ਸਵਦੇਸ਼ੀ ਹਨ। ਉਨ੍ਹਾਂ ਦਾਅਵਾ ਕੀਤਾ ਕਿ ਅਗਲੇ ਛੇ ਮਹੀਨਿਆਂ 'ਚ ਇਨ੍ਹਾਂ ਨੂੰ ਸਰਹੱਦ 'ਤੇ ਤਾਇਨਾਤ ਕਰ ਦਿੱਤਾ ਜਾਵੇਗਾ। ਬਾਅਦ 'ਚ ਜ਼ਰੂਰਤ ਮੁਤਾਬਕ ਇਨ੍ਹਾਂ ਤਕਨੀਕਾਂ 'ਚ ਸੁਧਾਰ ਕਰ ਕੇ ਇਨ੍ਹਾਂ ਨੂੰ ਹੋਰ ਬਿਹਤਰ ਬਣਾਇਆ ਜਾ ਸਕਦਾ ਹੈ।

# ਭਾਰਤੀ ਕੁਸ਼ਤੀ ਸੰਘ ਦਾ ਸੰਕਟ ਹੋਰ ਗਹਿਰਾਉਣ ਦੀ ਸੰਭਾਵਨਾ

## ਸੰਜੇ ਸਿੰਘ ਨੇ ਮੰਤਰਾਲੇ ਵੱਲੋਂ ਮੁਅੱਤਲੀ ਦੇ ਹੁਕਮ ਮੰਨਣ ਤੋਂ ਕੀਤਾ ਇਨਕਾਰ

**ਨਵੀਂ ਦਿੱਲੀ–** ਭਾਰਤੀ ਕੁਸ਼ਤੀ ਸੰਘ (ਡਬਲਯੂਐੱਫਆਈ) 'ਤੇ ਸੰਕਟ ਦੇ ਬੱਦਲ ਹਟਣ ਦਾ ਨਾਂ ਨਹੀਂ ਲੈ ਰਹੇ। ਹੁਣ ਮੁਅੱਤਲ ਡਬਲਯੂਐੱਫਆਈ ਦੇ ਪ੍ਰਧਾਨ ਸੰਜੇ ਸਿੰਘ ਨੇ ਕਿਹਾ ਹੈ ਕਿ ਉਹ ਐਡਹਾਕ ਕਮੇਟੀ ਜਾਂ ਖੇਡ ਮੰਤਰਾਲੇ ਵੱਲੋਂ ਸੰਘ 'ਤੇ ਲਾਈ ਮੁਅੱਤਲੀ ਨੂੰ ਨਹੀਂ ਮੰਨਦੇ। ਉਹ ਛੇਤੀ ਹੀ ਰਾਸ਼ਟਰੀ ਚੈਂਪੀਅਨਸ਼ਿਪ ਕਰਵਾਉਣਗੇ। ਖੇਡ ਮੰਤਰਾਲੇ ਨੇ ਚੋਣਾਂ ਤੋਂ ਤਿੰਨ ਦਿਨ ਬਾਅਦ ਹੀ ਡਬਲਯੂਐੱਫਆਈ ਨੂੰ ਮੁਅੱਤਲ ਕਰ ਦਿੱਤਾ ਸੀ। ਹਾਲੀਆ ਆਈਓਏ ਨੇ ਭੁਪਿੰਦਰ ਸਿੰਘ ਬਾਜਵਾ ਦੀ ਅਗਵਾਈ 'ਚ ਡਬਲਯੂਐੱਫਆਈ ਦਾ ਕੰਮਕਾਜ ਦੇਖਣ ਲਈ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਸੀ। ਇਸ ਤੋਂ ਬਾਅਦ ਐਡਹਾਕ ਕਮੇਟੀ ਨੇ ਜੈਪੁਰ 'ਚ ਦੋ ਤੋਂ ਪੰਜ ਫਰਵਰੀ ਤੱਕ ਸੀਨੀਅਰ ਰਾਸ਼ਟਰੀ ਚੈਂਪੀਅਨਸ਼ਿਪ ਕਰਾਉਣ ਦਾ ਐਲਾਨ ਕੀਤਾ ਸੀ। ਸੰਜੇ ਸਿੰਘ ਨੇ ਸੋਮਵਾਰ ਨੂੰ ਕਿਹਾ ਕਿ ਸਾਡੀ ਚੋਣ ਲੋਕਤੰਤਰੀ ਤਰੀਕੇ ਨਾਲ ਹੋਈ ਹੈ। ਚੋਣ ਅਧਿਕਾਰੀ ਨੇ ਕਾਗ਼ਜ਼ਾਂ 'ਤੇ ਦਸਤਖਤ ਕੀਤੇ, ਜਿਸ ਨੂੰ ਕਿਵੇਂ ਅਣਦੇਖਿਆ ਕੀਤਾ ਜਾ ਸਕਦਾ ਹੈ। ਅਸੀਂ ਇਸ ਐਡਹਾਕ ਕਮੇਟੀ ਨੂੰ ਨਹੀਂ ਮੰਨਦੇ। ਇਹ ਪੁੱਛਣ 'ਤੇ ਕਿ ਰਾਸ਼ਟਰੀ ਚੈਂਪੀਅਨਸ਼ਿਪ ਕਿਵੇਂ ਹੋਵੇਗੀ, ਉਨ੍ਹਾਂ ਕਿਹਾ ਕਿ ਅਸੀਂ ਇਸ ਮੁਅੱਤਲੀ ਨੂੰ ਨਹੀਂ ਮੰਨਦੇ। ਡਬਲਯੂ ਐੱਫ ਆਈ ਚੰਗੇ ਤਰੀਕੇ ਨਾਲ ਕੰਮ ਕਰ ਰਹੀ ਹੈ। ਐਡਹਾਕ ਕਮੇਟੀ ਰਾਸ਼ਟਰੀ ਚੈਂਪੀਅਨਸ਼ਿਪ ਕਿਵੇਂ ਕਰੇਗੀ ਜੇ ਸਾਡੇ ਸੂਬਾਈ ਸੰਘ ਟੀਮਾਂ ਹੀ ਨਹੀਂ ਭੇਜਣਗੇ। ਅਸੀਂ ਛੇਤੀ ਹੀ ਆਪਣੀ ਰਾਸ਼ਟਰੀ ਚੈਂਪੀਅਨਸ਼ਿਪ ਕਰਾਵਾਂਗੇ ਤੇ ਅਸੀਂ ਛੇਤੀ ਹੀ ਕਾਰਜਕਾਰੀ ਕਮੇਟੀ ਦੀ ਬੈਠਕ ਬੁਲਾਵਾਂਗੇ। ਇਸ ਦਾ ਨੋਟਿਸ ਇਸ ਜਾਂ ਦੋ ਦਿਨਾਂ 'ਚ ਭੇਜ ਦਿੱਤਾ ਜਾਵੇਗਾ।


KB USED
AUTO SALES

8655 B Monterey Street Gilroy, CA 95020
Kashmiri Bhatia,
Dealer/Broker
408-848-2365
50% OFF WARRANTY
with Qualifying Car Purchase
IN HOUSE
FINANCING AVALIABLE
www. kbusedautosales.com
ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ

Kashmiri Bhatia & his wife
K&K AUTO REPAIR
and Car Wash
63 Muckelemi St
San Juan Bautista 95045
Kashmiri Bhatia (Owner)
831-623-4702
20% OFF LABOUR
on your next qualifying service
Car Care You Can Trust

# ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਦਾ ਕਵੀ ਦਰਬਾਰ-ਪੰਜਾਬੀ ਲਿਖਾਰੀ ਸਭਾ(ਰਜਿ.) ਸਿਆਟਲ ਵੱਲੋਂ





**ਸਿਆਟਲ–** ਦੁਸ਼ਟ-ਦਮਨ, ਸਰਬੰਸ ਦਾਨੀ, ਸਾਹਿਬੇ-ਕਲਾਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਨ ਲਈ, ਆਪਣੇ ਜ਼ਜਬਾਤਾਂ-ਭਾਵਨਾਵਾਂ ਨੂੰ ਸ਼ਬਦਾਂ ਦਾ ਜਾਮਾ ਪਹਿਨਾ ਕੇ, ਪੰਜਾਬੀ ਲਿਖਾਰੀ ਸਭਾ(ਰਜਿ.) ਸਿਆਟਲ ਦੇ ਸਾਹਿਤਕਾਰਾਂ ਨੇ ਸੱਚਾ ਮਾਰਗ ਗੁਰਦੁਆਰਾ, ਆਬਰਨ (ਸਿਆਟਲ, ਵਾਸ਼ਿੰਗਟਨ) ਦੀ ਪ੍ਰਬੰਧਕੀ ਕਮੇਟੀ ਦੇ ਸਹਿਯੋਗ ਨਾਲ ਗੁਰਦਵਾਰਾ ਵਿਖੇ ਕਵੀ ਦਰਬਾਰ ਕਰਵਾਇਆ। ਇਸ ਵਿੱਚ ਸ਼ਾਮਿਲ ਕਵੀਆਂ ਅਤੇ ਖ਼ਾਸ ਕਰਕੇ ਬੱਚਿਆਂ ਦੇ ਸਮੂਹ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ, ਕਾਵਿ ਦੀਆਂ ਵੱਖ ਵੱਖ ਵੰਨਗੀਆਂ ਸਾਧ-ਸੰਗਤ ਦੇ ਰੂ-ਬ-ਰੂ ਕੀਤੀਆਂ। ਕਵੀ ਦਰਬਾਰ ਦੇ ਸ਼ੁਰੂ ਵਿੱਚ ਸਭਾ ਦੇ ਪ੍ਰਧਾਨ ਬਲਿਹਾਰ ਸਿੰਘ ਲੇਹਲ ਨੇ ਵਾਹਿਗੁਰੂ ਨੂੰ ਯਾਦ ਕਰਦਿਆਂ ਆਈਆਂ ਸੰਗਤਾਂ ਅਤੇ ਕਵੀ ਕਵਿਤਰੀਆਂ ਨੂੰ 'ਜੀ ਆਇਆਂ' ਕਿਹਾ। ਸਭਾ ਦੇ ਅਹੁਦੇਦਾਰਾਂ ਮੈਂਬਰਾਂ ਅਤੇ ਮਹਿਮਾਨਾਂ- ਹਰਦਿਆਲ ਸਿੰਘ ਚੀਮਾ, ਅਵਤਾਰ ਸਿੰਘ ਆਦਮਪੁਰੀ, ਰਤਨ ਸਿੰਘ, ਬਲਬੀਰ ਸਿੰਘ ਲਹਿਰਾ, ਦਵਿੰਦਰ ਸਿੰਘ ਹੀਰਾ, ਸਿਮਰਨ ਸਿੰਘ, ਭਾਈ ਦਵਿੰਦਰਪਾਲ ਸਿੰਘ, ਸੁਰਜੀਤ ਸਿੰਘ ਬੈਂਸ, ਬਲਵੰਤ ਸਿੰਘ ਸੋਹਲ, ਪ੍ਰਿਤਪਾਲ ਸਿੰਘ ਟਿਵਾਣਾ, ਬਲਿਹਾਰ ਸਿੰਘ ਲੇਹਲ ਜਸਵੀਰ ਸਿੰਘ ਸਹੋਤਾ, ਇੰਦਰਬੀਰ ਸਿੰਘ, ਲਾਲੀ ਸੰਧੂ, ਸ਼ਸ਼ੀ ਪ੍ਰਾਸ਼ਰ, ਸੁਰਜੀਤ ਸਿੰਘ ਸਿੱਧੂ, ਰਣਜੀਤ ਸਿੰਘ ਮੱਲ੍ਹੀ, ਭਾਈ ਮਨਿੰਦਰ ਸਿੰਘ, ਭਾਈ ਕੁਲਵਿੰਦਰ ਸਿੰਘ, ਭਾਈ ਸੁਖਦੇਵ ਸਿੰਘ ਹਜ਼ੂਰੀ ਰਾਗੀ ਦਰਬਾਰ ਸਾਹਿਬ ਸ਼੍ਰੀ ਅੰਮ੍ਰਿਤਸਰ, ਡਾ।ਜਸਬੀਰ ਕੌਰ,ਬੀਬੀ ਦਲਜੀਤ ਕੌਰ ਚੀਮਾ ਸਮੇਤ ਬੱਚਿਆਂ ਕਾਕਾ ਭਗੀਰਥ ਸਿੰਘ, ਬੱਚੀ ਸਦਾ ਕੌਰ, ਕਾਕਾ ਮਨਰਾਜ ਸਿੰਘ,ਕਾਕਾ ਹਰਸ਼ਾਂਨ ਸਿੰਘ, ਬੱਚੀ ਲਵਲੀਨ ਕੌਰ, ਕਾਕਾ ਪ੍ਰਭਜੋਤ ਸਿੰਘ, ਬੱਚੀ ਤ੍ਰਿਮਨ ਕੌਰ, ਨੇ ਆਪਣੇ ਆਪਣੇ ਗੀਤਾਂ, ਕਵਿਤਾਵਾਂ ਅਤੇ ਗੁਰੂ ਸਾਹਿਬਾਨਾਂ ਦੇ ਸਿਰਜੇ ਸ਼ਬਦਾਂ ਨੂੰ, ਆਪਣੀ ਸੁਰੀਲੀ ਆਵਾਜ਼ ਸੰਗ ਗਾਉਂਦਿਆਂ ਮਾਹੌਲ ਨੂੰ ਅਲੌਕਿਕ ਰੰਗ ਬਖਸ਼ਿਆ।ਜਿੱਥੇ ਕਈ ਕਵੀ ਕਵਿੱਤਰੀਆਂ ਨੇ ਜਜ਼ਬਾਤੀ ਸ਼ਬਦਾਂ ਵਿੱਚ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੀ ਕੁਰਬਾਨੀ ਨੂੰ ਚਿੱਤਰਿਆ ਉਥੇ ਕੁੱਝ ਕੁ ਨੇ ਬੜੇ ਜ਼ੋਸ਼ੀਲੇ ਸ਼ਬਦਾਂ 'ਚ ਸ਼ਹਾਦਤ ਪੇਸ਼ ਕਰਦਿਆਂ ਸੰਗਤ ਵਿੱਚ ਜ਼ੋਸ਼ ਭਰਿਆ।

ਜੁੱਗਾਂ ਜੁੱਗਾਂ ਤੋਂ ਅਟੱਲ ਪਾਵਨ ਪਵਿੱਤਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਜੁੜੀ ਸਾਧ ਸੰਗਤ ਨੇ ਕਵੀ ਦਰਬਾਰ ਦਾ ਆਨੰਦ ਤਾਂ ਮਾਨਿਆ ਹੀ, ਨਾਲ ਦੀ ਨਾਲ ਮਾਨਵ ਇਤਿਹਾਸ ਵਿੱਚ ਖਾਲਸਾ ਪੰਥ ਜਿਹੀ ਲੋਕ-ਸੇਵਕ ਸੰਸਥਾ ਨੂੰ ਕਾਇਮ ਕਰਕੇ ਗਊ ਗਰੀਬ ਨੂੰ ਅੱਤਿਆਚਾਰਾਂ ਤੋਂ ਬਚਾਉਣ ਲਈ ਅਤੇ ਊਚ-ਨੀਚ ਨੂੰ ਖਤਮ ਕਰਕੇ ਬਰਾਬਰਤਾ ਦਾ ਅਧਿਕਾਰ ਦਿਵਾਉਣ ਵਾਲੇ ਦਸਮ-ਗੁਰੂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਉਹਨਾਂ ਦੇ ਪਰਿਵਾਰ ਦਾ ਇਤਿਹਾਸ ਵਿਦਵਾਨਾਂ ਦੀ ਰਸਨਾ ਤੋਂ ਸਰਵਣ ਕੀਤਾ।ਸਭਾ ਦੇ ਜਨਰਲ ਸਕੱਤਰ ਪ੍ਰਿਤਪਾਲ ਸਿੰਘ ਟਿਵਾਣਾ ਨੇ ਸਟੇਜ ਸੰਚਾਲਨ ਕਰਦਿਆਂ ਪ੍ਰੋਗਰਾਮ ਦੀ ਸੰਜੀਦਗੀ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਰਨਣ ਅਟੱਲ ਸਚਾਈਆਂ ਦੀਆਂ ਤੁਕਾਂ ਦੇ ਗੁਣਗਾਣ ਨਾਲ ਕਾਇਮ ਰੱਖਿਆ।

ਬਲਿਹਾਰ ਸਿੰਘ ਲ੍ਹੇਲ ਪ੍ਰਧਾਨ +1 206 244 4663
ਪ੍ਰਿਤਪਾਲ ਸਿੰਘ ਟਿਵਾਣਾ ਸਕੱਤਰ+1 206 765 9069
ਮੰਗਤ ਕੁਲਜਿੰਦ ਪ੍ਰੈ. ਸਕੱਤਰ +1 425 286 0163
ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ.)

# ਨਵੀਂ ਦੁਨੀਆ ਸਿਰਜ ਰਹੇ ਨੇ ਭਾਰਤ ਦੇ ਨੌਜਵਾਨ, ਨਵੀਆਂ ਕਾਢਾਂ 50 ਹਜ਼ਾਰ ਤੱਕ ਪਹੁੰਚੀਆਂ

**ਤਿਰੂਚਿਰਾਪੱਲੀ–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਕਿਹਾ ਕਿ ਭਾਰਤੀ ਨੌਜਵਾਨ ਇੱਕ ਨਵੀਂ ਦੁਨੀਆ ਸਿਰਜ ਰਹੇ ਹਨ ਅਤੇ ਸਾਡੀਆਂ ਨਵੀਆਂ ਕਾਢਾਂ ਨੇ ਪੇਟੈਂਟਾਂ ਦੀ ਗਿਣਤੀ ਵਧਾ ਕੇ ਹੁਣ ਤਕਰੀਬਨ 50 ਹਜ਼ਾਰ ਕਰ ਦਿੱਤੀ ਹੈ ਜੋ 2014 'ਚ ਤਕਰੀਬਨ ਚਾਰ ਹਜ਼ਾਰ ਸੀ। ਤਾਮਿਲ ਨਾਡੂ ਸਰਕਾਰ ਵੱਲੋਂ ਚਲਾਈ ਜਾ ਰਹੀ ਭਾਰਤੀਦਾਸਨ ਯੂਨੀਵਰਸਿਟੀ ਦੇ ਕਾਨਵੋਕੇਸ਼ਨ ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਕਵੀ ਭਾਰਤੀਦਾਸਨ ਦੇ ਛੰਦਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਨ੍ਹਾਂ ਦਾ ਮਤਲਬ ਹੌਸਲੇ ਵਾਲੀ ਤੇ ਨਵੀਂ ਦੁਨੀਆ ਬਣਾਉਣਾ ਹੈ ਜੋ ਯੂਨੀਵਰਸਿਟੀ ਦਾ ਆਦਰਸ਼ ਵਾਕ ਵੀ ਹੈ। ਉਨ੍ਹਾਂ ਕਿਹਾ ਕਿ ਭਾਰਤੀ ਨੌਜਵਾਨ ਪਹਿਲਾਂ ਤੋਂ ਹੀ ਅਜਿਹੀ ਦੁਨੀਆ ਬਣਾ ਰਹੇ ਹਨ। ਇਸ ਯੂਨੀਵਰਸਿਟੀ ਦਾ ਨਾਂ ਭਾਰਤੀਦਾਸਨ ਦੇ ਹੀ ਨਾਂ 'ਤੇ ਰੱਖਿਆ ਗਿਆ ਹੈ।

ਉਨ੍ਹਾਂ ਕਿਹਾ ਕਿ ਭਾਰਤੀ ਵਿਗਿਆਨੀ ਚੰਦਰਯਾਨ ਜਿਹੀਆਂ ਮੁਹਿੰਮਾਂ ਰਾਹੀਂ ਦੁਨੀਆ ਦੇ ਨਕਸ਼ੇ 'ਤੇ ਪਹੁੰਚ ਚੁੱਕੇ ਹਨ ਅਤੇ ਸਾਡੀਆਂ ਨਵੀਆਂ ਕਾਢਾਂ ਨੇ ਪੇਟੈਂਟ ਦੀ ਗਿਣਤੀ 2014 'ਚ ਤਕਰੀਬਨ 4000 ਤੋਂ ਵਧਾ ਕੇ ਹੁਣ ਤਕਰੀਬਨ 50 ਹਜ਼ਾਰ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਭਾਰਤੀ ਵਿਦਵਾਨ ਦੁਨੀਆ ਸਾਹਮਣੇ ਭਾਰਤ ਦੀ ਕਹਾਣੀ ਇਸ ਤਰ੍ਹਾਂ ਪੇਸ਼ ਕਰ ਰਹੇ ਹਨ ਜਿਹਾ ਕਿ ਪਹਿਲਾਂ ਕਦੇ ਨਹੀਂ ਹੋਇਆ।


Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call :
Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

ਦੇਸ਼ ਦੁਆਬਾ

# ਨਵਾਂ ਸਾਲ ਮੁਬਾਰਕ

ਮੈਂ ਤਕਰੀਬਨ ਪਿਛਲੇ ਸੱਤ-ਅੱਠ ਸਾਲਾਂ ਤੋਂ 'ਅਦਾਰਾ ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਦੀਆਂ ਇਨ੍ਹਾਂ ਦੋਹਾਂ ਅਖ਼ਬਾਰਾਂ ਦਾ ਪਾਠਕ ਤੇ ਲਿਖਾਰੀ ਹਾਂ ਕਿਉਂਕਿ ਮੈਂ ਇਨ੍ਹਾਂ ਅਖ਼ਬਾਰਾਂ ਰਾਹੀਂ ਤੇ ਕੁਝ ਦੂਸਰੀਆਂ ਅਖ਼ਬਾਰਾਂ 'ਚ ਆਪਣੇ ਲੇਖ ਲਿਖ ਕੇ ਆਪਣੇ ਪਾਠਕਾਂ ਦੀ ਆਪਣੀ ਸਮਰੱਥਾ ਰਾਹੀਂ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰ ਰਿਹਾ ਹਾਂ। ਇਨ੍ਹਾਂ ਦੋਹਾਂ ਉਕਤ ਅਖ਼ਬਾਰਾਂ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਹਨ, ਜਿਹੜੇ ਕਿ ਕਿਸੇ ਸਮੇਂ ਮੇਰੇ ਪੰਜ, ਛੇ ਸਾਲ ਲਗਾਤਾਰ ਸਿਖਿਆਰਥੀ ਰਹੇ ਹਨ। ਇਹ ਉਸ ਸਮੇਂ ਵੀ ਤੇ ਅੱਜ ਵੀ ਟਿਕ ਕੇ ਬੈਠਣ ਵਾਲਾ ਇਨਸਾਨ ਨਹੀਂ ਹੈ। ਇਹ ਕਿਸੇ ਨਾ ਕਿਸੇ ਕੰਮ ਨੂੰ ਕਰਦਾ ਹੀ ਰਹਿੰਦਾ ਸੀ। ਇਸ ਦੇ ਮਨ 'ਚ ਅਜਿਹੀ ਇੱਛਾ ਸ਼ਕਤੀ ਸੀ ਕਿ ਉਹ ਕਿਸੇ ਅਜਿਹੇ ਕੰਮ ਨੂੰ ਹੱਥ ਪਾਵੇ, ਜਿਸ ਨਾਲ ਭਾਰਤ ਦੇ ਸਮੁੱਚੇ ਸਮਾਜ ਦੀ ਅਜਿਹੀ ਸੇਵਾ ਕੀਤੀ ਜਾਵੇ, ਜਿਸ ਨਾਲ ਸਮਾਜਵਾਦੀ ਮਾਨਵਵਾਰ ਉਸਰ ਸਕੇ। ਸੋ, ਉਹ ਸਭ ਕੁਝ ਇੱਥੇ ਅਮਰੀਕਾ 'ਚ ਆ ਕੇ ਕਰ ਦਿਖਾਇਆ। ਇਸ ਕੰਮ ਲਈ ਉਸ ਨੇ ਅਖ਼ਬਾਰ ਦੀ ਸੰਪਾਦਨ ਸ਼ੁਰੂ ਕੀਤੀ ਤੇ ਅੱਜ ਉਹ ਉਕਤ ਦੋ ਅਖ਼ਬਾਰਾਂ ਦਾ ਮੁੱਖ ਸੰਪਾਦਕ ਹੈ। ਸਿਰਫ਼ ਅਖ਼ਬਾਰਾਂ ਹੀ ਇਕ ਅਜਿਹਾ ਮਾਧਿਅਮ ਹਨ ਜੋ ਤੁਹਾਡੀ ਵਿਚਾਰਧਾਰਾ ਨੂੰ ਆਮ ਲੋਕਾਂ ਤੱਕ ਪਹੁੰਚਾ ਸਕਦਾ ਹੈ। ਇਹ ਪੰਜਾਬੀ ਦਾ ਅਖਾਣ 'ਹੋਣ ਹਾਰ ਵਿਰਵਾ ਕੇ ਚਿਕਨੇ-ਚਿਕਨੇ ਪਾਤ' ਇਸ ਦੇ ਜੋ ਅਰਥ ਹਨ ਉਹ ਇਨ੍ਹਾਂ ਅਖ਼ਬਾਰਾਂ ਦੇ ਮੁੱਖ ਸੰਪਾਦਕ 'ਤੇ ਬਿਲਕੁਲ ਢੁੱਕਦੇ ਹਨ।

ਇਹ ਆਪਣੀਆਂ ਅਖ਼ਬਾਰਾਂ ਰਾਹੀਂ ਜਿੱਥੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਸੇਵਾ ਕਰਨ ਦੇ ਨਾਲ ਨਾਲ ਉਥੇ ਸਮਾਜਵਾਦੀ ਮਾਨਵਵਾਦ (ਸਮਾਜ 'ਚ ਮਾਨਵ ਬਰਾਬਰੀ) ਦੀ ਆਵਾਜ਼ ਵੀ ਬੁਲੰਦ ਕਰਦਾ ਹੈ। ਕਿਸੇ ਸਮੇਂ ਪੰਜਾਬ ਤੇ ਸਮੁੱਚੇ ਭਾਰਤੀ ਸਮਾਜ 'ਚ ਸਿੱਖ ਗੁਰੂ ਸਾਹਿਬਾਨ ਤੇ ਭਗਤੀ ਲਹਿਰ ਦੇ ਮਹਾਂਪੁਰਸ਼ਾਂ ਨੇ 'ਸਮਾਜਵਾਦੀ ਮਾਨਵਵਾਦ' ਦੇ ਨਾਅਰੇ ਨੂੰ ਆਪਣੀ ਪੁਰਜ਼ੋਰ ਆਵਾਜ਼ ਨਾਲ ਬੁਲੰਦ ਕੀਤਾ ਸੀ ਤੇ ਜਿਸ ਨਾਲ ਭਾਰਤੀ ਸਮਾਜ 'ਚ ਇਕ ਨਵੇਂ ਮਾਨਵਵਾਦੀ ਸਮਾਜ ਭਾਵ ਸਿੱਖ ਸਮਾਜ ਦੀ ਸਿਰਜਣਾ ਹੋਈ ਸੀ।


ਇਸ ਅਦਾਰੇ ਦੀਆਂ ਅਖ਼ਬਾਰਾਂ ਜੋਤਸ਼ੀਆਂ, ਪਾਖੰਡੀ ਬਾਬਿਆਂ ਤੇ ਕਰਾਮਾਤਾਂ ਦਾ ਢੌਂਗ ਕਰਨ ਵਾਲੇ ਸਮਾਜ ਵਿਰੋਧੀ ਅਨਸਰਾਂ ਦੀ ਇਸ਼ਤਿਹਾਰਬਾਜ਼ੀ ਵੀ ਨਹੀਂ ਕਰਦਾ ਸਗੋਂ ਵਿਗਿਆਨਕ ਸੋਚ ਦੇ ਧਾਰਨੀ ਬਣਨ ਲਈ ਪ੍ਰੇਰਿਤ ਕਰਦਾ ਹੈ ਜੋ ਕਿ ਇਕ ਪ੍ਰਗਤੀਵਾਦੀ ਸੋਚ ਹੈ। ਜਿਸ ਤੋਂ ਬਿਨਾਂ ਮਾਨਵਵਾਦੀ ਸਮਾਜ ਨਹੀਂ ਸਿਰਜਿਆ ਜਾ ਸਕਦਾ। ਇਹੀ ਵਿਚਾਰਧਾਰਾ ਇਸ ਅਦਾਰੇ ਦੀਆਂ ਅਖ਼ਬਾਰਾਂ ਦੀ ਚੜ੍ਹਦੀਕਲਾ ਦਾ ਪ੍ਰਤੀਕ ਹੈ। ਨਵੇਂ ਸਾਲ ਦੀ ਆਮਦ 'ਤੇ ਮੈਂ ਇਸ ਅਦਾਰੇ ਨੂੰ ਆਪਣੀਆਂ ਸ਼ੁਭ-ਇੱਛਾਵਾਂ ਦਿੰਦਾ ਹਾਂ ਤੇ ਇਸ ਦੇ ਨਾਲ ਹੀ ਮੈਂ ਆਪਣੇ ਪਿਆਰੇ ਤੇ ਬਹੁਤ ਹੀ ਸਤਿਕਾਰਯੋਗ ਪਾਠਕਾਂ ਨੂੰ ਵੀ ਨਵਾਂ ਸਾਲ ਮੁਬਾਰਕ ਦਿੰਦਾ ਹਾਂ। ਸਭ ਦਾ ਨਵਾਂ ਸਾਲ ਖੁਸ਼ੀਆਂ ਤੇ ਖੇੜਿਆਂ 'ਚ ਗੁਜ਼ਾਰੇ ਤੇ ਸਮੁੱਚਾ ਮਾਨਵੀ ਸਮਾਜ ਪੂਰੀ ਚੜ੍ਹਦੀ ਕਲਾ 'ਚ ਰਹੇ।

ਧੰਨਵਾਦ ਸਹਿਤ ਆਪ ਦਾ

**-ਪ੍ਰੋ. ਐਚ. ਐਲ. ਕਪੂਰ**

*(ਦੇਸ ਦੁਆਬਾ ਦੀ ਨਵੇਂ ਸਾਲ 'ਤੇ ਛਪੀ ਇਕ ਸੰਪਾਦਕੀ)*

# ਬਾਬੂ ਮੰਗੂ ਰਾਮ ਮੁੱਗੋਵਾਲੀਆ



ਆਦਿ ਧਰਮ ਦੇ ਬਾਨੀ, ਗਦਰੀ ਯੋਧੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਦਾ ਜਨਮ 14 ਜਨਵਰੀ 1986 ਨੂੰ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਗੜ੍ਹਸ਼ੰਕਰ ਦੇ ਪਿੰਡ ਮੁੱਗੋਵਾਲ ਵਿਖੇ ਹੋਇਆ। ਵਰਣ-ਵੰਡ ਦੀ ਵਿਵਸਥਾ, ਜਾਤ-ਪਾਤ ਅਤੇ ਛੂਆ-ਛਾਤ ਦੇ ਵਿਤਕਰੇ ਅਧੀਨ ਉਹ ਉਚੇਰੀ ਵਿਦਿਆ ਪ੍ਰਾਪਤ ਨਾ ਕਰ ਸਕੇ।

ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਪੱਖਪਾਤੀ ਰਵੱਈਏ ਦਾ ਸ਼ਿਕਾਰ ਹੋ ਕੇ ਹੁਸ਼ਿਆਰ ਵਿਦਿਆਰਥੀ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਹਾਈ ਸਕੂਲ ਦੀ ਪੜ੍ਹਾਈ ਅਧਵਾਟੇ ਹੀ ਛੱਡਣੀ ਪਈ।

1909 ਵਿਚ ਖੁਸ਼ਹਾਲ ਜੀਵਨ ਦੀਆਂ ਸੱਧਰਾਂ ਲੈ ਕੇ ਉਹ ਅਮਰੀਕਾ ਚਲੇ ਗਏ। 1913 ਵਿਚ ਉਹ ਸਾਨਫਰਾਂਸਿਸਕੋ ਵਿਖੇ ਭਾਰਤ ਦੀ ਆਜ਼ਾਦੀ ਲਈ ਸਥਾਪਿਤ ਗਦਰ ਪਾਰਟੀ ਵਿਚ ਸ਼ਾਮਲ ਹੋਏ ਅਤੇ ਪਾਰਟੀ ਵੱਲੋਂ ਸ਼ੁਰੂ ਕੀਤੇ ਹਫਤਾਵਾਰੀ 'ਗਦਰ' ਨਾਂ ਦੇ ਅਖ਼ਬਾਰ ਦੇ ਛਾਪੇਖ਼ਾਨੇ ਵਿਚ ਕੰਮ ਕਰਨ ਲੱਗ ਪਏ। ਪਾਰਟੀ ਵੱਲੋਂ ਲਾਈਆਂ ਜ਼ਿੰਮੇਵਾਰੀਆਂ ਨੂੰ ਨਿਭਾਉਂਦਿਆਂ 1925 ਵਿਚ ਉਹ ਵਾਪਸ ਭਾਰਤ ਪਰਤ ਆਏ। ਪੰਜਾਬ ਦੇ ਅਛੂਤਾਂ ਦੀ ਦੁਰਦਸ਼ਾ ਅਤੇ ਦਰਿਦ੍ਰਤਾ ਭਰੀ ਸਥਿਤੀ ਨੂੰ ਪਰਿਵਰਤਿਤ ਕਰਨ ਲਈ ਬਾਬੂ ਮੰਗੂ ਰਾਮ ਨੇ ਆਪਣੇ ਕੁਝ ਸੂਝਵਾਨ ਤੇ ਦੂਰਅੰਦੇਸ਼ ਸਾਥੀਆਂ ਨਾਲ ਮਿਲ ਕੇ ਅਛੂਤ ਜਾਤੀਆਂ ਨੂੰ ਇਕ ਮੰਚ ਤੇ ਲਿਆਉਣ ਲਈ 11-12 ਜੂਨ 1926 ਨੂੰ ਇਕ ਭਰਵੇਂ ਇਕੱਠ ਵਿਚ ਆਦਿ ਧਰਮ ਦੀ ਸਥਾਪਨਾ ਕੀਤੀ। ਪੰਜਾਬ ਪੱਧਰ ਦੀ ਇਸ ਸੰਸਥਾ ਦਾ ਮੁੱਖ ਕੇਂਦਰੀ ਦਫ਼ਤਰ ਜਲੰਧਰ ਵਿਖੇ ਸਥਾਪਿਤ ਕੀਤਾ ਗਿਆ। ਉਹ ਇਸ ਦੇ ਬਾਨੀ ਪ੍ਰਧਾਨ ਬਣੇ, ਉਨ੍ਹਾਂ ਦਾ ਸਪਸ਼ਟ ਮੱਤ ਸੀ ਕਿ ਅਛੂਤ ਹਿੰਦੂ ਨਹੀਂ ਹਨ, ਇਹ ਭਾਰਤ ਦੇ ਆਦਿਵਾਸੀ ਹਨ, ਇਸ ਲਈ ਹੀ ਇਹ ਆਦਿ ਧਰਮੀ ਹਨ।



**ਡਾ. ਜੀ. ਸੀ. ਕੌਲ**

ਬਾਬੂ ਮੰਗੂ ਰਾਮ ਦੀ ਅਗਵਾਈ ਹੇਠ ਆਦਿ ਧਰਮ ਨੇ ਅਛੂਤਾਂ ਲਈ ਬਾਕੀ ਧਰਮਾਂ ਵਾਂਗ ਪੰਜਾਬ ਵਿਚ ਵੱਖਰੇ ਚੋਣ ਅਧਿਕਾਰਾਂ, ਵਿਦਿਅਕ ਸਹੂਲਤਾਂ ਪ੍ਰਦਾਨ ਕਰਨ ਅਤੇ ਛੂਤ-ਛਾਤ ਨੂੰ ਦੂਰ ਕਰਨ ਲਈ ਸ਼ਕਤੀਸ਼ਾਲੀ ਅੰਦੋਲਨ ਸ਼ੁਰੂ ਕੀਤੇ। 26 ਫਰਵਰੀ 1930 ਨੂੰ ਉਨ੍ਹਾਂ ਨੇ 'ਆਦਿ ਧਰਮ' ਨੂੰ ਇਕ ਵੱਖਰੇ ਧਰਮ ਵਜੋਂ ਰਜਿਸਟਰਡ ਕਰਵਾਇਆ। ਸਿੱਟੇ ਵਜੋਂ 1931 ਦੀ ਜਨਗਣਨਾ ਵਿਚ ਪੰਜਾਬ ਦੇ 4,18,789 ਅਛੂਤਾਂ ਨੇ ਆਪਣੇ ਆਪ ਨੂੰ ਆਦਿ ਧਰਮੀ ਵਜੋਂ ਦਰਜ ਕਰਵਾਇਆ।

1931 ਵਿਚ ਲੰਡਨ ਵਿਚ ਗੋਲਮੇਜ਼ ਕਾਨਫਰੰਸ ਵਿਚ ਸ੍ਰੀ ਗਾਂਧੀ ਦੇ ਮੁਕਾਬਲੇ 'ਤੇ ਡਾ. ਅੰਬੇਡਕਰ ਸਾਹਿਬ ਨੂੰ ਅਛੂਤਾਂ ਦੇ ਪ੍ਰਤੀਨਿਧ ਵਜੋਂ ਸਥਾਪਿਤ ਕਰਾਉਣ ਲਈ ਆਦਿ ਧਰਮ ਵੱਲੋਂ ਬਰਤਾਨੀਆ ਦੇ ਪ੍ਰਧਾਨ ਮੰਤਰੀ ਨੂੰ ਟੈਲੀਗ੍ਰਾਮਾਂ ਭੇਜੀਆਂ। 1937 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਕੁੱਲ 8 ਰਿਜ਼ਰਵ ਸੀਟਾਂ ਵਿਚੋਂ 7 ਸੀਟਾਂ ਜਿੱਤ ਕੇ ਆਦਿ ਧਰਮ ਨੇ ਕਾਂਗਰਸ ਨੂੰ ਕਰਾਰੀ ਹਾਰ ਦਿੱਤੀ।

1946 ਵਿਚ ਬਾਬੂ ਮੰਗੂ ਰਾਮ ਮੁਗੋਵਾਲੀਆ ਹੁਸ਼ਿਆਰਪੁਰ ਰਿਜ਼ਰਵ ਹਲਕੇ ਤੋਂ ਕਾਂਗਰਸ ਦੇ ਉਮੀਦਵਾਰ ਨੂੰ ਹਰਾ ਕੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਬਣੇ। 1952 ਦੌਰਾਨ ਹੋਈਆਂ ਚੋਣਾਂ ਵਿਚ ਉਨ੍ਹਾਂ ਨੇ ਗੜ੍ਹਸ਼ੰਕਰ ਤੋਂ ਆਜ਼ਾਦ ਉਮੀਦਵਾਰ ਵਜੋਂ ਕਾਂਗਰਸੀ ਉਮੀਦਵਾਰ ਵਿਰੁੱਧ ਚੋਣ ਲੜੀ, ਪਰ ਉਹ ਸਫਲ ਨਾ ਹੋ ਸਕੇ। 1970 ਵਿਚ ਉਨ੍ਹਾਂ ਨੇ ਆਪਣੇ ਪੁਰਾਣੇ ਤੇ ਨਵੇਂ ਸਾਥੀਆਂ ਦੇ ਸਹਿਯੋਗ ਨਾਲ 'ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ' ਨਾਂ ਹੇਠ ਪੰਜਾਬ ਦੇ ਦਲਿਤਾਂ ਨੂੰ ਮੁੜ ਸੰਗਠਿਤ ਕਰਨ ਦਾ ਉਪਰਾਲਾ ਕੀਤਾ। ਆਪਣੀ ਉਮਰ ਦੇ ਆਖਰੀ ਸਾਲ ਤੱਕ ਉਹ ਸਰਗਰਮ ਰਹੇ।

22 ਅਪ੍ਰੈਲ 1980 ਨੂੰ 94 ਸਾਲ ਦੀ ਉਮਰ ਵਿਚ ਗੜ੍ਹਸ਼ੰਕਰ ਵਿਖੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਸਦੀਵੀ ਵਿਛੋੜਾ ਦੇ ਗਏ।

# ਧਾਲੀਵਾਲ ਕਾਦੀਆਂ ਵਿਖੇ ਵਿਸ਼ਵ ਰਤਨ ਡਾ. ਭੀਮ ਰਾਓ ਅੰਬੇਡਕਰ ਲਾਇਬ੍ਰੇਰੀ ਦਾ ਉਦਘਾਟਨ ਹੋਇਆ








**ਜਲੰਧਰ (ਵਿਵੇਕ ਭਾਟੀਆ)-** ਪਿੰਡ ਧਾਲੀਵਾਲ ਕਾਦੀਆਂ ਵਿਖੇ ਸਰਵਸ਼੍ਰੀ ਸੁਰਿੰਦਰ ਕੁਮਾਰ, ਰਵੀ ਕੁਮਾਰ ਅਤੇ ਧਰਮਪਾਲ ਦੇ ਯਤਨਾਂ ਸਦਕਾ ਵਿਸ਼ਵ ਰਤਨ ਡਾ। ਭੀਮ ਰਾਓ ਅੰਬੇਡਕਰ ਲਾਇਬ੍ਰੇਰੀ ਦਾ ਉਦਘਾਟਨ ਕੀਤਾ ਗਿਆ। ਅੰਬੇਡਕਰ ਭਵਨ ਟਰੱਸਟ (ਰਜਿ.) ਜਲੰਧਰ ਦੇ ਜਨਰਲ ਸਕੱਤਰ ਡਾ. ਜੀ ਸੀ ਕੌਲ ਇਸ ਉਦਘਾਟਨ ਸਮਾਰੋਹ ਵਿਚ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਉਨ੍ਹਾਂ ਦੇ ਨਾਲ ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ, ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਯੂਨਿਟ ਦੇ ਸੂਬਾ ਪ੍ਰਧਾਨ ਜਸਵਿੰਦਰ ਵਰਿਆਣਾ ਅਤੇ ਅੰਬੇਡਕਰ ਭਵਨ ਦੇ ਕੇਅਰ ਟੇਕਰ ਨਿਰਮਲ ਬਿੰਜੀਨੇ ਸਮਾਰੋਹ ਵਿਚ ਸ਼ਿਰਕਤ ਕੀਤੀ। ਡਾ. ਕੌਲ ਨੇ ਕਿਹਾ ਕਿ ਬਾਬਾ ਸਾਹਿਬ ਡਾਕਟਰ ਅੰਬੇਡਕਰ ਦੀ ਲਾਇਬਰੇਰੀ ਏਸ਼ੀਆ ਵਿੱਚ ਸਭ ਤੋਂ ਵੱਡੀ ਲਾਇਬਰੇਰੀ ਸੀ ਜਿਸ ਵਿੱਚ ਤਕਰੀਬਨ 50 ਹਜਾਰ ਕਿਤਾਬਾਂ ਸਨ। ਡਾ: ਕੌਲ ਨੇ ਖੁਸ਼ੀ ਜਾਹਿਰ ਕਰਦਿਆਂ ਕਿਹਾ ਕਿ ਧਾਲੀਵਾਲ ਕਾਦੀਆਂ ਮੰਤਰੀਆਂ ਦਾ ਪਿੰਡ ਹੈ ਜਿੱਥੇ ਡਾ: ਭੀਮ ਰਾਓ ਅੰਬੇਡਕਰ ਦੇ ਨਾਮ ਤੇ ਅੱਜ ਲਾਇਬ੍ਰੇਰੀ ਖੋਲ੍ਹੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਲਾਇਬ੍ਰੇਰੀ ਵਿੱਚ ਹਰ ਵਿਚਾਰਧਾਰਾ ਦੀਆਂ ਪੁਸਤਕਾਂ ਰੱਖੀਆਂ ਜਾਣ ਤਾਂ ਜੋ ਪਾਠਕ ਆਪ ਹੀ ਤੁਲਨਾ ਕਰ ਸਕਣ। ਸ੍ਰੀ ਕਿਸ਼ੋਰ ਕੁਮਾਰ ਸੇਵਾ ਮੁਕਤ ਜਿਲਾ ਸੈਸ਼ਨ ਜੱਜ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਸਾਡੇ ਸਮਾਜ ਵਿੱਚ ਸਿੱਖਿਆ ਦੀ ਬਹੁਤ ਘਾਟ ਹੈ। ਉਨ੍ਹਾਂ ਨੇ ਸਮਾਜ ਦੇ ਡੇਰਿਆਂ ਦੇ ਮੁਖੀਆਂ ਨੂੰ ਬੇਨਤੀ ਕੀਤੀ ਕਿ ਨਵੇਂ ਧਾਰਮਿਕ ਸਥਲ ਖੋਲਣ ਦੀ ਬਜਾਏ ਸਿਖਿਆ ਦੇ ਪ੍ਰਸਾਰ ਵਾਲੇ ਪਾਸੇ ਸਾਨੂੰ ਪਹਿਲ ਦੇ ਅਧਾਰ ਤੇ ਧਿਆਨ ਦੇਣਾ ਚਾਹੀਦਾ ਹੈ ਅਤੇ ਵੱਧ ਤੋਂ ਵੱਧ ਸਕੂਲ ਖੋਲਣੇ ਚਾਹੀਦੇ ਹਨ। ਇਸ ਦੇ ਨਾਲ ਨਾਲ ਆਪਣੇ ਸਮਾਜ ਦੇ ਪੜ੍ਹਨ ਵਾਲੇ ਬੱਚਿਆਂ ਦੀ ਮਦਦ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਾਡੇ ਸੰਤਾਂ ਨੂੰ ਡੇਰਿਆਂ ਵਿੱਚ ਵੀ ਸਿਖਿਆ ਬਾਰੇ ਵੱਧ ਤੋਂ ਵੱਧ ਪ੍ਰਚਾਰ ਕਰਨਾ ਚਾਹੀਦਾ ਹੈ ਅਤੇ ਲੋਕਾਂ ਨੂੰ ਤੰਗੀ ਕੱਟ ਕੇ ਵੀ ਆਪਣੇ ਬੱਚਿਆਂ ਨੂੰ ਪੜ੍ਹਾਉਣ ਅਤੇ ਨਸ਼ਿਆਂ ਤੋਂ ਦੂਰ ਰਹਿਣ ਦੀ ਹਿਦਾਇਤ ਕਰਨੀ ਚਾਹੀਦੀ ਹੈ ਕਿਉਂਕਿ ਲੋਕ ਸੰਤਾਂ ਦੀ ਗੱਲ ਜਿਆਦਾ ਮੰਨਦੇ ਹਨ। ਸੰਤ ਬਾਬਾ ਨਿਰਮਲ ਸਿੰਘ ਜੀ ਅੱਵਾਦਾਨ ਨੇ ਪਿੰਡ ਦੀ ਲਾਇਬ੍ਰੇਰੀ ਕਮੇਟੀ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਲਾਇਬ੍ਰੇਰੀ ਵਿੱਚ ਵੱਧ ਤੋਂ ਵੱਧ ਕਿਤਾਬਾਂ ਰੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਂ ਜੋ ਪਾਠਕ ਵੱਧ ਤੋਂ ਵੱਧ ਗਿਆਨ ਹਾਸਲ ਕਰ ਸਕਣ। ਉਨ੍ਹਾਂ ਨੇ ਸਮਾਜ ਨੂੰ ਟੁਕੜਿਆਂ 'ਚ ਵੰਡ ਹੋਣ ਦੀ ਬਜਾਇ ਇਕੱਠੇ ਰਹਿਣਦੀ ਅਪੀਲ ਕੀਤੀ । ਸ਼੍ਰੀ ਸੁਖਦੇਵ ਅੰਗੁਰਾਲ, ਮਾਸਟਰ ਰਤਨ ਲਾਲ, ਮਾਸਟਰ ਭੂਸ਼ਨ ਕੁਮਾਰ, ਡਾਕਟਰ ਕੁਲਵਿੰਦਰ ਗਾਖਲ ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.), ਪੰਜਾਬ ਯੂਨਿਟ ਦੇ ਸੂਬਾ ਪ੍ਰਧਾਨ ਜਸਵਿੰਦਰ ਵਰਿ ਆਣਾ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਸਮੇਂ ਅੰਬੇਡਕਰ ਭਵਨ ਟਰੱਸਟ (ਰਜਿ.) ਜਲੰਧਰ ਦੇ ਜਨਰਲ ਸਕੱਤਰ ਡਾ. ਜੀ. ਸੀ. ਕੌਲ ਦੀ ਅਗਵਾਈ ਹੇਠ ਅੰਬੇਡਕਰ ਭਵਨ ਟਰੱਸਟ ਵੱਲੋਂ ਸ੍ਰੀ ਐਲ. ਆਰ. ਬਾਲੀ (ਸੰਪਾਦਕ ਭੀਮ ਪਤ੍ਰਿਕਾ) ਦੀਆਂ ਲਿਖੀਆਂ 51 ਪੁਸਤਕਾਂ ਦਾ ਸੈਟ ਵਿਸ਼ਵ ਰਤਨ ਡਾ. ਬੀ. ਆਰ. ਅੰਬੇਡਕਰ ਲਾਇਬ੍ਰੇਰੀ ਧਾਲੀਵਾਲ ਕਾਦੀਆਂ ਨੂੰ ਦਾਨ ਕੀਤਾ ਗਿਆ। ਇਹ ਜਾਣਕਾਰੀ ਬਲਦੇਵ ਰਾਜ ਭਾਰਦਵਾਜ ਜਨਰਲ ਸਕੱਤਰ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਨੇ ਜਾਰੀ ਪ੍ਰੈਸ ਬਿਆਨ ਰਾਹੀਂ ਦਿੱਤੀ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸੰਤ ਬਾਬਾ ਗੋਬਿੰਦ ਦਾਸ ਮਹਾਰਾਜ ਦਾ 130ਵਾਂ ਆਗਮਨ ਦਿਵਸ ਮਨਾਇਆ

**ਪਿਟਸਬਰਗ (ਕੈਲੇਫੋਰਨੀਆ)** ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਸ੍ਰੀ ਅਵਤਾਰ ਸਿੰਘ ਬੈਂਸ ਅਤੇ ਬੀਬੀ ਦੇਬੋ ਬੈਂਸ ਪਰਿਵਾਰ ਵੱਲੋਂ ਬ੍ਰਹਮ ਗਿਆਨੀ ਸੱਚਖੰਡ ਵਾਸੀ 108 ਸ੍ਰੀਮਾਨ ਸੰਤ ਬਾਬਾ ਗੋਬਿੰਦ ਦਾਸ ਮਹਾਰਾਜ ਜੀ ਦਾ 130ਵਾਂ ਆਗਮਨ ਦਿਵਸ ਪਰਿਵਾਰ ਅਤੇ ਸੰਗਤਾਂ ਵੱਲੋਂ ਬੜੀ ਸ਼ਰਧਾ ਅਤੇ ਧੂੰਮ ਧਾਮ ਨਾਲ ਮਨਾਇਆ ਗਿਆ ਸੀ। ਮਿਤੀ 29 ਦਸੰਬਰ 2023 ਦਿਨ ਸ਼ੁੱਕਰਵਾਰ ਨੂੰ ਸਵਰੇ 10.3 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ 31 ਦਸੰਬਰ ਦਿਨ ਐਤਵਾਰ ਸਵੇਰੇ 10 ਵਜੇ ਪਾਏ ਗਏ। ਭੋਗ ਤੋਂ ਉਪਰੰਤ ਭਾਈ ਬਲਵਿੰਦਰ ਸਿੰਘ ਜੀ ਨੇ ਕਥਾ, ਕੀਰਤਨ ਦੇ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਸੰਤ ਬਾਬਾ ਗੋਬਿੰਦ ਦਾਸ ਮਹਾਰਾਜ ਜੀ ਦੇ ਇਤਿਹਾਸ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ। ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਦੂਰੋਂ ਨੇੜਿਉਂ ਇਕੱਤਰ ਹੋਈਆਂ ਸੰਗਤਾਂ ਦਾ ਸਟੇਜ ਸਕੱਤਰ ਸ੍ਰੀ ਨਰੇਸ਼ ਕੁਮਾਰ ਨੇ ਧੰਨਵਾਦ ਕੀਤਾ।

*(ਰਿਪੋਰਟ ਨਰੇਸ਼ ਕੁਮਾਰ ਸਵੈਨ)*






















# ਸੰਤ ਬਾਬਾ ਗੋਬਿੰਦ ਦਾਸ ਮਹਾਰਾਜ ਦਾ 130ਵਾਂ ਆਗਮਨ ਦਿਵਸ ਮਨਾਇਆ





















ਤਸਵੀਰਾਂ– ਅਦਾਰਾ 'ਦੇਸ਼ ਦੁਆਬਾ'



# ਸੰਤ ਬਾਬਾ ਗੋਬਿੰਦ ਦਾਸ ਮਹਾਰਾਜ ਦਾ 130ਵਾਂ ਆਗਮਨ ਦਿਵਸ ਮਨਾਇਆ











ਤਸਵੀਰਾਂ- ਅਦਾਰ 'ਦੇਸ਼ ਦੁਆਬਾ'









# ਫਲੋਰਿਡਾ ਰਾਜ ਦੇ ਇਕ ਮਾਲ ਵਿਚ ਹੋਈ ਗੋਲੀਬਾਰੀ ਵਿੱਚ 1 ਮੌਤ ਤੇ 1 ਜ਼ਖਮੀ, ਸ਼ੱਕੀ ਦੇ ਗ੍ਰਿਫਤਾਰੀ ਵਾਰੰਟ ਜਾਰੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਫਲੋਰਿਡਾ ਰਾਜ ਵਿਚ ਓਕਾਲਾ ਮਾਲ ਦੇ ਅੰਦਰ ਇਕ ਹਮਲਾਵਰ ਵੱਲੋਂ ਕੀਤੀ ਫਾਇਰਿੰਗ ਵਿਚ ਇਕ ਵਿਅਕਤੀ ਦੇ ਮਾਰੇ ਜਾਣ




ਤੇ ਇਕ ਹੋਰ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਪੁਲਿਸ ਨੇ ਇਸ ਮਾਮਲੇ ਵਿਚ ਇਕ ਸ਼ੱਕੀ ਹਮਲਾਵਰ ਦੇ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਹਨ। ਓਕਾਲਾ ਪੁਲਿਸ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਸ਼ੱਕੀ 39 ਸਾਲਾ ਅਲਬਰਟ ਜੇ ਸ਼ੈਲ ਜੂਨੀਅਰ ਦੇ ਵਿਰੁੱਧ ਸੋਚੀ ਸਮਝੀ ਯੋਜਨਾ ਤਹਿਤ ਪਹਿਲਾ ਦਰਜਾ ਹੱਤਿਆ ਕਰਨ ਤੇ ਹੱਤਿਆ ਦੀ ਕੋਸ਼ਿਸ਼ ਕਰਨ ਦੇ ਦੋਸ਼ਾਂ ਤਹਿਤ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਹਨ। ਪੁਲਿਸ ਨੇ ਸ਼ੱਕੀ ਦੀ ਸੂਹ ਦੇਣ ਵਾਲੇ ਨੂੰ 5000 ਡਾਲਰ ਇਨਾਮ ਦੇਣ ਦਾ ਐਲਾਨ ਵੀ ਕੀਤਾ ਹੈ। ਓਕਾਲਾ ਪੁਲਿਸ ਮੁੱਖੀ ਮਾਈਕ ਬਲਕੇਨ ਨੇ ਕਿਹਾ ਕਿ ਪੁਲਿਸ ਦਾ ਵਿਸ਼ਵਾਸ਼ ਹੈ ਕਿ ਗੋਲੀਬਾਰੀ ਯੋਜਨਾਬੱਧ ਹਿੰਸਾ ਦੀ ਕਾਰਵਾਈ ਦਾ ਸਿੱਟਾ ਹੈ। ਮ੍ਰਿਤਕ ਵਿਅਕਤੀ ਦੀ ਪਛਾਣ ਡੇਵਿਡ ਨਥੀਨੀਅਲ ਬਰੋਨ (40) ਵਜੋਂ ਹੋਈ ਹੈ ਜੋ ਗੋਲੀਆਂ ਦੇ ਜ਼ਖਮਾਂ ਕਾਰਨ ਮਾਲ ਅੰਦਰ ਮ੍ਰਿਤਕ ਹਾਲਤ ਵਿਚ ਮਿਲਿਆ। ਦੂਸਰਾ ਜ਼ਖਮੀ ਇਕ ਔਰਤ ਹੈ ਜਿਸ ਦੀ ਲੱਤ ਵਿਚ ਗੋਲੀ ਵੱਜੀ ਹੈ। ਉਸ ਦੇ ਬਚ ਜਾਣ ਦੀ ਆਸ ਹੈ। ਪੁਲਿਸ ਅਨੁਸਾਰ ਸ਼ੱਕੀ ਇਕ ਕਾਲਾ ਵਿਅਕਤੀ ਹੈ, ਜੋ ਗੋਲੀਬਾਰੀ ਉਪਰੰਤ ਮੌਕੇ ਤੋਂ ਫਰਾਰ ਹੋਣ ਵਿਚ ਸਫਲ ਹੋ ਗਿਆ।

# ਬਰਤਾਨੀਆ ਦੀ ਧਰਤੀ 'ਤੇ ਪੰਜਾਬੀ ਕਾਨਫਰੰਸ (ਯੂਕੇ) 27-28 ਜੁਲਾਈ 2024 ਨੂੰ ਲੈਸਟਰ ਵਿਖੇ ਹੋਵੇਗੀ

## ਸਿੱਖ ਐਜੂਕੇਸ਼ਨ ਕੌਂਸਲ ਯੂਕੇ ਵੱਲੋਂ ਪੰਜਾਬੀ ਕਾਨਫਰੰਸ ਯੂਕੇ 2024 ਸੰਬੰਧੀ ਕੀਤੀ ਗਈ ਮੀਟਿੰਗ

**ਲੰਡਨ/ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–** ਸਿੱਖ ਐਜੂਕੇਸ਼ਨ ਕੌਂਸਲ ਯੂਕੇ ਵੱਲੋਂ ਇੰਗਲੈਂਡ ਦੇ ਸ਼ਹਿਰ ਹਿਚਨ ਵਿਖੇ ਚੈਅਰਮੈਨ ਡਾ: ਪਰਗਟ ਸਿੰਘ ਦੀ ਪ੍ਰਧਾਨਗੀ ਵਿੱਚ ਭਰਵੀਂ ਮੀਟਿੰਗ ਕੀਤੀ ਗਈ। ਜਿਸ ਵਿੱਚ ਪੰਜਾਬੀ ਕਾਨਫਰੰਸ ਯੂਕੇ 2024 ਸੰਬੰਧੀ ਵਿਚਾਰ ਚਰਚਾ ਕੀਤੀ ਗਈ ਅਤੇ ਕਾਨਫਰੰਸ ਦਾ ਸਾਰਾ ਖਾਕਾ ਤਿਆਰ ਕੀਤਾ ਗਿਆ। ਇਹ ਫੈਸਲਾ ਲਿਆ ਗਿਆ ਕਿ ਆਉਣ ਵਾਲੀ ਕਾਨਫਰੰਸ 27-28 ਜੁਲਾਈ 2024 ਵਿੱਚ ਕਰਵਾਈ ਜਾਵੇਗੀ। ਜਿਸ ਵਿੱਚ ਮੁੱਖ ਵਿਸ਼ਾ ਪੰਜਾਬੀ ਭਾਸ਼ਾ ਹੋਵੇਗਾ। ਪੰਜਾਬੀ ਦਾ ਇਤਿਹਾਸ, ਵਰਤਮਾਨ ਤੇ ਭਵਿੱਖ ਖਾਸ ਵਿਚਾਰ ਦਾ ਕੇਂਦਰ ਹੋਣਗੇ। ਇਸਦੇ ਇਲਾਵਾ ਨਵੇਂ ਯੁੱਗ ਵਿੱਚ ਪੰਜਾਬੀ ਬੋਲੀ ਅਤੇ ਲਿੱਪੀ ਦਾ ਕੀ ਪੱਧਰ ਹੋਵੇ। ਜਿਸ ਵਿੱਚ ਨਵੀਆਂ ਤਕਨੀਕਾਂ, ਕਿਰਤਮ ਬੁੱਧੀ, ਨਵੇਂ ਨਵੇਂ ਸਾਫ਼ਟਵੇਅਰ ਅਤੇ ਉਪਕਰਨਾਂ ਵਿੱਚ ਪੰਜਾਬੀ ਨੂੰ ਕਿਵੇਂ ਸਮੇਂ ਦੀ ਹਾਣ ਦਾ ਬਣਾਉਣਾ ਹੈ? ਇਸ ਬਾਰੇ ਵਿਚਾਰ ਚਰਚਾ ਵੀ ਹੋਵੇਗੀ। ਕਾਨਫਰੰਸ ਵਿੱਚ ਪੰਜਾਬੀ ਵਿਦਵਾਨ, ਤਕਨੀਕੀ ਮਾਹਿਰ, ਸਾਹਿਤਕਾਰ, ਨੌਜਵਾਨ ਤੇ ਵਿਦਿਅਕ, ਧਾਰਮਿਕ ਤੇ ਸਮਾਜਿਕ ਅਦਾਰਿਆਂ ਨਾਲ ਸੰਬੰਧਤ ਸਖਸ਼ੀ-ਅਤਾਂ ਸ਼ਾਮਿਲ ਹੋਣਗੀਆਂ। ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਪੰਜਾਬੀ ਕਾਨਫਰੰਸ ਯੂਕੇ 2024 ਪੰਜਾਬੀਆਂ ਦੀ ਸੰਘਣੀ ਆਬਾਦੀ ਵਾਲੇ ਸ਼ਹਿਰ ਲੈਸਟਰ ਵਿਖੇ ਹੀ ਕਰਵਾਈ ਜਾਵੇਗੀ। ਇਸ ਮੀਟਿੰਗ ਵਿੱਚ ਡਾ: ਪਰਗਟ ਸਿੰਘ, ਡਾ: ਸੁਜਿੰਦਰ ਸਿੰਘ ਸੰਘਾ, ਡਾ: ਬਲਦੇਵ ਸਿੰਘ ਕੰਦੋਲਾ, ਡਾ: ਅਵਤਾਰ ਸਿੰਘ, ਕੰਵਰ ਸਿੰਘ ਬਰਾੜ, ਤਜਿੰਦਰ ਕੌਰ ਲੈਸਟਰ, ਜ਼ਿੰਦਰਪਾਲ ਸਿੰਘ ਮਾਹਲ, ਮੁਖਤਿਆਰ ਸਿੰਘ ਲੈਸਟਰ, ਅਮਰਜੀਤ ਸਿੰਘ, ਹਰਵਿੰਦਰ ਸਿੰਘ, ਬਲਵਿੰਦਰ ਸਿੰਘ ਚਾਹਲ, ਬਾਵਾ ਸਿੰਘ ਆਦਿ ਹਾਜ਼ਰ ਸਨ। ਇਸ ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਪੰਜਾਬੀ ਭਾਸ਼ਾ ਦੇ ਮਾਹਿਰ ਡਾ ਰਾਜਵਿੰਦਰ ਸਿੰਘ, ਡਾ: ਜਸਬੀਰ ਕੌਰ, ਡਾ: ਲਖਵੀਰ ਸਿੰਘ ਤੇ ਡਾ: ਚਿਰਜੀਵ ਸਿੰਘ ਨੇ ਜ਼ੂਮ ਰਾਹੀਂ ਆਨਲਾਈਨ ਹਿੱਸਾ ਲਿਆ।



# ਘੁੜਕਾ ਵਿਖੇ 5100 ਨਵਜੰਮੀਆਂ ਧੀਆਂ ਦੀ ਲੋਹੜੀ ਪਾਈ ਜਾਵੇਗੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਵਰਲਡ ਵਾਈਡ ਸਕੋਪ ਵੈਲਫੇਅਰ ਸੁਸਾਇਟੀ ਘੁੜਕਾ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਨਵੇਂ ਵਰ੍ਹੇ ਦੀ ਸ਼ੁਰੂਆਤ ਤੇ ਮਾਨਵਤਾ ਦੇ ਭਲੇ ਦੇ ਕਾਰਜਾਂ ਦੀ ਲੜੀ 5 ਜਨਵਰੀ ਤੋਂ ਆਰੰਭ ਹੋਵੇਗੀ। ਬ੍ਰਹਮਗਿਆਨੀ 108 ਸੰਤ ਬਾਬਾ ਮੋਤੀ ਮਹਾਰਾਜ ਜੀ ਦੇ ਆਸ਼ੀਰਵਾਦ ਸਦਕਾ ਸਵਰਗੀ ਗੁਰਮੁੱਖ ਸਿੰਘ ਜੌਹਲ ਪਰਿਵਾਰ ਅਤੇ ਬਾਹੜਾ ਪਰਿਵਾਰ ਦੇ ਸਹਿਯੋਗ ਸਦਕਾ ਇਹ ਸਮਾਗਮ ਕੀਤੇ ਜਾਣਗੇ। ਵਰਲਡ ਵਾਈਡ ਸਕੋਪ ਵੈਲਫੇਅਰ ਸੁਸਾਇਟੀ ਘੁੜਕਾ ਦੇ ਸਰਪ੍ਰਸਤ ਪਿੰਦੂ ਜੌਹਲ (ਯੂ ਕੇ) ਨੇ ਜਾਣਕਾਰੀ ਦਿੰਦਿਆ ਦੱਸਿਆ ਕਿ 5 ਜਨਵਰੀ ਦਿਨ ਵੀਰਵਾਰ ਨੂੰ ਜੌਹਲ ਫਾਰਮ ਘੁੜਕਾ ਵਿਖੇ ਅੱਖਾਂ ਦਾ ਚੈਕਅੱਪ ਅਤੇ ਆਪ੍ਰੇਸ਼ਨ ਕੈਂਪ ਹੋਵੇਗਾ। 6 ਜਨਵਰੀ ਨੂੰ ਖੂਨਦਾਨ ਕੈਂਪ ਵਿੱਚ ਨੌਜਵਾਨਾਂ ਵਲੋਂ ਸਵੈ-ਇੱਛੁਕ ਖੂਨ ਦਾਨ ਕੀਤਾ ਜਾਵੇਗਾ। 7 ਜਨਵਰੀ ਨੂੰ ਸ਼੍ਰੀ ਆਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ ਅਤੇ ਮਿਤੀ 9 ਜਨਵਰੀ ਭੋਗ ਪੈਣ ਉਪਰੰਤ ਜਰੂਰਤਮੰਦ ਪਰਿਵਾਰਾਂ ਦੀਆਂ ਬੱਚੀਆਂ ਦੇ ਆਨੰਦ ਕਾਰਜ ਕੀਤੇ ਜਾਣਗੇ। 11 ਜਨਵਰੀ ਲੋਹੜੀ ਦੇ ਵਿਸ਼ਾਲ ਸਮਾਗਮ ਵਿੱਚ 5100 ਨਵ ਜੰਮੀਆਂ ਧੀਆਂ ਦੀ ਲੋਹੜੀ ਪਾਈ ਜਾਵੇਗੀ। ਇਹਨਾਂ ਸਮਾਗਮਾਂ ਵਿੱਚ ਵਿਸ਼ਵ ਪ੍ਰਸਿੱਧ ਗਾਇਕ ਅਤੇ ਹਰਮਨ ਪਿਆਰੀਆਂ ਸਖਸ਼ੀਅਤਾਂ ਹਿੱਸਾ ਲੈਣਗੀਆਂ। ਗਾਇਕ ਮਨਮੋਹਨ ਵਾਰਿਸ, ਸਰਬਜੀਤ ਰਾਏ (ਐਸ ਪੀ), ਮੰਗੀ ਮਾਹਲ, ਅਮਰੀਕ ਸੈਣੀ ਯੂ ਕੇ, ਦੀਪਕ ਬਾਲੀ ਸਲਾਹਕਾਰ ਭਾਸ਼ਾ ਸਾਹਿਤ ਤੇ ਸਭਿਆਚਾਰ ਦਿੱਲੀ ਸਰਕਾਰ, ਤਰਲੋਚਨ ਸਿੰਘ ਜੌਹਲ, ਐਡਵੋਕੇਟ ਅਸ਼ਵਨੀ ਕੁਮਾਰ, ਅਨੂਪ ਕੌਸ਼ਲ ਰਿੰਕੂ ਅਤੇ ਹੋਰ ਸਹਿਯੋਗੀ ਇਹਨਾਂ ਸਮਾਗਮਾਂ ਨੂੰ ਕਾਮਯਾਬ ਕਰਨ ਲਈ ਵਿਸ਼ੇਸ਼ ਸਹਿਯੋਗ ਕਰਨਗੇ। ਦੇਸ਼-ਵਿਦੇਸ਼ ਦੀ ਸੰਗਤ ਅਤੇ ਸਮੂਹ ਇਲਾਕਾ ਵਾਸੀ ਵੱਡੀ ਗਿਣਤੀ ਵਿੱਚ ਇਹਨਾਂ ਸਮਾਗਮਾਂ ਨੂੰ ਸਫਲ ਬਣਾਉਣ ਲਈ ਆਪਣਾ ਯੋਗਦਾਨ ਵੀ ਪਾਉਣਗੇ।




CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED TIRES

WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021

Across the Street from TA Truck Stop

# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਨਵੇਂ ਸਾਲ ਦੀ ਆਰੰਭਤਾ ਦੇ ਦੀਵਾਨ ਸਜਾਏ

**ਪਿਟਸਬਰਗ (ਕੈਲੇਫੋਰਨੀਆ)–** ਬੀਤੀ 31 ਦਸੰਬਰ 2023 ਦਿਨ ਐਤਵਾਰ ਸ਼ਾਮ ਸੰਧਿਆ ਵੇਲੇ ਦੇ ਦੀਵਾਨਾਂ ਦੀ ਸਮਾਪਤੀ ਤੋਂ ਉਪਰੰਤ ਰਾਤੀ 8 ਵਜੇ ਨਵੇਂ ਸਾਲ ਦੀ ਆਰੰਭਤਾ ਦੇ ਸਬੰਧ ਵਿਚ ਦੀਵਾਨ ਸਜਾਏ ਗਏ, ਜਿਸ ਵਿਚ 9 ਵਜੇ ਤੋਂ 10 ਵਜੇ ਤੱਕ ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਹੋਏ, ਉਪਰੰਤ ਭਾਈ ਸੁਬੇਗ ਸਿੰਘ ਜੀ (ਸੈਨਹੋਜ਼ੇ ਵਾਲਿਆਂ) ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਅਤੇ 11 ਤੋਂ 12 ਵਜੇ ਤੱਕ ਗੁਰੂ ਘਰ ਦਾ ਹਜ਼ੂਰੀ ਰਾਗੀ ਜਥਾ ਭਾਈ ਬਲਵਿੰਦਰ ਸਿੰਘ ਜੀ ਨੇ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਦੀਵਾਨ ਦੀ ਸਮਾਪਤੀ ਤੋਂ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ ਅਤੇ ਸਟੇਜ ਸਕੱਤਰ ਨਰੇਸ਼ ਕੁਮਾਰ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

*(ਰਿਪੋਰਟ ਨਰੇਸ਼ ਕੁਮਾਰ ਸਵੈਨ)*























# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਨਵੇਂ ਸਾਲ ਦੀ ਆਰੰਭਤਾ ਦੇ ਦੀਵਾਨ ਸਜਾਏ













ਤਸਵੀਰਾਂ- ਅਦਾਰ 'ਦੇਸ਼ ਦੁਆਬਾ'








## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।


### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।


**E-mail : deshdoaba@yahoo.com**

**(ਸੰਪਰਕ) 1-916-947-8920,**
**(ਫੈਕਸ) 1-916-238-1393**

**www.deshdoaba.com**
**www.ambedkartimes.com**



ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ


## Matrimonial

Looking for professional compatible educated girl for Ramdasia ( weaver) Sikh doctor working in California 38 years old, never married, 5' 8" tall, father's gotra Sandhi mother's gotra Bains, caste no bar. For more information:
WhatsApp +91 8360876705,
Email: sukhdevnorthridge@gmail.com

---

Seeking a suitable match for Ramdasia/Ravidasia Sikh boy, born October 1984, height- 5' 7", divorcee (previous marriage lasted for less than a month, which ended with divorce and was settled with mutual understanding), Australian citizen, working as a vocational education teacher, postgraduate in psychology. Both parents are deceased. Contact/Whatsapp: +61 401251614, Email - devmahey84@yahoo.co.in

---

US Citizen boy, Ravidassia Ad-Dharmi (SC) punjabi well educated Engineer (Bachelors and Masters degree), 35 years old, Height 5"9", Looking for suitable bride match from Punjabi Ravidassia Ad-Dharmi SC community, All family settled in the US. Please send biodata and pictures as
Email: irjeet1993@gmail.com

# ਰਾਮ ਮੰਦਿਰ ਦੇ ਪਹਿਲੇ ਪੜਾਅ ਦਾ ਉਦਘਾਟਨ

## ਰਾਮ ਮੰਦਿਰ ਲਈ ਪਹਿਲਾ ਅੰਦੋਲਨ 165 ਸਾਲ ਪਹਿਲਾਂ ਨਿਹੰਗ ਫਕੀਰ ਸਿੰਘ ਖਾਲਸਾ ਨੇ ਕੀਤਾ






**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਯੂ.ਪੀ. ਦੇ ਵਿਚ ਅਯੁਧਿਆ ਵਿਖੇ ਬਾਬਰੀ ਮਸਜਿਦ ਸਬੰਧੀ ਸੁਪਰੀਮ ਕੋਰਟ ਦਾ 9 ਨਵੰਬਰ 2019 ਨੂੰ ਫੈਸਲਾ ਆਇਆ ਸੀ ਕਿ ਇਹ ਜ਼ਮੀਨ ਰਾਮ ਮੰਦਿਰ ਦੀ ਉਸਾਰੀ ਵਾਸਤੇ ਟ੍ਰਸਟ ਨੂੰ ਸੌਂਪੀ ਜਾਏ ਅਤੇ ਮਸਜਿਦ ਵਾਸਤੇ 5 ਏਕੜ ਜ਼ਮੀਨ ਅਯੁੱਧਿਆ ਵਿਖੇ ਕਿਤੇ ਹੋਰ ਦਿੱਤੀ ਜਾਵੇ। ਉਸ ਦਿਨ ਤੋਂ ਬਾਅਦ ਰਾਮ ਜਨਮ ਭੂਮੀ ਦੀ ਮੋਹਰ ਲਗਦਿਆਂ ਹੀ ਰਾਮ ਮੰਦਿਰ ਦੀ ਉਸਾਰੀ ਲਈ ਤਿਆਰੀਆਂ ਹੋ ਗਈਆਂ। ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਸਾਰੇ ਉਦਘਾਟਨੀ ਅਤੇ ਹੋਰ ਸਮਾਰੋਹ ਵਿਚ ਸ਼ਾਮਿਲ ਹੁੰਦੇ ਰਹੇ। ਹੁਣ ਇਸ ਮੰਦਿਰ ਦਾ ਪਹਿਲਾ ਪੜਾਅ ਪੂਰਾ ਹੋ ਗਿਆ ਹੈ। ਲਗਪਗ 4000 ਮਜ਼ਦੂਰ ਇਥੇ ਲਗਾਤਾਰ ਕੰਮ ਕਰ ਰਹੇ ਹਨ। ਰਾਜਸਥਾਨ ਦੇ ਵਿਸ਼ੇਸ਼ ਸੰਗਮਰਮਰੀ ਪੱਥਰਾਂ ਅਤੇ ਤਾਂਬੇ ਦੀ ਵਰਤੋਂ ਕਰਕੇ ਇਹ ਮੰਦਿਰ ਰਵਾਇਤੀ ਦਿੱਖ ਵਿਚ ਤਿਆਰ ਕੀਤਾ ਜਾ ਰਿਹਾ ਹੈ। ਇਸ ਨੂੰ ਸ੍ਰੀ ਪੁਰਾਣੇ ਨਕਸ਼ਾ ਨਵੀਸ ਸ੍ਰੀ ਅਸ਼ੀਸ਼ ਸੋਮਪੁਰਾ ਅਤੇ ਉਸਦੇ ਮਾਡਰਨ ਨਕਸ਼ਾ ਨਵੀਸ ਪੁੱਤਰਾਂ ਨੇ ਤਿਆਰ ਕੀਤਾ ਹੈ। ਇਹ ਪਰਿਵਾਰ ਮੰਦਿਰਾਂ ਦੇ ਲਈ ਖਾਨਦਾਨੀ ਨਕਸ਼ਾ ਨਵੀਸ ਹਨ। 22 ਜਨਵਰੀ ਨੂੰ ਸ਼ੁੱਭ ਮਹੂਰਤ ਦੇ ਚਲਦਿਆਂ ਇਥੇ ਰਾਮ ਲੱਲਾ (5 ਸਾਲ ਦੇ ਭਗਵਾਨ ਰਾਮ) ਦੀ ਬਚਪਨ ਦੀ ਮੂਰਤੀ ਸਥਾਪਿਤ ਹੋਣੀ ਹੈ। ਇਹ ਮੰਦਿਰ 360 ਫੁੱਟ ਲੰਬਾ, 235 ਫੁੱਟ ਚੌੜਾ ਅਤੇ 161 ਫੁੱਟ ਉਚਾ ਹੋਵੇਗਾ। 70 ਏਕੜ ਦਾ ਇਹ ਸੰਪੂਰਨ ਕੰਪਲੈਕਸ ਹੈ, ਪਰ 30% ਉਤੇ ਹੀ ਉਸਾਰੀ ਹੋ ਰਹੀ ਹੈ। ਮੰਦਿਰ ਤੱਕ ਪੁੱਜਣ ਲਈ 32 ਪੌੜੀਆਂ ਚੜ੍ਹਨੀਆਂ ਹੋਣਗੀਆਂ। ਮੁੱਖ ਮੰਦਿਰ ਤੋਂ ਇਲਾਵਾ ਜਨਮ ਭੂਮੀ ਕੰਪਲੈਕਸ 'ਚ ਕਈ ਹੋਰ ਮੰਦਿਰ ਵੀ ਬਣਾਏ ਜਾ ਰਹੇ ਹਨ। ਇਨ੍ਹਾਂ 'ਚ ਭਗਵਾਨ ਰਾਮ ਦੇ ਗੁਰੂ ਬ੍ਰਹਮਰਿਸ਼ੀ ਵਸ਼ਿਸ਼ਟ, ਬ੍ਰਹਮਰਿਸ਼ੀ ਵਿਸ਼ਵਾਮਿੱਤਰ, ਮਹਾਰਿਸ਼ੀ ਵਾਲਮੀਕਿ, ਅਗਸਤਯ ਮੁਨੀ ਅਤੇ ਹੋਰ ਵੀ ਕਈ ਮਹਾਂਪੁਰਖਾਂ ਦੇ ਮੰਦਿਰ ਹੋਣਗੇ। ਮੰਦਿਰ ਪਰਕਰਮਾ ਦੇ ਵਿਚ 500 ਦੇ ਕਰੀਬ ਫੁੱਲਦਾਰ ਬੂਟੇ ਲਗਾਏ ਜਾਣਗੇ। ਜਿਸ ਥਾਂ ਮੰਦਿਰ ਬਣ ਰਿਹਾ ਹੈ ਉਸ ਥਾਂ ਦੀ ਮਿੱਟੀ ਭੁਰਭੁਰੀ ਹੋਣ ਕਰਕੇ 40 ਮੀਟਰ ਹੇਠਾਂ ਤੱਕ ਮਿੱਟੀ ਚੁੱਕੀ ਗਈ ਅਤੇ 21 ਫੁੱਟ ਮਜ਼ਬੂਤ ਉਚਾਈ ਕਰਕੇ ਗ੍ਰੇਨ-ਾਈਟ ਲਗਾਇਆ ਗਿਆ। ਮੰਦਿਰ ਦੇ ਵਿਚ ਯਾਤਰੀਆਂ ਲਈ 100 ਬਾਥਰੂਮ ਹਨ। 25000 ਲੋਕ ਗਠੜੀ ਘਰ ਦੇ ਵਿਚ ਆਪਣਾ ਸਮਾਨ ਰੱਖ ਸਕਣਗੇ। 33 ਕਿਲੋਵਾਟ ਦਾ ਪਾਵਰ ਸਟੇਸ਼ਨ ਵੀ ਕਾਇਮ ਕੀਤਾ ਗਿਆ ਹੈ। ਮੰਦਿਰ ਦੇ ਵਿਚ ਕੋਈ ਵੀ ਚਾਹ ਆਦਿ ਦੀ ਦੁਕਾਨ ਨਹੀਂ ਹੋਵੇਗੀ ਤਾਂ ਕਿ ਸਫਾਈ ਦਾ ਖਿਆਲ ਰੱਖਿਆ ਜਾ ਸਕੇ। ਰਾਮ ਮੰਦਿਰ 2500 ਸਾਲ ਤੱਕ ਇਵੇਂ ਹੀ ਸੁਰੱਖਿਅਤ ਰਹੇਗਾ। ਇਹ ਤਿੰਨ ਮੰਜ਼ਿਲਾ ਮੰਦਿਰ ਹੈ। 318 ਪਿੱਲਰਾਂ ਦੇ ਉਤੇ ਇਹ ਮੰਦਿਰ ਉਸਰ ਰਿਹਾ ਹੈ। 22 ਜਨਵਰੀ ਨੂੰ ਦੁਪਹਿਰ 12 ਵਜ ਕੇ 29 ਮਿੰਟ ਤੇ 8 ਸੈਕਿੰਡ ਉਤੇ ਸ਼ੁੱਭ ਮਹੂਰਤ ਹੈ ਜੋ 12 ਵਜ ਕੇ 30 ਮਿੰਟ ਅਤੇ 32 ਸੈਕਿੰਡ ਤੱਕ ਚੱਲੇਗਾ। ਇਕ ਮਿੰਟ 24 ਸੈਕਿੰਡ ਦੇ ਵਿਚ ਇਹ ਰਸਮ ਹੋਵੇਗੀ। ਪ੍ਰਧਾਨ ਮੰਤਰੀ, ਰਾਜਪਾਲ, ਮੁੱਖ ਮੰਤਰੀ, ਆਰ. ਐਸ. ਐਸ. ਮੁਖੀ ਅਤੇ ਮੰਦਿਰ ਦੇ ਪੁਜਾਰੀ ਇਸ ਮੌਕੇ ਅੰਦਰ ਰਹਿਣਗੇ। ਪ੍ਰਧਾਨ ਮੰਤਰੀ ਰਾਮ ਲੱਲਾ ਦੇ ਕਾਜਲ ਲਗਾਉਣਗੇ। ਸ੍ਰੀ ਰਾਮ ਏਅਰਪੋਰਟ ਦਾ ਨਾਂਅ ਬਦਲ ਕੇ ਮਹਾਂਰਿਸ਼ੀ ਵਾਲਮੀਕ ਏਅਰਪੋਰਟ ਕੀਤਾ ਜਾ ਰਿਹਾ ਹੈ।

ਸਿੱਖਾਂ ਦਾ ਅਯੁੱਧਿਆ ਸ਼ਹਿਰ ਦੇ ਨਾਲ ਸਬੰਧ ਹੋਣ ਦੀਆਂ ਵੀ ਕਈ ਇਤਿਹਾਸਕ ਸਾਖੀਆਂ ਹਨ। ਅਯੁਧਿਆ ਵਿਖੇ ਗੁਰਦੁਆਰਾ ਬ੍ਰਹਮਕੁੰਡ ਸਾਹਿਬ ਵੀ ਸੁਸ਼ੋਭਿਤ ਹੈ। ਇਹ ਬ੍ਰਹਮ ਘਾਟ ਦੇ ਕੰਢੇ ਉਤੇ ਬਣਿਆ ਹੈ। ਇਥੇ ਲੱਗੇ ਇਤਿਹਾਸਕ ਬੋਰਡ ਦੇ ਵਿਚ ਲਿਖਿਆ ਹੈ ਕਿ ਇਥੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਏ ਸਨ। ਅਯੁਧਿਆ ਦੇ ਇਤਿਹਾਸ ਨਾਲ ਸਿੱਖ ਇਤਿਹਾਸ ਦਾ ਸੰਗਮ ਹੋਇਆ ਹੈ। ਇਸ ਨੂੰ ਤਿੰਨ ਗੁਰੂਆਂ ਦੀ ਚਰਨ ਛੋਹ ਪ੍ਰਾਪਤ ਹੋਈ ਹੈ। ਅਯੁਧਿਆ ਦੀ ਰੱਖਿਆ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਉਸ ਵੇਲੇ ਸਿੱਖਾਂ ਦੇ ਜੱਥੇ ਵੀ ਭੇਜੇ ਸਨ। ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਖੜਾਵਾਂ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਜਾਂ ਉਨ੍ਹਾਂ ਵੱਲੋਂ ਭੇਜੇ ਜੱਥੇ ਦੇ ਸ਼ਸ਼ਤਰ ਵੀ ਸੁਸ਼ੋਭਿਤ ਹਨ, ਜੋ ਗੁਰਦੁਆਰਾ ਸਾਹਿਬ ਦੀ ਖੁਦਾਈ ਵੇਲੇ ਮਿਲੇ ਸਨ। ਇਥੇ ਸੰਨ 1510-11 ਦੇ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਆਏ ਮੰਨੇ ਜਾਂਦੇ ਹਨ। ਉਸ ਸਮੇਂ ਉਹ ਹਰਿਦੁਆਰ ਤੋਂ ਜਗਨਨਾਥ ਵੱਲ ਜਾ ਰਹੇ ਸਨ। ਸੁਪਰੀਪ ਕੋਰਟ ਦੇ ਫੈਸਲੇ ਦੀ ਕਾਪੀ ਦੇ ਸਫਾ ਨੰਬਰ 63 ਉਤੇ ਇਕ ਗਵਾਹ ਸ੍ਰੀ ਰਜਿੰਦਰ ਸਿੰਘ ਦਾ ਹਵਾਲਾ ਵੀ ਇਸ ਸਬੰਧੀ ਦਿੱਤਾ ਗਿਆ ਹੈ। ਬਾਬਰ ਦੇ ਹਮਲੇ (1526) ਤੋਂ ਪਹਿਲਾਂ ਇਥੇ ਗੁਰੂ ਨਾਨਕ ਸਾਹਿਬ ਦੇ ਆਉਣ ਦਾ ਗੱਲ ਕਹੀ ਗਈ। ਇਥੇ ਇਕ ਬੇਲ ਦਰੱਖਤ ਵੀ ਹੈ ਜਿਸਦੇ ਥੱਲੇ ਗੁਰੂ ਸਾਹਿਬ ਬੈਠੇ ਸਨ ਅਤੇ ਪੰਡਿਤਾਂ ਨੂੰ ਉਪਦੇਸ਼ ਦਿੱਤਾ ਸੀ। ਇਥੇ ਮਾਤਾ ਗੁਜਰੀ ਜੀ ਦਾ ਰਸੋਈ ਵਾਲਾ ਚਕਲਾ ਵੀ ਲਾਲ ਮਿੱਟੀ ਦਾ ਸੁਸ਼ੋਭਿਤ ਹੈ, ਉਹ ਗੁਰੂ ਤੇਗ ਬਹਾਦਰ ਸਾਹਿਬ ਦੇ ਨਾਲ ਇਥੇ ਆਏ ਸਨ। ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਸੰਗਤ ਨੂੰ ਇਹ ਵੀ ਦਸਦੇ ਹਨ ਕਿ ਇਥੇ ਗੁਰੂ ਗੋਬਿੰਦ ਸਿੰਘ ਜੀ ਨੇ ਇਥੇ ਇਕ ਜੱਥਾ ਭੇਜਿਆ ਸੀ ਜਿਨ੍ਹਾਂ ਨੇ ਉਸ ਵੇਲੇ ਰਾਮ ਮੰਦਿਰ ਦੀ ਰੱਖਿਆ ਵਿਚ ਸਹਾਇਤਾ ਕੀਤੀ ਅਤੇ ਮੰਦਿਰ ਨੂੰ ਆਜ਼ਾਦ ਕਰਵਾਇਆ ਸੀ। ਮਸਜਿੱਦ ਦੀ ਥਾਂ ਰਾਮ ਮੰਦਿਰ ਦੇ ਲਈ ਜੋ ਪਹਿਲਾ ਅੰਦੋਲਨ (1858) ਰਿਕਾਰਡ ਕੀਤਾ ਗਿਆ ਹੈ, ਉਹ ਇਕ ਨਿਹੰਗ ਫਕੀਰ ਸਿੰਘ ਖਾਲਸਾ ਦੇ ਨਾਂਅ ਬੋਲਦਾ ਹੈ। ਇਨ੍ਹਾਂ ਦੇ ਨਾਂਅ ਉਤੇ ਐਫ।ਆਰ। ਆਈ।ਵੀ ਦਰਜ ਹੋਈ ਸੀ। ਉਸਨੇ ਮਸਜਿਦ ਦੇ ਅੰਦਰ ਪੁੱਜ ਕੇ ਪੂਜਾ ਕਰਨ ਦਾ ਮੌਕਾ ਪੈਦਾ ਕੀਤਾ ਸੀ। ਉਨ੍ਹਾਂ ਨਾਲ 25 ਹੋਰ ਵੀ ਸਿੱਖ ਮੌਜੂਦ ਸਨ। ਹੁਣ ਮੰਦਿਰ ਦੇ ਪਹਿਲੇ ਪੜ੍ਹਾਅ ਦੇ ਉਦਘਾਟਨ ਮੌਕੇ ਇਥੇ ਨਿਹੰਗ ਸਿੰਘਾਂ ਦਾ ਇਕ ਜੱਥਾ ਲੰਗਰ ਵੀ ਲਗਾ ਰਿਹਾ ਹੈ। ਰਾਮ ਮੰਦਿਰ ਦਾ ਮੁੱਖ ਪ੍ਰਵੇਸ਼ ਪੂਰਬ ਵਾਲੇ ਪਾਸੇ ਹੈ ਅਤੇ ਇਸ ਗੇਟ ਦਾ ਨਾਂਅ 'ਸਿੰਘ ਦੁਆਰ' ਰੱਖਿਆ ਗਿਆ ਹੈ। ਵੱਡੇ-ਵੱਡੇ ਮੰਦਿਰਾਂ ਦੇ ਮੁੱਖ ਦੁਆਰਾ ਇਸੇ ਨਾਂਅ ਉਤੇ ਰੱਖੇ ਜਾਂਦੇ ਹਨ। ਇਸ ਦੇ ਦੋਵੇਂ ਪਾਸੇ ਸ਼ੇਰਾਂ ਦੀਆਂ ਮੂਰਤੀਆਂ ਹੁੰਦੀਆਂ ਹਨ। ਪ੍ਰਧਾਨ ਮੰਤਰੀ ਇਸੇ ਮੁੱਖ ਦੁਆਰ ਤੋਂ ਇਕੱਤਰ ਜਨ ਸਮੂਹ ਨੂੰ ਸੰਬੋਧਨ ਕਰਨਗੇ। ਗੁਰਦੁਆਰਾ ਸਾਹਿਬ ਤੋਂ ਰਾਮ ਜਨਮ ਭੂਮੀ ਦਾ ਫਾਸਲਾ ਬਹੁਤ ਜਿਆਦਾ ਦੂਰ ਨਹੀਂ ਹੈ, ਪੈਦਲ 20 ਕੁ ਮਿੰਟ ਦਾ ਰਸਤਾ ਹੈ।

## ਹੁਸ਼ਿਆਰਪੁਰ ਦੇ ਜਿਲ੍ਹਾ ਹਸਪਤਾਲ ਨੇ ਸੂਬੇ ਭਰ ਚੋਂ ਕੀਤਾ ਦੂਜਾ ਸਥਾਨ ਹਾਸਿਲ - ਡਾਕਟਰ ਸਵਾਤੀ




**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਸਰਕਾਰ ਵਲੋਂ 2015 ਵਿਚ ਚਲਾਏ ਗਏ ਸਵੱਛ ਭਾਰਤ ਮਿਸ਼ਨ ਤਹਿਤ ਸਿਹਤ ਸੰਸਥਾਵਾਂ ਅੰਦਰ ਕਾਇਆ ਕਲਪ ਪ੍ਰੋਗਰਾਮ ਸ਼ੁਰੂ ਕੀਤਾ ਗਿਆ। ਇਸ ਪ੍ਰੋਗਰਾਮ ਦਾ ਮੁੱਖ ਮਕਸਦ ਸਰਕਾਰੀ ਸਿਹਤ ਸੰਸਥਾਵਾਂ ਅੰਦਰ ਆਮ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਪ੍ਰਦਾਨ ਕਰਨਾ ਹੈ। ਇਸ ਸੰਬੰਧੀ ਗੱਲਬਾਤ ਕਰਦਿਆਂ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸਿਵਲ ਹਸਪਤਾਲ ਡਾ ਸਵਾਤੀ ਨੇ ਦੱਸਿਆ ਕਿ ਸਾਲ 2023-24 ਦੌਰਾਨ ਕਾਇਆ ਕਲਪ ਪ੍ਰੋਗਰਾਮ ਅਧੀਨ ਜ਼ਿਲਾ ਹਸਪਤਾਲ ਨੇ 89.10% ਅੰਕ ਪ੍ਰਾਪਤ ਕਰਕੇ ਸੂਬੇ ਭਰ ਵਿਚੋਂ ਦੂਜਾ ਸਥਾਨ ਹਾਸਿਲ ਕੀਤਾ। ਡਾ ਸਵਾਤੀ ਨੇ ਦੱਸਿਆ ਕਿ ਕਾਇਆ ਕਲਪ ਦੀ ਚੈਕਿੰਗ ਦੌਰਾਨ ਹਸਪਤਾਲ ਦੇ ਸਾਰੇ ਵਿਭਾਗਾਂ ਜਿਵੇਂ ਕਿ ਐਮਰਜੈਂਸੀ, ਬਲੱਡ ਬੈਂਕ, ਐਮ ਸੀ ਐਚ ਵਿੰਗ, ਲੈਬਾਰਟਰੀ, ਰੇਡੀਓਲੌਜੀ ਅਤੇ ਵਾਰਡਾਂ ਦੀ ਚੈਕਿੰਗ 300 ਚੈਕ ਪੁਆਇੰਟਸ ਦੇ ਆਧਾਰ ਤੇ ਕੀਤੀ ਜਾਂਦੀ ਹੈ। 2012 ਵਿਚ ਇਕੋ ਫਰੈਂਡਲੀ ਚੈਕ ਲਿਸਟ ਵੀ ਕਾਇਆ ਕਲਪ ਪ੍ਰੋਗਰਾਮ ਨਾਲ ਜੋੜੀ ਗਈ ਜਿਸ ਵਿੱਚੋਂ ਜ਼ਿਲਾ ਹਸਪਤਾਲ ਹੁਸ਼ਿਆਰਪੁਰ ਨੇ 91.43% ਅੰਕ ਹਾਸਲ ਕੀਤੇ। ਇਸ ਪ੍ਰੋਗਰਾਮ ਅਧੀਨ ਲੋਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਸਰਕਾਰੀ ਹਸਪਤਾਲ ਦੀ ਸਾਫ ਸਫ਼ਾਈ, ਰਿਕਾਰਡਜ਼ ਦੀ ਸਾਂਭ ਸੰਭਾਲ, ਬਾਇਓ ਮੈਡੀਕਲ ਵੇਸਟ ਦਾ ਨਿਪਟਾਰਾ ਅਤੇ ਬਿਜਲੀ ਬਚਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਹਨ।

ਸਰਕਾਰੀ ਹਸਪਤਾਲਾਂ ਵਿਚ ਪ੍ਰਾਈਵੇਟ ਹਸਪਤਾਲਾਂ ਦੇ ਬਰਾਬਰ ਸਹੂਲਤਾਂ ਪ੍ਰਦਾਨ ਕਰਨ ਲਈ ਪੰਜਾਬ ਸਰਕਾਰ ਦੀ ਇਹ ਵਿਸ਼ੇਸ਼ ਪਹਿਲਕਦਮੀ ਹੈ। ਸੀਨੀਅਰ ਮੈਡੀਕਲ ਅਫ਼ਸਰ ਡਾ ਮਨਮੋਹਨ ਸਿੰਘ ਨੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਸਿਵਲ ਹਸਪਤਾਲ ਦੀ ਇਹ ਅਚੀਵਮੈਂਟ ਪਿੱਛੇ ਹਸਪਤਾਲ ਦੇ ਸਮੂਹ ਸਟਾਫ ਦੀ ਅਣਥੱਕ ਮਿਹਨਤ ਅਤੇ ਆਪਣੀ ਡਿਊਟੀ ਪ੍ਰਤੀ ਸਮਰਪਣ ਹੈ। ਇਸ ਮੌਕੇ ਏ ਐਚ ਏ ਡਾ ਸ਼ਿਪਰਾ ਅਤੇ ਹਸਪਤਾਲ ਦਾ ਸਮੂਹ ਸਟਾਫ ਹਾਜ਼ਰ ਸੀ।

## ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 5ਵੀਂ, 8ਵੀਂ, 10ਵੀਂ ਅਤੇ 12ਵੀਂ ਜਮਾਤ ਦੀ ਡੇਟਸ਼ੀਟ ਜਾਰੀ

**ਐਸ ਏ ਐਸ ਨਗਰ, (ਦਲਜੀਤ ਕੌਰ)-** ਪੰਜਾਬ ਸਕੂਲ ਸਿੱਖਿਆ ਬੋਰਡ ਨੇ ਪ੍ਰਾਇਮਰੀ, ਮਿਡਲ, ਮੈਟ੍ਰਿਕ ਤੇ ਸੀਨੀਅਰ ਸੈਕੰਡਰੀ ਕਲਾਸਾਂ ਦੀਆਂ ਪ੍ਰੀਖਿਆਵਾਂ ਦੀਆਂ ਤਰੀਕਾਂ ਦਾ ਐਲਾਨ ਕਰ ਦਿੱਤਾ ਹੈ। ਨੋਟਿਸ ਵਿੱਚ ਦਿੱਤੀ ਗਈ ਜਾਣਕਾਰੀ ਅਨੁਸਾਰ, ਫੰਓਭ ਪ੍ਰੀਖਿਆਵਾਂ (ਫੰਓਭ ਓਣਅਮਸ 2024) ਫਰਵਰੀ ਅਤੇ ਮਾਰਚ ਮਹੀਨੇ ਵਿੱਚ ਕਰਵਾਈਆਂ ਜਾਣਗੀਆਂ।

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪੰਜਵੀਂ ਸ਼੍ਰੇਣੀ ਦੀ ਸਲਾਨਾ ਪਰੀਖਿਆ ਮਿਤੀ 07 ਮਾਰਚ 2024 ਤੋਂ 14 ਮਾਰਚ 2024 ਅਤੇ ਅੱਠਵੀਂ ਜਮਾਤ ਦੀ ਪ੍ਰੀਖਿਆ ਮਿਤੀ 7 ਮਾਰਚ 2024 ਤੋਂ 27 ਮਾਰਚ 2024 ਤੱਕ ਕ੍ਰਮਵਾਰ ਸੈਲਫ਼ ਪਰੀਖਿਆ ਕੇਂਦਰਾਂ ਅਤੇ ਬੋਰਡ ਦਫਤਰ ਵੱਲੋਂ ਸਥਾਪਿਤ ਕੀਤੇ ਪਰੀਖਿਆ ਕੇਂਦਰਾਂ ਵਿੱਚ ਕਰਵਾਈ ਜਾਵੇਗੀ।

ਇਸੇ ਤਰ੍ਹਾਂ ਦਸਵੀਂ ਸ਼੍ਰੇਣੀ ਦੀ ਪਰੀਖਿਆ ਮਿਤੀ 13 ਫਰਵਰੀ 2024 ਤੋਂ 06 ਮਾਰਚ 2024 ਤੱਕ ਅਤੇ ਬਾਰ੍ਹਵੀਂ ਸ਼੍ਰੇਣੀ ਦੀ ਪ੍ਰੀਖਿਆ 13 ਫਰਵਰੀ 2024 ਤੋਂ 30 ਮਾਰਚ 2024 ਤੱਕ (ਸਮੇਤ ਓਪਨ ਸਕੂਲ, ਕੰਪਾਰਟਮੈਂਟ/ਰੀ-ਅਪੀਅਰ,ਵਾਧੂ ਵਿਸ਼ਾ ਅਤੇ ਕਾਰਗੁਜਾਰੀ) ਬੋਰਡ ਦਫਤਰ ਵੱਲੋਂ ਸਥਾਪਿਤ ਕੀਤੇ ਪਰੀਖਿਆ ਕੇਂਦਰਾਂ ਵਿੱਚ ਕਰਵਾਈ ਜਾਵੇਗੀ। ਪੰਜਵੀਂ ਸ਼੍ਰੇਣੀ ਦੀ ਪਰੀਖਿਆ ਸਵੇਰੇ 10:00 ਵਜੇ ਤੋਂ ਅਤੇ ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੀ ਪਰੀਖਿਆ ਸਵੇਰੇ 11:00 ਵਜੇ ਤੋਂ ਸੁਰੂ ਹੋਵੇਗੀ। ਇਹਨਾਂ ਸ਼੍ਰੇਣੀਆਂ ਦੀ ਡੇਟ-ਸ਼ੀਟ ਅਤੇ ਹੋਰ ਵਧੇਰੇ ਜਾਣਕਾਰੀ ਬੋਰਡ ਦੀ ਵੈੱਬਸਾਈਟ www.pseb.aci.n ਤੇ ਵੀ ਉਪਲੱਬਧ ਹੈ।

ਜੇਕਰ ਜਮਾਤ ਦੇ ਹਿਸਾਬ ਨਾਲ ਗੱਲ ਕਰੀਏ ਤਾਂ ਪੰਜਵੀਂ ਜਮਾਤ ਦੀ ਪ੍ਰੀਖਿਆ 7 ਮਾਰਚ ਤੋਂ 14 ਮਾਰਚ ਤੱਕ, ਅੱਠਵੀਂ ਜਮਾਤ ਦੀ ਪ੍ਰੀਖਿਆ 07 ਮਾਰਚ ਤੋਂ ਲੈਕੇ 27 ਮਾਰਚ ਤੱਕ ਹੋਵੇਗੀ। ਇਸੇ ਤਰ੍ਹਾਂ 10ਵੀਂ ਦੀ 13 ਫਰਵਰੀ ਤੋਂ 6 ਮਾਰਚ ਤੱਕ ਤੇ 12ਵੀਂ ਜਮਾਤ ਦੀਆਂ ਪ੍ਰੀਖਿਆਵਾਂ 13 ਫਰਵਰੀ ਤੋਂ 30 ਮਾਰਚ ਤੱਕ ਹੋਣਗੀਆਂ। ਪ੍ਰੀਖਿਆ ਨਾਲ ਸਬੰਧਤ ਹਦਾਇਤਾਂ ਪੀਐਸਈਬੀ ਦੀ ਵੈੱਬਸਾਈਟ 'ਤੇ ਜਾ ਕੇ ਦੇਖੀਆਂ ਜਾ ਸਕਦੀਆਂ ਹਨ। ਇਸ ਦੇ ਨਾਲ ਹੀ ਬੋਰਡ ਵੱਲੋਂ ਪ੍ਰੈਕਟੀਕਲ ਪ੍ਰੀਖਿਆ ਦੀਆਂ ਤਰੀਕਾਂ ਦਾ ਐਲਾਨ ਵੀ ਕੀਤਾ ਗਿਆ ਹੈ, ਉਨ੍ਹਾਂ ਬਾਰੇ ਵੀ ਵਿਸਥਾਰਪੂਰਵਕ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਪ੍ਰੀਖਿਆ ਨਾਲ ਸਬੰਧਤ ਕਿਸੇ ਵੀ ਕਿਸਮ ਦੀ ਵਿਸਤ੍ਰਿਤ ਜਾਣਕਾਰੀ ਪ੍ਰਾਪਤ ਕਰਨ ਲਈ, ਤੁਸੀਂ ਪੰਜਾਬ ਬੋਰਡ ਦੀ ਅਧਿਕਾਰਤ ਵੈੱਬਸਾਈਟ 'ਤੇ ਜਾ ਸਕਦੇ ਹੋ।

# ਚਾਈਨਾ ਨੂੰ ਹੁਣ ਟੈਕਸ ਮਾਫ਼, ਇੰਡੀਆ ਲਈ ਕਦੋਂ ਹੋਵੇਗਾ ਰਸਤਾ ਸਾਫ਼?

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਤੋਂ ਚਾਈਨਾ ਨੂੰ ਜਾਣ ਵਾਲੇ ਦੁੱਧ ਉਤਪਾਦਾਂ ਦੇ ਉਤੋਂ ਹੁਣ ਹਰ ਪ੍ਰਕਾਰ ਦਾ ਟੈਕਸ ਮਾਫ਼ ਕਰ ਦਿੱਤਾ ਗਿਆ। ਮਤਲਬ ਕਿ ਦੁੱਧ, ਸੁੱਕਾ ਦੁੱਧ, ਵੱਖ-ਵੱਖ ਤਰ੍ਹਾ ਦਾ ਪਨੀਰ, ਬੱਚਿਆਂ ਲਈ ਤਿਆਰ ਉਤਪਾਦ ਹੁਣ ਡਿਊਟੀ ਫ੍ਰੀ ਕਰ ਦਿੱਤੇ ਗਏ ਹਨ। ਇਹ ਸਮਝੌਤਾ 2008 ਦੇ ਵਿਚ ਹੋਏ ਫ੍ਰੀ ਟ੍ਰੇਡ ਐਗਰੀਮੈਂਟ ਦਾ ਹਿਸਾ ਸੀ। ਵਪਾਰ ਮੰਤਰੀ ਸ੍ਰੀ ਟੌਡ ਮੈਕਲੇ ਨੇ ਇਸ ਨੂੰ (1 ਜਨਵਰੀ 2024) ਨੂੰ ਇਤਿਹਾਸਕ ਦਿਨ ਦੱਸਿਆ ਹੈ। ਇਹ ਖਬਰ ਜਿੱਥੇ ਡੇਅਰੀ ਕਿਸਾਨਾਂ ਦੇ ਲਈ ਚੰਗੀ ਖਬਰ ਹੈ ਉਥੇ ਇਸ ਵਪਾਰਕ ਵਿਕਾਸ ਦੇ ਨਾਲ ਦੇਸ਼ ਦੀ ਅਰਥਵਿਵਸਥਾ ਨੂੰ ਵੀ ਹੁਲਾਰਾ ਮਿਲੇਗਾ। ਫ੍ਰੀ ਟ੍ਰੇਡ ਸਮਝੌਤੇ ਦੀ ਇਸ ਮੱਦ ਦੇ ਅਮਲ ਵਿਚ ਆਉਣ ਨਾਲ ਦੇਸ਼ ਨੂੰ 360 ਮਿਲੀਅਨ ਡਾਲਰ ਦਾ ਵਾਧੂ ਆਰਥਿਕ ਹੁਲਾਰਾ ਮਿਲੇਗਾ। ਚੀਨ ਨਿਊਜ਼ੀਲੈਂਡ ਤੋਂ 8 ਬਿਲੀਅਨ ਤੱਕ ਦੇ ਦੁੱਧ ਉਤਪਾਦ ਖਰੀਦਦਾ ਹੈ। ਚਾਈਨੀਜ਼ ਕੰਪਨੀਆਂ ਦੇ ਵਿਚ ਨਿਊਜ਼ੀਲੈਂਡ ਦੇ ਬਹੁਤ ਸਾਰੇ ਲੋਕਾਂ ਦੀਆਂ ਨੌਕਰੀਆਂ ਲੱਗੀਆਂ ਹੋਈਆਂ ਹਨ। ਚਾਈਨਾ ਤੋਂ ਹੋਰ ਵੱਖ-ਵੱਖ ਤਰ੍ਹਾਂ ਦਾ ਬਹੁਤ ਸਾਰਾ ਸਮਾਨ ਇਥੇ ਪੁੱਜਦਾ ਹੈ, ਚਾਹੇ ਉਹ ਇਲੈਕਟ੍ਰਾਨਿਕ ਹੋਵੇ, ਇਮਾਰਤਸਾਜ਼ੀ ਦਾ ਹੋਵੇ, ਫਰਨੀਚਰ ਦਾ ਹੋਵੇ ਜਾਂ ਵੱਖ-ਵੱਖ ਹੋਰ ਉਦਯੋਗਾਂ ਦੇ ਨਾਲ।




ਅਸੀਂ ਰਹਿ ਭਾਅ ਪੁੱਛਦੇ: (New Zealand-9nida 6"1) ਨਿਊਜ਼ੀਲੈਂਡ-ਇੰਡੀਆ 'ਮੁਕਤ ਵਪਾਰ ਸਮਝੌਤਾ' (ਫ੍ਰੀ ਟ੍ਰੇਡ ਐਗਰੀਮੈਂਟ) ਦਹਾਕਿਆਂ (2010) ਤੋਂ ਸ਼ਰਤਾਂ ਦੀ ਦਲਦਲ ਵਿਚ ਫਸਿਆ ਪਿਆ ਹੈ। ਇਥੇ ਭਾਰਤੀ ਗਰੋਸਰੀ, ਕੱਪੜਾ ਜਾਂ ਕੁਝ ਹੋਰ ਵਸਤਾਂ ਤਾਂ ਪਹੁੰਚਦੀਆਂ ਹਨ, ਪਰ ਭਰਪੂਰ ਟੈਕਸਾਂ ਦੀ ਪਰਤ ਦੇ ਨਾਲ। ਇਸ ਤੋਂ ਇਲਾਵਾ ਇਥੋਂ ਇੰਡੀਆ ਪੁੱਜਣ ਵਾਲੇ ਕੀਵੀ ਫਲ ਵੀ ਟੈਕਸਾਂ ਦੀ ਪਾਨ ਚੜ੍ਹਨ ਕਰਕੇ ਮਿੱਠੇ ਤੋਂ ਖੱਟਿਆਂ ਦੇ ਵਿਚ ਬਦਲ ਜਾਂਦੇ ਹਨ। ਨਿਊਜ਼ੀਲੈਂਡ ਦੇ ਵਿਦੇਸ਼ ਮੰਤਰਾਲੇ ਅਤੇ ਵਪਾਰ ਮੰਤਰਾਲੇ ਦੀ ਵੈਬਸਾਈਟ ਉਤੇ ਝਾਤੀ ਮਾਰੀ ਜਾਵੇ ਤਾਂ ਪਤਾ ਲਗਦਾ ਹੈ ਕਿ ਭਾਰਤ-ਨਿਊਜ਼ੀਲੈਂਡ ਵਪਾਰ ਸਮਝੌਤੇ ਦੀ ਲੰਬੇ ਚਿਰ ਤੋਂ ਗੱਲਬਾਤ ਚੱਲ ਰਹੀ ਹੈ, ਬੱਸ ਸ਼ਰਤਾਂ ਦੇ ਉਤੇ ਸਹਿਮਤੀ ਨਹੀਂ ਬਣ ਰਹੀ। 2011 ਦੇ ਵਿਚ ਉਸ ਵੇਲੇ ਦੇ ਪ੍ਰਧਾਨ ਮੰਤਰੀ ਸ੍ਰੀ ਜੌਹਨ ਕੀ ਨੇ ਇੰਡੀਆ-ਨਿਊਜ਼ੀਲੈਂਡ ਵਪਾਰ ਸਮਝੌਤੇ ਦੀ ਇਕ ਸਕੀਮ ਵੀ ਰੇੜ੍ਹੇ ਪਾਈ ਸੀ, ਪਰ ਸਮਝੌਤੇ ਵਾਲੀ ਫਾਈਲ ਮੱਠੀ ਚਾਲੇ ਹੀ ਰਹੀ। 2016 ਦੇ ਉਹ ਭਾਰਤ ਦੌਰੇ ਉਤੇ ਵੀ ਗਏ ਸਨ।

ਇਸ ਵੇਲੇ ਭਾਰਤ ਨਿਊਜ਼ੀਲੈਂਡ ਦੇ ਨਾਲ ਵਪਾਰ ਵਿਚ 10ਵੇਂ ਨੰਬਰ ਦੇ ਕਰੀਬ ਹੈ। ਹਰ ਸਾਲ ਬਿਲੀਅਨ ਡਾਲਰਾਂ ਦੇ ਵਿਚ ਬਿਜ਼ਨਸ ਤਾਂ ਹੋ ਰਿਹਾ ਹੈ, ਪਰ ਟੈਕਸ ਦੀ ਪਰਤ ਕੀਮਤਾਂ ਦੇ ਉਤੇ ਚੜ੍ਹ ਜਾਂਦੀ ਹੈ। ਲੰਘੀਆਂ ਸਰਕਾਰਾਂ ਦੇ ਵਿਚ ਕਈ ਭਾਰਤੀ ਸਾਂਸਦ ਵੀ ਨਿਊਜ਼ੀਲੈਂਡ ਦੀ ਪਾਰਲੀਮੈਂਟ ਅੰਦਰ ਲੱਗੇ ਹਰੇ ਰੰਗ ਦੇ ਮੇਜ਼-ਕੁਰਸੀਆਂ ਉਤੇ ਤਾਂ ਬੈਠਦੇ ਰਹੇ ਪਰ ਮੁਕਤ ਵਪਾਰ ਸਮਝੌਤੇ ਵਾਲੀ ਫਾਈਲ ਨੂੰ ਭਾਰਤ ਦੀ ਫੇਰੀ ਸਮੇਂ, ਭਾਰਤੀ ਵਿਦੇਸ਼ ਮੰਤਰਾਲੇ ਦੀ ਮੇਜ਼ ਉਤੇ ਰੱਖ ਕੇ ਲਗਦੇ ਹੱਥ ਦਸਤਖਤ ਨਾ ਕਰਵਾ ਸਕੇ।

ਇਥੋਂ ਤੱਕ ਭਾਰਤ ਦੇ ਵਿਦੇਸ਼ ਮੰਤਰੀ ਸ੍ਰੀ ਜੈਸ਼ੰਕਰ ਅਕਤੂਬਰ 2022 ਦੇ ਵਿਚ ਇਥੇ ਫੇਰੀ ਪਾ ਚੁੱਕੇ ਹਨ ਅਤੇ ਰਾਜ ਮੰਤਰੀ ਡਾ. ਰਾਮਕੁਮਾਰ ਰਾਜਨ ਸਿੰਘ 24 ਤੋਂ 29 ਸਤੰਬਰ 2023 ਤੱਕ ਇਥੇ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਕ੍ਰਿਸ ਹਿਪਕਿਨਜ਼ ਨੂੰ ਮਿਲ ਚੁੱਕੇ ਹਨ। ਉਸ ਵੇਲੇ ਵਪਾਰਕ ਸਬੰਧਾਂ ਨੂੰ ਲੈ ਕੇ ਇਕ ਸਮਝੌਤਾ ਵੀ ਹੋਇਆ ਸੀ। ਵਪਾਰਕ ਸਮਝੌਤਿਆਂ ਦੀ ਇਕ ਫਾਈਲ ਲੈ ਕੇ 8 ਫਰਵਰੀ 2023 ਨੂੰ ਨਿਊਜ਼ੀਲੈਂਡ ਦੀ ਵਿਦੇਸ਼ ਮੰਤਰੀ ਨਾਨਿਆ ਮਾਹੂਤਾ ਵੀ ਨਵੀਂ ਦਿੱਲੀ ਵਿਖੇ ਭਾਰਤੀ ਵਿਦੇਸ਼ ਮੰਤਰੀ ਸ੍ਰੀ ਜੈਸ਼ੰਕਰ ਨੂੰ ਦੁਬਾਰਾ ਮਿਲ ਆਈ ਸੀ, ਪਰ ਵੱਡੀ ਖਬਰ ਦਾ ਆਗਮਨ ਉਨ੍ਹਾਂ ਦੇ ਰਾਜਕਾਲ ਵਿਚ ਨਾ ਹੋ ਸਕਿਆ। ਸੋ ਅਜਿਹੇ ਹਲਾਤਾਂ ਦੇ ਵਿਚ ਤਾਂ ਇਹੀ ਕਿਹਾ ਜਾ ਸਕਦਾ ਹੈ ਕਿ ਅਸੀਂ ਰਹਿ ਗਏ ਭਾਅ ਪੁੱਛਦੇ ਬਾਜ਼ੀ ਮਾਰ ਗਏ ਚਾਈਨਾ ਵਾਲੇ ਜਾਂ ਭਾਅ ਸਿਰ ਦੁੱਧ ਉਤਪਾਦ ਲੈ ਗਏ ਚਾਈਨਾ ਵਾਲੇ।

# ਸਾਹਿਤ ਸਭਾ ਵੱਲੋਂ ਕਹਾਣੀਕਾਰਾ ਡਾ. ਜਤਿੰਦਰ ਕੌਰ ਰੰਧਾਵਾ ਕੈਨੇਡਾ ਨਾਲ ਰੂ-ਬ-ਰੂ



**ਹੁਸ਼ਿਆਰਪੁਰ-** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਵੱਲੋਂ ਕੈਨੇਡਾ ਵਿਖੇ ਰਹਿ ਰਹੇ ਤੇ ਅੱਜ ਕੱਲ੍ਹ ਪੰਜਾਬ ਆਏ ਹੋਏ ਡਾ. ਜਤਿੰਦਰ ਕੌਰ ਰੰਧਾਵਾ ਨਾਲ ਡਿਜ਼ੀਟਲ ਲਾਇਬ੍ਰੇਰੀ ਹੁਸ਼ਿਆਰਪੁਰ ਵਿਖੇ ਕਾਨਫਰੰਸ ਹਾਲ ਵਿੱਚ ਰੂ-ਬ-ਰੂ ਸਮਾਗਮ ਕਰਵਾਇਆ ਗਿਆ।ਸਮਾਗਮ ਦੀ ਪ੍ਰਧਾਨਗੀ ਸਾਹਿਤ ਸਭਾ ਦੇ ਪ੍ਰਧਾਨ ਮਦਨ ਵੀਰਾ ਨੇ ਕੀਤੀ।ਸਭਾ ਦੇ ਜਨਰਲ ਸਕੱਤਰ ਡਾ. ਜਸਵੰਤ ਰਾਏ ਨੇ ਸਭਾ ਵੱਲੋਂ ਡਾ. ਰੰਧਾਵਾ ਨੂੰ ਜੀ ਆਇਆਂ ਆਖਦਿਆਂ ਸਾਹਿਤ ਸਭਾ ਦੇ ਮੈਂਬਰਾਂ ਨੂੰ ਦੱਸਿਆ ਕਿ ਡਾ. ਰੰਧਾਵਾ ਹੁਣ ਤੱਕ 'ਮੈਂ ਵੇਲ ਹਾਂ', 'ਪੰਜਾਬੀ ਲੋਕ ਗੀਤਾਂ ਵਿੱਚ ਨਾਰੀ ਸਰੋਕਾਰ, 'ਇੰਟਰਨੈਸ਼ਨਲ ਜਰਨਲ ਆਫ ਪੰਜਾਬੀ ਲਿਟਰੇਚਰ ਅਤੇ 'ਬਾਰੀ ਬਰਸੀ ਖੱਟਣ ਗਿਆ ਸੀ' ਚਾਰ ਕਿਤਾਬਾਂ ਦੀ ਸਿਰਜਣਾ ਕਰ ਚੁੱਕੇ ਹਨ।ਤ੍ਰਿਪਤਾ ਕੇ ਸਿੰਘ ਨੇ ਡਾ. ਰੰਧਾਵਾ ਦੀ ਕਹਾਣੀ 'ਤੇ ਉਹ ਚਲਾ ਗਿਆ' ਦਾ ਪਾਠ ਕੀਤਾ ਜਿਸ 'ਤੇ ਸਾਹਿਤਕ ਦੋਸਤਾਂ ਨੇ ਆਪਣੀਆਂ ਆਲੋਚਨਾਤਮਿਕ ਟਿੱ-ਪਣੀਆਂ ਦਿੱਤੀਆਂ। ਉਪਰੰਤ ਡਾ. ਰੰਧਾਵਾ ਨੇ ਕਿਹਾ ਕਿ ਮੇਰੀਆਂ ਕਹਾਣੀਆਂ ਵਿੱਚ ਮਾਨਵੀ ਰਿਸ਼ਤਿਆਂ ਦੀ ਟੁਟਭੱਜ, ਨਾਰੀ ਸਰੋਕਾਰ, ਬਾਲ ਮਾਨਸਿਕਤਾ ਨੂੰ ਦਰਪੇਸ਼ ਸਮੱਸਿਆਵਾਂ ਤੇ ਸੋਸ਼ਣ, ਖੋਖਲੀਆਂ ਮੁਹੱਬਤਾਂ, ਮਾਨਸਿਕ ਦਬੰਧ ਅਤੇ ਢਹਿ ਢੇਰੀ ਹੁੰਦੀਆਂ ਕਦਰਾਂ ਕੀਮਤਾਂ ਉਭਰਵੇਂ ਰੂਪ ਵਿੱਚ ਪੇਸ਼ ਹਨ। ਉਨ੍ਹਾਂ ਕੈਨੇਡਾ ਦੇ ਲੋਕਾਂ ਦਾ ਰਹਿਣ ਸਹਿਣ, ਇਮਾਨਦਾਰੀ, ਮੱਦਦ ਕਰਨ ਦਾ ਲਕਬ ਦੇ ਨਾਲ ਨਾਲ ਉੱਥੇ ਪਰਵਾਸੀਆਂ ਖ਼ਾਸ ਕਰਕੇ ਵਿਦਿਆਰਥੀਆਂ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਬਿਰਤਾਂਤ ਸਾਂਝੇ ਕੀਤੇ।ਉਨ੍ਹਾਂ ਸਰੋਤਿਆਂ ਨਾਲ ਆਪਣੀਆਂ ਕਹਾਣੀਆਂ ਦੀ ਸਿਰਜਣ ਪ੍ਰਕਿਰਿਆ ਬਾਰੇ ਦਿਲ ਖੋਲ੍ਹ ਕੇ ਗੱਲਾਂ ਕੀਤੀਆਂ ਅਤੇ ਸਾਹਿਤਕ ਦੋਸਤਾਂ ਵੱਲੋਂ ਕੀਤੇ ਗਏ ਸਵਾਲਾਂ ਦਾ ਵਿਸਤਾਰ ਨਾਲ ਜਵਾਬ ਦਿੱਤਾ।ਮਦਨ ਵੀਰਾ ਨੇ ਆਪਣੇ ਧੰਨਵਾਦੀ ਭਾਸ਼ਣ 'ਚ ਪਰਵਾਸੀ ਕਹਾਣੀਕਾਰਾਂ ਦੀਆਂ ਕਹਾਣੀਆਂ ਦੀ ਗੱਲ ਕਰਦੇ ਹੋਏ ਕਿਹਾ ਕਿ ਡਾ. ਰੰਧਾਵਾ ਨੇ ਆਪਣੀ ਕਹਾਣੀ ਨੂੰ ਭੂ ਹੇਰਵੇ ਦੀ ਦਾਇਰੇ 'ਚੋਂ ਕੱਢਦਿਆਂ ਪਰਵਾਸ ਦੇ ਭੂਗੋਲ ਤੇ ਵਰਤਾਰੇ ਨੂੰ ਆਪਣੀਆਂ ਕਹਾਣੀਆਂ ਦੇ ਪਲਾਟ ਦਾ ਅੰਗ ਬਣਾ ਕੇ ਨਵੀਆਂ ਪਿਰਤਾਂ ਪਾਈਆਂ ਹਨ।

ਇਸ ਸਮੇਂ ਡਾ. ਜਤਿੰਦਰ ਰੰਦਾਵਾ ਦਾ ਸਾਹਿਤ ਸਭਾ ਵਲੋਂ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ।ਇਸ ਮੌਕੇ ਡਾ. ਕਰਮਜੀਤ ਸਿੰਘ, ਜਸਬੀਰ ਸਿੰਘ ਧੀਮਾਨ, ਹਰਦਿਆਲ ਹੁਸ਼ਿਆਰਪੁਰੀ, ਲੈਕ. ਲਖਵਿੰਦਰ ਰਾਮ, ਲੈਕ. ਸੁਖਜੀਤ ਕੌਰ, ਸੁਰਿੰਦਰ ਸੱਲ੍ਹਣ, ਸੁਰਜੀਤ ਜੀਤ, ਅੰਜੂ ਵੀ ਰੱਤੀ, ਮੈਡਮ ਗੁਰਬਚਨ ਕੌਰ, ਆਯੂਸ਼ ਸ਼ਰਮਾ, ਲਾਇਬ੍ਰੇਰੀਅਨ ਵਿਜੇ ਕੁਮਾਰ ਅਤੇ ਸਾਹਿਤਕ ਦੋਸਤ ਹਾਜ਼ਰ ਸਨ।

**ਰਿਪੋਰਟ: ਡਾ. ਜਸਵੰਤ ਰਾਏ (98158-25999)**
**ਜਨਰਲ ਸਕੱਤਰ , ਸਾਹਿਤ ਸਭਾ (ਰਜਿ.)**

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

## ਸਿਹਤ ਵਿਭਾਗ ਨੇ ਸ਼ੀਤ ਲਹਿਰ ਤੋਂ ਬਚਣ ਲਈ ਜਾਰੀ ਕੀਤੇ ਸੁਝਾਅ ਤੇ ਦਿਸ਼ਾ ਨਿਰਦੇਸ਼

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਸੀਤ ਲਹਿਰ ਦੇ ਮੱਦੇਨਜ਼ਰ ਸਿਵਲ ਸਰਜਨ ਹੁਸ਼ਿਆਰਪੁਰ ਡਾ ਬਲਵਿੰਦਰ ਕੁਮਾਰ ਡਮਾਣਾ ਜੀ ਨੇ ਇੱਕ ਵਿਸਤ੍ਰਿਤ ਐਡਵਾਈਜ਼ਰੀ ਜਾਰੀ ਕੀਤੀ ਹੈ। ਜਿਕਰਯੋਗ ਹੈ ਕਿ ਤਾਪਮਾਨ ਵਿੱਚ ਗਿਰਾਵਟ ਦੇਖੀ ਜਾ ਰਹੀ ਹੈ ਅਤੇ ਠੰਢ ਦੇ ਲੰਬੇ ਸਮੇਂ ਤੱਕ ਸੰਪਰਕ ਵਿੱਚ ਰਹਿਣ ਨਾਲ ਕਈ ਬਿਮਾਰੀਆਂ ਜਿਵੇਂ ਫਲੂ, ਨੱਕ ਵਗਣਾ, ਹਾਈਪੋਥਰਮੀਆ, ਫਰੌਸਟਬਾਈਟ ਆਦਿ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਅਜਿਹੇ ਠੰਢੇ ਮੌਸਮ ਤੋਂ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਲਈ ਵਿਭਾਗ ਵੱਲੋਂ ਜਾਰੀ ਐਡਵਾਈਜ਼ਰੀ ਬਾਰੇ ਵਧੇਰੇ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ ਡਮਾਣਾ ਨੇ ਕਿਹਾ ਕਿ ਲੋਕਾਂ ਨੂੰ ਸ਼ੀਤ



ਲਹਿਰ ਦੀਆਂ ਸਥਿਤੀਆਂ ਤੋਂ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਲਈ ਸਿਹਤ ਵਿਭਾਗ ਦੀਆਂ ਹਦਾਇਤਾਂ ਦੀ ਪੂਰੀ ਤਰ੍ਹਾਂ ਨਾਲ ਪਾਲਣਾ ਕਰਨੀ ਚਾਹੀਦੀ ਹੈ। ਸੀਤ ਲਹਿਰ ਬਾਰੇ ਦੱਸਿਆ ਡਾ ਡਮਾਣਾ ਨੇ ਕਿਹਾ ਕਿ ਠੰਢ ਦੇ ਲੰਬੇ ਸਮੇਂ ਤੱਕ ਸੰਪਰਕ ਵਿੱਚ ਰਹਿਣ ਨਾਲ ਵੱਖ-ਵੱਖ ਬਿਮਾਰੀਆਂ ਜਿਵੇਂ ਫਲੂ, ਨੱਕ ਵਗਣ ਦੀ ਸੰਭਾਵਨਾ ਵਧ ਜਾਂਦੀ ਹੈ, ਇਹਨਾਂ ਵਰਗੇ ਲੱਛਣਾਂ ਲਈ ਡਾਕਟਰ ਨਾਲ ਸੰਪਰਕ ਕਰੋ। ਠੰਡੀ ਲਹਿਰ ਦੇ ਦੌਰਾਨ ਜਿੰਨਾ ਸੰਭਵ ਹੋ ਸਕੇ ਘਰ ਦੇ ਅੰਦਰ ਰਹੋ ਅਤੇ ਠੰਡੀ ਹਵਾ ਦੇ ਸੰਪਰਕ ਨੂੰ ਰੋਕਣ ਲਈ ਯਾਤਰਾ ਨੂੰ ਘੱਟ ਤੋਂ ਘੱਟ ਕਰੋ। ਢਿੱਲੀ ਫਿਟਿੰਗ ਅਤੇ ਕੱਪੜੇ ਦੀਆਂ ਕਈ ਪਰਤਾਂ ਪਹਿਨੋ। ਤੰਗ ਕੱਪੜੇ ਖੂਨ ਦੇ ਗੇੜ ਨੂੰ ਘਟਾਉਂਦੇ ਹਨ। ਕਪੜਿਆਂ ਦੀ ਇੱਕ ਪਰਤ ਦੀ ਬਜਾਏ ਵਿੰਡਪਰੂਫ ਗਰਮ ਉਨੀ ਮਲਟੀ-ਲੇਅਰ ਕੱਪੜੇ ਪਹਿਨੋ। ਆਪਣੇ ਆਪ ਨੂੰ ਸੁੱਕਾ ਰੱਖੋ। ਜੇਕਰ ਗਿੱਲਾ ਹੋਵੇ ਤਾਂ ਆਪਣੇ ਸਿਰ, ਗਰਦਨ, ਹੱਥਾਂ ਅਤੇ ਪੈਰਾਂ ਦੀਆਂ ਉਂਗਲਾਂ ਨੂੰ ਢੁਕਵੇਂ ਢੰਗ ਨਾਲ ਢੱਕੋ ਕਿਉਂਕਿ ਜ਼ਿਆਦਾਤਰ ਗਰਮੀ ਦਾ ਨੁਕਸਾਨ ਸਰੀਰ ਦੇ ਇਨ੍ਹਾਂ ਅੰਗਾਂ ਰਾਹੀਂ ਹੁੰਦਾ ਹੈ। ਦਸਤਾਨੇ ਨਾਲੋਂ ਮਿਟਨ ਨੂੰ ਤਰਜੀਹ ਦਿਓ, ਮਿਟਨ ਵਧੇਰੇ ਨਿੱਘ ਅਤੇ ਇਨਸੂਲੇਸ਼ਨ ਪ੍ਰਦਾਨ ਕਰਦੇ ਹਨ, ਕਿਉਂਕਿ ਉਂਗਲਾਂ ਆਪਣੇ ਨਿੱਘ ਨੂੰ ਸਾਂਝਾ ਕਰਦੀਆਂ ਹਨ। ਸਰਦੀ ਦੇ ਨੁਕਸਾਨ ਨੂੰ ਰੋਕਣ ਲਈ ਟੋਪੀਆਂ ਅਤੇ ਮਫਲਰ ਦੀ ਵਰਤੋਂ ਕਰੋ, ਇੰਸੂਲੇਟਡ/ਵਾਟਰਪਰੂਫ ਜੁੱਤੇ ਪਾਓ।ਸਰੀਰ ਦੇ ਤਾਪਮਾਨ ਦੇ ਸੰਤੁਲਨ ਨੂੰ ਬਣਾਈ ਰੱਖਣ ਲਈ ਸਿਹਤਮੰਦ ਭੋਜਨ ਖਾਓ। ਲੋੜੀਂਦੀ ਪ੍ਰਤੀਰੋਧਕ ਸ਼ਕਤੀ ਬਣਾਈ ਰੱਖਣ ਲਈ ਵਿਟਾਮਿਨ-ਸੀ ਨਾਲ ਭਰਪੂਰ ਫਲ, ਸ਼ਹਿਦ ,ਗੁੜ ਅਤੇ ਮੌਸਮੀ ਸਬਜ਼ੀਆਂ ਖਾਓ। ਗਰਮ ਤਰਲ ਪਦਾਰਥ ਨਿਯਮਿਤ ਤੌਰ 'ਤੇ ਪੀਓ, ਕਿਉਂਕਿ ਇਹ ਠੰਡੇ ਨਾਲ ਲੜਨ ਲਈ ਸਰੀਰ ਦੀ ਗਰਮੀ ਨੂੰ ਬਰਕਰਾਰ ਰੱਖੇਗਾ। ਆਪਣੀ ਚਮੜੀ ਨੂੰ ਨਿਯਮਤ ਤੌਰ 'ਤੇ ਤੇਲ, ਪੈਟਰੋਲੀਅਮ ਜੈਲੀ ਜਾਂ ਬਾਡੀ ਕ੍ਰੀਮ ਨਾਲ ਨਮੀ ਦਿਓ। ਕਾਰਬਨ ਮੋਨੋਆਕਸਾਈਡ ਦੇ ਜ਼ਹਿਰ ਨੂੰ ਰੋਕਣ ਲਈ ਬੰਦ ਕਮਰੇ ਜਾਂ ਖੇਤਰ ਵਿੱਚ ਅੰਗੀਠੀ ਵਿੱਚ ਕੋਲੇ ਜਾਂ ਲੱਕੜ ਨਾ ਜਲਾਓ। ਕਮਜ਼ੋਰ ਆਬਾਦੀ ਬਜ਼ੁਰਗ, ਬੱਚੇ, ਗਰਭਵਤੀ ਔਰਤਾਂ, ਬੇਘਰ, ਕਿਸਾਨ ਅਤੇ ਬਜ਼ੁਰਗ ਲੋਕਾਂ ਦਾ ਧਿਆਨ ਰੱਖੋ। ਇਸ ਬਾਰੇ ਹੋਰ ਜਾਣਕਾਰੀ ਸਾਂਝੀ ਕਰਦੇ ਜਿਲ੍ਹਾ ਐਪੀਡਿਮੋਲੇਜਿਸਟ ਡਾ ਜਗਦੀਪ ਸਿੰਘ ਨੇ ਦੱਸਿਆ ਕਿ ਠੰਢ ਦੇ ਲੰਬੇ ਸਮੇਂ ਤੱਕ ਸੰਪਰਕ ਵਿੱਚ ਰਹਿਣ ਨਾਲ ਚਮੜੀ ਫਿੱਕੀ, ਸਖ਼ਤ ਅਤੇ ਸੁੰਨ ਹੋ ਸਕਦੀ ਹੈ, ਅਤੇ ਸਰੀਰ ਦੇ ਖੁੱਲ੍ਹੇ ਅੰਗਾਂ 'ਤੇ ਕਾਲੇ ਛਾਲੇ ਹੋ ਸਕਦੇ ਹਨ ਅਤੇ ਤੁਰੰਤ ਡਾਕਟਰ ਦੀ ਸਲਾਹ ਲਓ। ਠੰਡ ਦੇ ਲੱਛਣਾਂ ਜਿਵੇਂ ਕਿ ਠੰਡੇ ਦੀ ਲਹਿਰ ਦੇ ਸੰਪਰਕ ਵਿੱਚ ਆਉਣ ਵੇਲੇ, ਉਂਗਲਾਂ, ਪੈਰਾਂ ਦੀਆਂ ਉਂਗਲਾਂ, ਕੰਨਾਂ ਦੀਆਂ ਲੋਬਾਂ ਅਤੇ ਨੱਕ ਦੇ ਸਿਰੇ 'ਤੇ ਸੁੰਨ ਹੋਣਾ, ਚਿੱਟੇ ਜਾਂ ਫਿੱਕੇ ਦਿੱਖ ਦੇ ਲੱਛਣਾਂ ਲਈ ਧਿਆਨ ਰੱਖੋ। ਕੋਸੇ (ਗਰਮ ਨਹੀਂ) ਪਾਣੀ ਨਾਲ਼ ਠੰਡ ਨਾਲ ਪ੍ਰਭਾਵਿਤ ਏਰੀਏ ਦਾ ਇਲਾਜ ਕਰੋ। ਸ਼ੀਤ ਲਹਿਰ ਦੇ ਗੰਭੀਰ ਸੰਪਰਕ ਨਾਲ ਹਾਈਪੋਥਰਮੀਆ ਹੋ ਸਕਦਾ ਹੈ-ਸਰੀਰ ਦੇ ਤਾਪਮਾਨ ਵਿੱਚ ਕਮੀ ਜਿਸ ਨਾਲ ਬੋਲਣ ਵਿੱਚ ਕੰਬਣੀ, ਨੀਂਦ ਆਉਣਾ, ਮਾਸਪੇਸ਼ੀਆਂ ਵਿੱਚ ਅਕੜਾਅ, ਸਾਹ ਲੈਣ ਵਿਚ ਔਖਿਆਈ ਹੋ ਸਕਦੀ ਹੈ। ਹਾਈਪੋਥਰਮੀਆ ਇੱਕ ਮੈਡੀਕਲ ਐਮਰਜੈਂਸੀ ਹੈ ਜਿਸ ਲਈ ਤੁਰੰਤ ਡਾਕਟਰੀ ਸਹਾਇਤਾ ਦੀ ਲੋੜ ਹੁੰਦੀ ਹੈ।

# ਪੰਜਾਬ ਭਾਜਪਾ ਵੱਲੋਂ 35 ਜਿਲਾ ਪ੍ਰਧਾਨ 2 ਬੁਲਾਰੇ 2 ਮੀਡੀਆ ਪੈਨਲਿਸਟ ਤੇ ਅਨੁਸ਼ਾਸਨੀ ਕਮੇਟੀ ਤੇ ਹੋਰ ਅਹੁਦੇਦਾਰਾਂ ਦਾ ਐਲਾਨ

**ਚੰਡੀਗੜ-** ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਸ੍ਰੀ ਸੁਨੀਲ ਜਾਖੜ ਨੇ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਜੇਪੀ ਨੱਡਾ ਤੇ ਸਮੁੱਚੀ ਸੀਨੀਅਰ ਲੀਡਰਸ਼ਿਪ ਨਾਲ ਸਲਾਹ ਮਸ਼ਵਰੇ ਨਾਲ ਤੋ ਬਾਅਦ ਸੂਬਾ ਅਨੁਸ਼ਾਸਨੀ ਕਮੇਟੀ ,35 ਜਿਲਾ ਪ੍ਰਧਾਨ 6 ਸੈਂਲਾਂ ਦੇ ਕਨਵੀਨਰ/ਕੋਆਰਡੀਨੇਟਰ 2 ਬੁਲਾਰੇ ਤੇ 2 ਪੈਨਲਿਸਟ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ ।ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਨੂੰ ਅਨੁਸਾਸਨੀ ਕਮੇਟੀ ਦਾ ਚੇਅਰਮੈਨ, ਬਕਸ਼ੀ ਰਾਮ ਅਰੋੜਾ ਤੇ ਐਨ ਕੇ ਵਰਮਾ ਨੂੰ ਮੈਂਬਰ ਲਗਾਇਆ ਗਿਆ ਹੈ। ਰੰਜਾਮ ਕਾਮਰਾ ਨੂੰ ਸੂਬੇ ਦੇ ਸੈਂਲਾ ਦਾ ਕੋਆਰਡੀਨੇਟਰ ,ਅਜੇ ਅਰੋੜਾ ਨੂੰ ਸੂਬਾ ਸੋਸ਼ਲ ਮੀਡੀਆ ਕਨਵੀਨਰ, ਵੀਨੀਤ ਜੋਸ਼ੀ ਨੂੰ ਮੀਡੀਆ ਮੈਨੇਜਮੈਂਟ ਸੈਂਲ ਕਨਵੀਨਰ, ਐਸ਼ ਐਸ਼ ਚੰਨੀ ਨੂੰ ਕੋਆਰਡੀਨੇਟਰ ਇਲੈਕਟਰੋਨਿਕ ਮੀਡੀਆ, ਅੰਕਿਤ ਸ਼ਰਮਾ ਨੂੰ ਸੂਬਾ ਪ੍ਰਧਾਨ ਦਫ਼ਤਰ ਕੋਆਰਡੀਨੇਟਰ ਅਤੇ ਕੇ ਕੇ ਮਲਹੋਤਰਾ ਨੂੰ ਸਟੇਟ ਕਾਨਵੀਨਰ ਮਿਉਨਿਸਪਲ ਸੈਲ ਲਗਾਇਆ ਗਿਆ ਹੈ । ਰਾਜੀਵ ਕਤਨਾ ਅਤੇ ਅਮਿਤ ਗੋਸਾਈ ਨੂੰ ਬੁਲਾਰਾ, ਸੰਜੀਵ ਸ਼ੇਰੂ ਸੱਚਦੇਵਾ ਅਤੇ ਗੁਰਚਰਨ ਸਿੰਘ ਨੂੰ ਸੂਬਾ ਪੈਨਲਿਸਟ ਨਿਯੁਕਤ ਕੀਤਾ ਗਿਆ ਹੈ। ਜਿਲਾ ਪ੍ਰਧਾਨ ਵਿੱਚ ਮਨਜੀਤ ਸਿੰਘ ਮੰਨਾ ਨੂੰ ਸ੍ਰੀ ਅੰਮ੍ਰਿਤਸਰ ਦਿਹਾਤੀ, ਹਰਵਿੰਦਰ ਸਿੰਘ ਸੰਧੂ ਨੂੰ ਅੰਮ੍ਰਿਤਸਰ ਸ਼ਹਿਰੀ , ਯਾਦਵਿੰਦਰ ਸਿੰਘ ਸ਼ੰਟੀ ਨੂੰ ਬਰਨਾਲਾ, ਹਰਸਿਮਰਨ ਸਿੰਘ ਵਾਲੀਆ ਨੂੰ ਬਟਾਲਾ, ਰਵੀਪ੍ਰੀਤ ਸਿੰਘ ਸਿੱਧੂ ਨੂੰ ਬਠਿੰਡਾ ਦਿ-ਹਾਤੀ, ਸਰੂਪ ਚੰਦ ਸਿੰਗਲਾ ਨੂੰ ਬਠਿੰਡਾ ਸ਼ਹਿਰੀ, ਗਰੁਵ ਕੱਕੜ ਨੂੰ ਫਰੀਦਕੋਟ ,ਦੀਦਾਰ ਸਿੰਘ ਭੱਟੀ ਨੂੰ ਸ੍ਰੀ ਫਤਹਿਗੜ ਸਹਿਬ, ਸੁਖਵਿੰਦਰ ਪਾਲ ਸਿੰਘ ਕਾਕਾ ਨੂੰ ਫਾਜਿਲਕਾ, ਸ਼ਮਸ਼ੇਰ ਸਿੰਘ ਨੂੰ ਫਿਰੋਜਪੁਰ, ਸ਼ਿਵਵੀਰ ਰਾਜਨ ਨੂੰ ਗੁਰਦਾਸਪੁਰ, ਨਿਪੁੰਨ ਸ਼ਰਮਾ ਨੂੰ ਹੁਸ਼ਿਆਰਪੁਰ, ਅਜੇ ਕੌਸ਼ਲ ਸੇਖੂ ਨੂੰ ਹੁਸ਼ਿਆਰਪੁਰ ਦਿਹਾਤੀ, ਇੰਦਰਪਾਲ ਸਿੰਘ ਧਾਲੀਵਾਲ ਨੂੰ ਜਗਰਾਂਓ, ਸ਼ੁਸ਼ੀਲ ਸ਼ਰਮਾ ਨੂੰ ਜਲੰਧਰ ,ਰਣਜੀਤ ਸਿੰਘ ਨੂੰ ਪਵਾਰ ਨੂੰ ਜਲੰਧਰ ਰੂਰਲ ਨਾਰਥ, ਮੁਨੀਸ਼ ਧੀਰ ਨੂੰ ਜਲੰਧਰ ਰੂਰਲ ਸਾਊਥ, ਰਣਜੀਤ ਸਿੰਘ ਖੋਜੇਵਾਲ ਨੂੰ ਕਪੂਰਥਲਾ।

ਭੁਪਿੰਦਰ ਸਿੰਘ ਚੀਮਾ ਨੂੰ ਖੰਨਾ, ਰਾਮਿੰਦਰ ਸਿੰਘ ਸੰਗੋਵਾਲ ਨੂੰ ਲੁਧਿਆਣਾ ਰੂਰਲ, ਰਾਜਨੀਸ਼ ਧੀਮਾਨ ਨੂੰ ਲੁਧਿਆਣਾ ਸ਼ਹਿਰੀ, ਅਮਨ ਥਾਪਰ ਨੂੰ ਮਲੇਰਕੋਟਲਾ, ਰਕੇਸ਼ ਜੈਨ ਨੂੰ ਮਾਨਸਾ, ਸੀਮਾਂਤ ਗਰਗ ਨੂੰ ਮੋਗਾ ਸੰਜੀਵ ਵਸ਼ਿਸਟ ਨੂੰ ਮੋਹਾਲੀ, ਸਤੀਸ਼ ਅਸੀਜਾ ਨੂੰ ਮੁਕਤਸਰ, ਰਾਜਵਿੰਦਰ ਸਿੰਘ ਲੱਕੀ ਨੂੰ ਨਵਾਂ ਸ਼ਹਿਰ, ਵਿਜੇ ਸ਼ਰਮਾ ਨੂੰ ਪਠਾਨਕੋਟ, ਜਸ਼ਪਾਲ ਸਿੰਘ ਗਗਰੋਲੀ ਨੂੰ ਪਟਿਆਲ਼ਾ ਉੱਤਰ, ਹਰਮੇਸ਼ ਗੋਇਲ ਨੂੰ ਪਟਿਆਲ਼ਾ ਦੱਖਣ, ਸੰਜੀਵ ਬਿੱਟੂ ਨੂੰ ਪਟਿਆਲ਼ਾ ਸ਼ਹਿਰੀ, ਅਜੇਵੀਰ ਸਿੰਘ ਲਾਲਪੁਰਾ ਨੂੰ ਰੋਪੜ, ਧਰਮਿੰਦਰ ਸਿੰਘ ਨੂੰ ਸੰਗਰੂਰ 1, ਅੰਮ੍ਰਿਤ ਸਿੰਘ ਚੱਠਾ ਨੂੰ ਸੰਗਰੂਰ 2 ਤੇ ਹਰਜੀਤ ਸਿੰਘ ਨੂੰ ਤਰਨਤਾਰਨ ਦਾ ਜਿਲਾ ਪ੍ਰਧਾਨ ਲਗਾਇਆ ਗਿਆ ਹੈ।

# ਆਲ ਇੰਡੀਆ ਸਮਤਾ ਸੈਨਿਕ ਦਲ ਦਾ ਰਾਸ਼ਟਰੀ ਅਧਿਵੇਸ਼ਨ ਸੰਪੂਰਨ ਹੋਇਆ






**ਜਲੰਧਰ –** ਆਲ ਇੰਡੀਆ ਸਮਤਾ ਸੈਨਿਕ ਦਲ ਇੱਕ ਗੈਰ-ਸਿਆਸੀ, ਸੱਭਿਆਚਾਰਕ ਸੰਸਥਾ ਹੈ ਜਿਸਦੀ ਸਥਾਪਨਾ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਦੁਆਰਾ 13 ਮਾਰਚ, 1927 ਨੂੰ ਕੀਤੀ ਗਈ ਸੀ। 6 ਦਸੰਬਰ,1956 ਨੂੰ ਬਾਬਾ ਸਾਹਿਬ ਦੇ ਪ੍ਰੀਨਿਰਵਾਣ ਤੋਂ ਬਾਅਦ, ਸਮਤਾ ਸੈਨਿਕ ਦਲ ਦੀਆਂ ਗਤੀਵਿਧੀਆਂ ਲਗਭਗ ਬੰਦ ਹੋ ਗਈਆਂ ਸਨ। ਪ੍ਰਸਿੱਧ ਅੰਬੇਡਕਰਵਾਦੀ ਅਤੇ ਭੀਮ ਪਤ੍ਰਿਕਾ ਦੇ ਸੰਪਾਦਕ ਸ਼੍ਰੀ ਐਲ ਆਰ ਬਾਲੀ ਨੇ ਸ਼੍ਰੀ ਭਗਵਾਨ ਦਾਸ, ਡਾ. ਸੁਰਿੰਦਰ ਅਜਾਨਤ, ਧਰਮ ਦਾਸ ਚੰਦਨਖੇੜੇ, ਹਰੀਸ਼ ਚਾਂਹਦੇ ਅਤੇ ਨਾਗਪੁਰ (ਮਹਾਰਾਸ਼ਟਰ) ਦੇ ਹੋਰ ਆਪਣੇ ਅੰਬੇਡਕਰਵਾਦੀ ਸਾਥੀਆਂ ਨਾਲ ਮਿਲ ਕੇ ਸਮਤਾ ਸੈਨਿਕ ਦਲ ਨੂੰ ਮੁੜ ਸੁਰਜੀਤ ਕੀਤਾ ਅਤੇ ਇਸਨੂੰ ਰਜਿਸਟਰਡ ਕਰਵਾਇਆ। ਇਸਦਾ ਹਰ ਦੋ ਸਾਲ ਬਾਅਦ ਰਾਸ਼ਟਰੀ ਅਧਿਵੇਸ਼ਨ ਹੁੰਦਾ ਹੈ ਅਤੇ ਲੋਕਤੰਤਰੀ ਢੰਗ ਨਾਲ ਨਵੀਂ ਬੋਡੀ ਚੁਣੀ ਜਾਂਦੀ ਹੈ। ਇਸ ਬਾਰ ਆਲ ਇੰਡੀਆ ਸਮਤਾ ਸੈਨਿਕ ਦਲ ਦਾ 19ਵਾਂ ਰਾਸ਼ਟਰੀ ਅਧਿਵੇਸ਼ਨ ਦਲ ਦੇ ਸਿਖਲਾਈ ਕੇਂਦਰ ਚਿਚੋਲੀ (ਫੇਟਰੀ), ਜ਼ਿਲ੍ਹਾ ਨਾਗਪੁਰ (ਮਹਾਰਾਸ਼ਟਰ), ਵਿਖੇ ਹੋਇਆ। ਸਟੇਜ ਸੰਬੋਧਨ ਦੇ ਨਾਲ-ਨਾਲ ਵੱਖ-ਵੱਖ ਸੱਭਿਆਚਾਰਕ ਵੰਨਗੀਆਂ ਦੀਆਂ ਮਨਮੋਹਕ ਪੇਸ਼ਕਾਰੀਆਂ, ਸ਼ਾਨਦਾਰ ਅਦਾਕਾਰੀ ਨਾਲ ਨਾਟਕ ਦਾ ਮੰਚਨ ਕੀਤਾ ਗਿਆ। ਬੁੱਧ-ਅੰਬੇਡਕਰ ਮਿਸ਼ਨ 'ਤੇ ਆਧਾਰਿਤ ਕਵਿਤਾਵਾਂ ਦੇ ਪਾਠ ਨਾਲ, ਸਮਤਾ ਸੈਨਿਕ ਦਲ (AISSD) ਨੇ 24-25 ਦਸੰਬਰ 2023 ਨੂੰ ਆਪਣੇ ਦੋ-ਰੋਜ਼ਾ 19ਵਾਂ ਰਾਸ਼ਟਰੀ ਅਧਿਵੇਸ਼ਨ ਦਾ ਗਾਥਾ ਨਾਲ ਸਮਾਪਨ ਕੀਤਾ ਅਤੇ ਦਲ ਦਾ ਝੰਡਾ ਉਤਾਰਿਆ ਗਿਆ।

ਸਮਾਪਤੀ ਸੈਸ਼ਨ ਵਿੱਚ ਸਮਾਜਿਕ ਅਤੇ ਰਾਸ਼ਟਰੀ ਹਿੱਤ ਦੇ ਕਈ ਅਹਿਮ ਫੈਸਲੇ ਲਏ ਗਏ, ਮਤੇ ਪਾਸ ਕੀਤੇ ਗਏ ਅਤੇ ਸਾਲ 2023-2025 ਲਈ ਨਵੀਂ ਕੇਂਦਰੀ ਕਾਰਜਕਾਰਨੀ ਦਾ ਐਲਾਨ ਕੀਤਾ ਗਿਆ। ਇਸ ਅਧਿਵੇਸ਼ਨ ਵਿੱਚ ਪੰਜਾਬ ਤੋਂ 5 ਮੈਂਬਰਾਂ ਦਾ ਇੱਕ ਪ੍ਰਤੀਨਿਧੀ ਮੰਡਲ ਸੀਨੀਅਰ ਕਾਰਜਕਾਰੀ ਕਮੇਟੀ ਮੈਂਬਰ ਸ਼੍ਰੀ ਹਰਭਜਨ ਨਿਮਤਾ ਦੀ ਅਗਵਾਈ ਵਿੱਚ ਸ਼ਾਮਿਲ ਹੋਇਆ। ਇਸ ਤਰ੍ਹਾਂ ਮਹਾਰਾਸ਼ਟਰ ਰਾਜ ਦੇ ਨਾਲ-ਨਾਲ ਦੇਸ਼ ਦੇ ਵੱਖ-ਵੱਖ ਰਾਜਾਂ ਜਿਵੇਂ ਪੰਜਾਬ, ਰਾਜਸਥਾਨ, ਹਰਿਆਣਾ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਛੱਤੀਸਗੜ੍ਹ, ਤੇਲੰਗਾਨਾ, ਉੜੀਸਾ ਤੋਂ ਲਗਪਗ 400 ਸਮਤਾ ਸੈਨਿਕ ਮੈਂਬਰਾਂ ਨੇ ਸ਼ਿਰਕਤ ਕੀਤੀ ਅਤੇ ਅਧਿਵੇਸ਼ਨ ਨੂੰ ਸਫਲ ਬਣਾਉਣ ਲਈ ਸਭ ਨੇ ਤਨ-ਮਨ-ਧਨ ਨਾਲ ਸਹਿਯੋਗ ਦਿੱਤਾ। ਇਹ ਜਾਣਕਾਰੀ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.), ਪੰਜਾਬ ਯੂਨਿਟ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਰਾਹੀਂ ਦਿੱਤੀ।

# ਕਾਂਗਰਸ ਨੇ ਜਿਲ੍ਹਾ ਪ੍ਰੀਸ਼ਦ ਮੈਂਬਰ ਕਮਲਜੀਤ ਬੰਗਾ ਨੂੰ ਬਲਾਚੌਰ ਵਿਧਾਨ ਸਭਾ ਦਾ ਕੋਆਰਡੀਨੇਟਰ ਲਗਾਇਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਆਉਂਦੀਆਂ ਲੋਕ ਸਭਾ ਚੋਣਾਂ ਕਾਂਗਰਸ ਪਾਰਟੀ ਸ਼ਾਨ ਨਾਲ ਜਿੱਤੇਗੀ ਅਤੇ ਵਰਕਰਾਂ ਨੂੰ ਨਾਲ ਲੈ ਕੇ ਪਾਰਟੀ ਦੀ ਹੋਰ ਮਜਬੂਤੀ ਲਈ ਦਿਨ ਰਾਤ ਇਕ ਕਰ ਦਿਆਂਗੇ। ਇਹ ਸ਼ਬਦ ਮੈਂਬਰ ਜਿਲ੍ਹਾ



ਪ੍ਰੀਸ਼ਦ ਕਮਲਜੀਤ ਬੰਗਾ ਨਵਨਿਯੁਕਤ ਕੋਆਰਡੀਨੇਟਰ ਬਲਾਚੌਰ ਨੇ ਇਥੇ ਗੱਲਬਾਤ ਕਰਦਿਆਂ ਆਖੇ। ਉਹਨਾਂ ਆਖਿਆ ਕਿ ਆਮ ਆਦਮੀ ਪਾਰਟੀ ਲੋਕ ਹਿਤੈਸ਼ੀ ਨਹੀਂ ਹੈ। ਲੋਕ ਹੁਣ ਇਸ ਪਾਰਟੀ ਦੀ ਅਸਲੀਅਤ ਜਾਣਨ ਚੁੱਕੇ ਹਨ। ਆਉਂਦੀ ਕਿਸੇ ਵੀ ਚੋਣ ਵਿਚ ਲੋਕ ਹੁਣ ਆਮ ਆਦਮੀ ਪਾਰਟੀ ਨੂੰ ਮੂੰਹ ਨਹੀਂ ਲਗਾਉਣਗੇ। ਉਪਰੰਤ ਉਹਨਾਂ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਧੰਨਵਾਦ ਕੀਤਾ ਜਿਹਨਾਂ ਉਕਤ ਅਹੁਦੇ ਲਈ ਮੈਨੂੰ ਇਸ ਕਾਬਲ ਸਮਝਿਆ। ਸੀਨੀਅਰ ਕਾਂਗਰਸ ਆਗੂ ਹਰਭਜਨ ਸਿੰਘ ਭਰੌਲੀ ਪ੍ਰਧਾਨ ਹਲਕਾ ਬੰਗਾ ਨੇ ਹਾਈਕਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਜਿਹਨਾਂ ਸ਼੍ਰੀ ਬੰਗਾ ਦੀਆਂ ਪਾਰਟੀ ਪ੍ਰਤੀ ਸੇਵਾਵਾਂ ਨੂੰ ਵੇਖਦੇ ਹੋਏ ਵਿਧਾਨ ਸਭਾ ਹਲਕਾ ਬਲਾਚੌਰ ਦਾ ਕੋਆਰਡੀਨੇਟਰ ਨਿਯੁਕਤ ਕੀਤਾ ਹੈ। ਇਸ ਮੌਕੇ ਹੋਰ ਪਾਰਟੀ ਹਾਈਕਮਾਨ ਦਾ ਧੰਨਵਾਦ ਕਰਨ ਵਾਲਿਆਂ ਵਿਚ ਰਘੁਵੀਰ ਸਿੰਘ ਬਿੱਲਾ ਬਲਾਕ ਪ੍ਰਧਾਨ, ਗੁਰਬਖਸ਼ ਸਿੰਘ ਸਾਬਕਾ ਸਰਪੰਚ ਭਰੋਲੀ, ਪਰਵਿੰਦਰ ਕੁਮਾਰ ਛਾਬੜਾ ਤੇ ਰਾਜ ਕੁਮਾਰ ਰਾਜੂ ਢੰਡੂਹਾ ਆਦਿ ਵੀ ਸ਼ਾਮਲ ਹਨ।

# ਸ੍ਰੀ ਗੁਰੂ ਰਵਿਦਾਸ ਦਰਬਾਰ ਚੀਸੋਲੇ ਮਾਨਤੋਵਾ 'ਚ ਨਵੇਂ ਸਾਲ ਦੀ ਆਮਦ ਤੇ ਵਿਸ਼ੇਸ਼ ਸਮਾਗਮ ਦਾ ਆਯੋਜਨ

## ਸਮਾਗਮ 'ਚ ਨਵੇ਼ ਸਾਲ ਨੂੰ "ਜੀ ਆਇਆ ਕਹਿਣ" ਲਈ ਸੰਗਤਾਂ ਨੇ ਕੀਤੀ ਵੱਧ ਚੜ ਕੇ ਸ਼ਿਰਕਤ






**ਰੋਮ (ਇਟਲੀ) (ਟੇਕ ਚੰਦ ਜਗਤਪੁਰ)-** ਜਿਥੇ ਸਮੁੱਚੇ ਸੰਸਾਰ ਭਰ ਚ ਨਵੇ਼ ਸਾਲ ਦੀ ਆਮਦ ਤੇ ਜਸ਼ਨ ਮਨਾਏ ਗਏ, ਉਥੇ ਇਟਲੀ ਦੇਵੱਖ -ਵੱਖ ਗੁਰੂਘਰਾਂ ਚ ਵੀ ਵਿਸ਼ੇਸ਼ ਸਮਾਗਮ ਆਯੋਜਿਤ ਕਰਕੇ ਨਵੇ਼ ਵਰੇ 2024 ਨੂੰ ਜੀ ਆਇਆ ਕਿਹਾ ਗਿਆ। ਇਸੇ ਲੜੀ ਤਹਿਤ ਸ੍ਰੀ ਗੁਰੂ ਰਵਿਦਾਸ ਦਰਬਾਰ ਚੀਸੋਲੇ ਮਾਨਤੋਵਾ, ਵਿਚ ਵੀ ਵਿਸ਼ੇਸ਼ ਸਮਾਗਮ ਦਾ ਅਯੋਜਿਨ ਕੀਤਾ ਗਿਆ। ਅਮ੍ਰਿਤਬਾਣੀ ਸ੍ਰੀ ਗੁਰੂ ਰਵਿਦਾਸ ਜੀ ਦੇ ਆਖੰਡ ਜਾਪ ਉਪਰੰਤ ਸਰਬਤ ਦੇ ਭਲੇ ਹਿੱਤ ਅਰਦਾਸ ਕੀਤੀ ਗਈ। ਇਸ ਸਮਾਗਮ ਵਿਚ ਭਾਈ ਜੀਵਨ ਸਿੰਘ ਮਾਨ ਦੇ ਕੀਰਤਨੀ ਜਥੇ ਨੇ ਕਥਾਂ ਅਤੇ ਕੀਰਤਨ ਰਾਹੀ ਆਈਆਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ।ਇਸ ਮੌਕੇ ਤੇ ਪ੍ਰਧਾਨ ਸ਼ਿਵਦਿਆਲ ਸਿੰਘ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ, ਸਮੁੱਚੀ ਮਾਨਵਤਾ ਦੀ ਤੰਦਰੁਸਤੀ, ਤਰੱਕੀ, ਕਾਮਯਾਬੀ ਅਤੇ ਚੜਦੀ ਦੀ ਕਾਮਨਾ ਕਰਦਿਆ ਨਵੇ ਵਰੇ ਦੀਆਂ ਵਧਾਈਆਂ ਸੰਗਤਾਂ ਨਾਲ ਸਾਝੀਆਂ ਕੀਤੀਆਂ। ਉਨ੍ਹਾਂ ਸੰਗਤਾਂ ਨੂੰ ਅਜਿਹੇ ਸਮਾਗਮ (ਜੋ ਭਾਈਚਾਰਕ ਸਾਂਝ ਵਧਾਉਣ ਦੇ ਨਾਲ ਨਾਲ ਆਪਸੀ ਮੋਹ, ਮਹੱਬਤ ਅਤੇ ਪਿਆਰ ਦਾ ਮਾਨਵਤਾ ਨੂੰ ਸੰਦੇਸ਼ ਦਿੰਦੇ ਹਨ) ਚ ਵੱਧ ਚੜ ਕੇ ਹਿੱਸਾ ਲੈਣ ਦੀ ਪੁਰਜੋਰ ਬੇਨਤੀ ਕੀਤੀ। ਇਸ ਮੌਕੇ ਕਮੇਟੀ ਵਲੋਂ ਆਈਆਂ ਸ਼ਖਸ਼ੀਅਤਾਂ ਦਾ ਸਿਰੋਪਾਓ ਦੇ ਕੇ ਸਨਮਾਨ ਵੀ ਕੀਤਾ ਗਿਆ। ਨਵੇ ਵਰੇ ਦੀ ਆਮਦ ਤੇ ਸੰਗਤਾਂ ਨੇ ਪਟਾਕੇ, ਅਤੇ ਆਤਿਸਬਾਜੀ ਚਲਾ ਕੇ ਸਵਾਗਤ ਕੀਤਾ। ਇਸ ਮੌਕੇ ਤੇ ਨਵਦੀਪ ਸਿੰਘ ਜ ਸਕੱਤਰ ਬਾਬਾ ਰਾਮ ਚੰਦ ਯਾਦਗਾਰੀ ਟਰੱਸਟ ਯੂਰਪ, ਮੋਹਣ ਲਾਲ ਸਮਰਾਏ, ਰਵਿੰਦਰ ਲਾਡੀ ਮਾਨ, ਬੂਟਾ ਰਾਮ, ਚਮਨ ਲਾਲ ਸਾਹਲੋ, ਕੁਲਵਿੰਦਰ ਰਾਮ ਝੱਮਟ, ਦੇਵ ਰਾਜ ਜੱਸਲ, ਜਗਦੀਸ਼ ਕੁਮਾਰ ਜਗਤਪੁਰ, ਰਾਕੇਸ਼ ਬਖਲੌਰ, ਰਾਮਪਾਲ ਪੱਲੀ ਝਿੱਕੀ, ਜਿੰਦਰ ਨੰਗਲ, ਸੋਨੂੰ ਸਿੰਘਪੁਰ, ਪ੍ਰਸੋਤਮ ਲਾਲ ਢੰਡਾ, ਅਮਰੀਕ ਸਿੰਘ, ਸਤਨਾਮ ਸਿੰਘ, ਰਾਜਵੀਰ ਸਿੰਘ, ਸੋਨੂੰ ਸਿੰਘਪੁਰ, ਆਦਿ ਹਾਜਰ ਸਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਬਾਬਾ ਸਾਹਿਬ ਡਾ ਅੰਬੇਡਕਰ ਜੀ ਦਾ ਪ੍ਰੀਨਿਰਵਾਣ ਦਿਵਸ ਮਨਾਇਆ ਗਿਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਭਾਰਤੀ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਪਰੀਨਿਰਵਾਣ ਦਿਵਸ ਤੇ ਪੰਜਾਬ ਵਿੱਚ ਅਣਖ ਜਗਾਉ ਦੇ ਤਹਿਤ ਕੇਡਰ ਕੈਪ ਵਿਚ ਮੁੱਖ ਮਹਿਮਾਨ ਵਿਪਲ ਕੁਮਾਰ ਜੀ ਕੇਂਦਰੀ ਕੋਆਰਡੀਨੇਟਰ ਪੰਜਾਬ ਚੰਡੀਗੜ੍ਹ, ਜਸਵੀਰ ਸਿੰਘ ਗੜੀ ਪ੍ਰਧਾਨ ਬਸਪਾ ਪੰਜਾਬ ਪੁੱਜੇ। ਵਿਪਲ ਕੁਮਾਰ ਤੇ ਜਸਵੀਰ ਸਿੰਘ ਗੜੀ ਨੇ ਸੰਬੋਧਨ ਕਰਦਿਆਂ ਆਖਿਆ ਅਣਖ ਜਗਾਉ ਮੁਹਿੰਮ ਨਵੀਂ ਨਹੀਂ ਹੈ ਬਸਪਾ, ਬਾਮਸੇਫ, ਡੀ ਐਸ ਫੋਰ ਦੇ ਸੰਸਥਾਪਕ ਸਾਹਿਬ ਸ਼੍ਰੀ ਕਾਸ਼ੀ ਰਾਮ ਜੀ ਵਲੋਂ ਉਨ੍ਹਾਂ ਤੋਂ ਪਹਿਲਾਂ ਸਾਡੇ ਮਹਾਂਪੁਰਸ਼ਾਂ ਵਲੋ ਸਮੇਂ ਸਮੇਂ ਤੇ ਇਹ ਲਹਿਰਾਂ ਚੱਲਦੀਆਂ ਰਹਿੰਦੀਆਂ ਸਨ। ਸਮਾਜ ਵਿਚ ਬਦਲਾਓ ਤਾਂ ਹੀ ਹੋ ਰਿਹਾ ਹੈ। ਅੱਜ ਜਰੂਰਤ ਹੈ ਸਮਾਜਿਕ ਪਰਿਵਰਤਨ ਦੇ ਨਾਲ ਨਾਲ ਆਰਥਿਕ ਮੁਕਤੀ ਅੰਦੋਲਨ ਨੂੰ ਸਮਾਜ ਦੇ ਹਰ ਲੋੜਵੰਦ ਵਰਗ ਤਕ ਪਹੁੰਚਾਉਣ ਦੀ ਅਬਾਦੀ ਦੇ ਹਿਸਾਬ ਨਾਲ ਹਰ ਵਰਗ ਵਿਚ ਆਰਥਿਕ ਸੋਮੇ ਉਨ੍ਹਾਂ ਲੋਕਾਂ ਨੂੰ ਮਿਲਣੇ ਚਾਹੀਦੇ ਹਨ, ਜੋ 75 ਸਾਲਾਂ ਦੀ ਅਜਾਦੀ ਤੋਂ ਬਾਅਦ ਵੀ ਨਹੀਂ ਮਿਲੇ। ਇਹ ਸਭ ਆਪਣੀਆਂ ਸਰਕਾਰਾਂ ਬਣਾਕੇ ਹੀ ਕੀਤਾ ਜਾ ਸਕਦਾ ਹੈ। ਫਗਵਾੜਾ ਦੀ ਸਮੁੱਚੀ ਲੀਡਰਸ਼ਿਪ ਵਲੋਂ ਇਕ ਲੱਖ ਇਕ 1ਹਜਾਰ ਰੁਪਏ ਆਰਥਿਕ ਸਹਿਯੋਗ ਵੀ ਭੇਂਟ ਕੀਤਾ।



ਵਿਸ਼ੇਸ਼ ਤੌਰ ਤੇ ਪੁੱਜੇ ਬਸਪਾ ਪੰਜਾਬ ਦੇ ਜਨਰਲ ਸਕੱਤਰ ਚੌਧਰੀ ਗੁਰਨਾਮ ਸਿੰਘ, ਹਰਭਜਨ ਸਿੰਘ ਬਲਾਲੋ, ਪ੍ਰਵੀਨ ਬੰਗਾ ਜਨਰਲ ਸਕੱਤਰ ਬਸਪਾ ਪੰਜਾਬ ਨੇ ਆਖਿਆ ਸਾਹਿਬ ਸ਼੍ਰੀ ਕਾਸ਼ੀ ਰਾਮ ਜੀ ਨੇ ਦੇਸ਼ ਭਰ ਵਿੱਚ ਅਣਖ ਪੈਦਾ ਕਰਕੇ ਹੁਕਮਰਾਨ ਬਣਨ ਦਾ ਸੱਦਾ ਦਿੱਤਾ। ਸਭ ਤੋਂ ਵਡੇ ਸੂਬੇ ਉੱਤਰ ਪ੍ਰਦੇਸ਼ ਵਿੱਚ ਭੈਣ ਕੁਮਾਰੀ ਮਾਇਆਵਤੀ ਜੀ ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼ ਦੀ ਅਗਵਾਈ ਵਿਚ ਸਰਕਾਰ ਬਣਾਈ ਤੇ ਦੂਸਰੇ ਰਾਜਾਂ ਵਿੱਚ ਵੀ ਐਮ ਪੀ, ਐਮ ਐਲ ਏ ਜਿਤਾਉਣ ਦਾ ਪ੍ਰਬੰਧ ਕੀਤਾ, ਉਸੇ ਤਰਾਂ 25 ਸਾਲ ਬਾਅਦ ਵਿਧਾਇਕ ਬਣ ਸਕਦਾ ਹੈ, ਤਾਂ ਆਉਣ ਵਾਲੇ ਸਮੇਂ ਵਿਚ ਐਮ ਪੀ ਵੀ ਜਿੱਤ ਸੱਕਦੇ ਹਨ। ਇਸ ਮੌਕੇ ਤੇ ਸੀਨੀਅਰ ਆਗੂ ਅਸ਼ੋਕ ਸੰਧੂ, ਬਸਪਾ ਆਗੂ ਲੇਖ ਰਾਜ ਜਮਾਲਪੁਰ, ਹਲਕਾ ਇੰਚਾਰਜ ਮਨੋਹਰ ਜੱਖੂ, ਹਲਕਾ ਇੰਚਾਰਜ ਐਡਵੋਕੇਟ ਕੁਲਦੀਪ ਭੱਟੀ, ਹਲਕਾ ਫਗਵਾੜਾ ਦੇ ਪ੍ਰਧਾਨ ਚੰਰਜੀ ਲਾਲ ਕਾਲਾ, ਹਰਭਜਨ ਖਲਵਾੜਾ, ਹਰਭਜਨ ਸੁਮਨ ਪ੍ਰਧਾਨ ਮੂਲਵਾਸੀ ਅੰਬੇਡਕਰ ਸੈਨਾ, ਅਮਰਜੀਤ ਖੁੱਤਣ, ਰਾਮ ਮੂਰਤੀ ਖੇੜਾ, ਪਰਮਜੀਤ ਖਲਵਾੜਾ, ਮਹਿਲਾ ਵਿੰਗ ਦੀ ਇੰਚਾਰਜ ਇੰਚਾਰਜ ਪੁਸ਼ਪਿੰਦਰ ਅਠੌਲੀ, ਅਮਰੀਕ ਪੰਡਵਾਂ, ਪ੍ਰਦੀਪ ਮਲ ਸਰਪੰਚ, ਨਰਿੰਦਰ ਬਿੱਲਾ, ਹੈਪੀ ਕੌਲ, ਦੇਸ ਰਾਜ ਕਾਂਸ਼ੀ ਨਗਰ, ਬੀਬੀ ਮਨਜੀਤ ਕੌਰ, ਸੁਰਜੀਤ ਸਿੰਘ ਰਿਹਾਣਾ ਜੱਟਾਂ, ਗੁਰਮੀਤ ਸੁੰਨੜਾਂ, ਪਿਆਰਾ ਸਿੰਘ ਬ੍ਰਹੱਮਪੁਰ, ਰਤਨ ਕੈਲੇ, ਮਨੀ ਅੰਬੇਦਕਰ, ਲੈਂਬਰ ਬਲਾਲੋ, ਚਰਨਜੀਤ ਜੱਖੂ, ਮਨਜੀਤ ਵਾਹਦ, ਭਾਗ ਮੱਲ, ਸੋਹਣ ਲਾਲ ਰਾਹੀ ਤੋ ਇਲਾਵਾ ਹਲਕੇ ਦੀ ਲੀਡਰਸ਼ਿਪ ਸ਼ਾਮਿਲ ਹੋਈ ਤੇ ਵੱਡੀ ਗਿਣਤੀ ਬੀਬੀਆਂ ਨੇ ਸ਼ਮੂਲੀਅਤ ਕੀਤੀ। ਮਿਸ਼ਨਰੀ ਗਾਇਕ ਹਰਨਾਮ ਦਾਸ ਬਹਿਲਪੁਰੀ ਨੇ ਮਿਸ਼ਨਰੀ ਪ੍ਰੋਗਰਾਮ ਪੇਸ਼ ਕੀਤਾ। ਸਟੇਜ ਦੀ ਕਾਰਵਾਈ ਲੇਖ ਰਾਜ ਜਮਾਲਪੁਰ ਵਲੋਂ ਕੀਤੀ ਤੇ ਚਰੰਜੀ ਲਾਲ ਨੇ ਲੀਡਰਸ਼ਿਪ ਤੇ ਪੁੱਜੇ ਸਾਥੀਆਂ ਦਾ ਧੰਨਵਾਦ ਕੀਤਾ।

# ਕਰਨਾਣਾ ਸਕੂਲ ਦੇ ਗੁਰਬਿੰਦਰ ਨੇ ਨੈਸ਼ਨਲ ਵੇਟਲਿਫਟਿੰਗ ਮੁਕਾਬਲਿਆਂ 'ਚੋਂ ਜਿੱਤਿਆ ਸਿਲਵਰ ਮੈਡਲ

## ਪੰਜਾਬ ਦਾ ਚਮਕਾਇਆ ਨਾਂ ਇਲਾਕੇ ਵਿੱਚ ਖੁਸ਼ੀ ਦੀ ਲਹਿਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਰਾਜਸਥਾਨ ਦੇ ਸ਼ਹਿਰ ਬੀਕਾਨੇਰ ਵਿਖੇ ਚਲ ਰਹੀਆਂ ਨੈਸ਼ਨਲ ਸਕੂਲੀ ਖੇਡਾਂ ਵਿੱਚ ਸ.ਸ.ਸ. ਸਮਾਰਟ ਸਕੂਲ ਕਰਨਾਣਾ (ਸ. ਭ. ਸ. ਨਗਰ) ਦੇ ਗੁਰਬਿੰਦਰ ਸਿੰਘ ਨੇ ਵੇਟਲਿਫਟਿੰਗ ਮੁਬਕਾ-ਬਲਿਆਂ ਦੇ 61ਕਿਲੋਗ੍ਰਾਮ ਭਾਰ ਵਰਗ ਵਿੱਚ 114 ਕਿਲੋਗ੍ਰਾਮ ਕਲੀਨ ਜਰਕ ਅਤੇ 95 ਕਿਲੋਗ੍ਰਾਮ ਸਨੈਚ ਕੁੱਲ 209 ਕਿਲੋਗ੍ਰਾਮ ਭਾਰ ਚੁੱਕ ਕੇ ਭਾਰਤ ਵਿੱਚੋਂ ਸਿਲਵਰ ਮੈਡਲ ਪ੍ਰਾਪਤ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਮੁਖੀ ਹਰਮੇਸ਼ ਭਾਰਤੀ ਨੇ ਦੱਸਿਆ ਕਿ ਗੁਰਬਿੰਦਰ ਇੱਕ ਹੋਣਹਾਰ ਵੇਟਲਿਫ਼ਟਰ ਦੇ ਨਾਲ-ਨਾਲ ਇੱਕ ਚੰਗਾ ਵਿਦਿਆਰਥੀ ਵੀ ਹੈ। ਇਸਦੀ ਸ਼ਾਨਮੱਤੀ ਪ੍ਰਾਪਤੀ ਨੇ ਸਿੱਖਿਆ ਵਿਭਾਗ ਅਤੇ ਪੂਰੇ ਪੰਜਾਬ ਦਾ ਨਾਂ ਚਮਕਾਇਆ ਹੈ।ਇਹ ਖਬਰ ਸੁਣਦਿਆਂ ਹੀ ਇਲਾਕੇ ਅਤੇ ਦਾਨੀ ਸੱਜਣ ਅਤੇ ਐਨ ਆਰ ਆਈ ਵੀਰਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ।ਇਸ ਮਾਣਮੱਤੀ ਪ੍ਰਾਪਤੀ ਵਿੱਚ ਗੁਰਬਿੰਦਰ ਦੇ ਕੋਚ ਮਨਜੀਤ ਕੁਮਾਰ,ਹਰਭਜਨ ਲਾਖਾ ਸਪੋਰਟਸ ਕਲੱਬ ਕਰਨਾਣਾ, ਸੀਨੀਅਰ ਕੋਚ ਜਗਦੀਸ਼ ਕੁਮਾਰ ਅਤੇ ਸੀਨੀਅਰ ਕੋਚ ਕੁਲਦੀਪ ਸਿੰਘ ਰਾਣਾ ਦਾ ਮੁੱਖ ਯੋਗਦਾਨ ਰਿਹਾ। ਐਸ ਐਮ ਸੀ ਮੈਬਰਾਂ, ਸਮੂਹ ਸਟਾਫ਼ ਮੈਂਬਰਾਂ ਅਤੇ ਸਮੂਹ ਪੰਚਾਇਤ ਮੈਂਬਰਾਂ ਨੇ ਗੁਰਬਿੰਦਰ ਦੇ ਮਾਤਾ-ਪਿਤਾ ਅਤੇ ਕੋਚ ਸਹਿਬਾਨਾ ਨੂੰ ਮੁਬਾਰਕਬਾਦ ਦਿੱਤੀ। ਸਕੂਲ ਪੁੱਜਣ 'ਤੇ ਇਲਾਕੇ ਅਤੇ ਸਕੂਲ ਸਟਾਫ਼ ਵਲੋਂ ਹੋਣਹਾਰ ਵੇਟਲਿਫ਼ਟਰ ਦਾ ਭਰਪੂਰ ਸਵਾਗਤ ਕਿਤਾ ਜਾਵੇਗਾ।









# ਪਿੰਡ ਬੱਲਾਂ ਕਲਾਂ ਵਿਖੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ ਪ੍ਰੀਨਿਰਵਾਣ ਦਿਵਸ ਮਨਾਇਆ

## ਬਸਪਾ ਮੁੱਢ ਤੋਂ ਹੀ ਜ਼ਾਤ ਪਾਤ ਖਤਮ ਕਰਨ ਦੇ ਹੱਕ ਵਿੱਚ ਹੈ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)–** ਕਰਤਾਰਪੁਰ ਹਲਕੇ ਦੇ ਪਿੰਡ ਮੰਨਣ ਦੇ ਕੋਲ ਬੱਲਾਂ ਕਲਾਂ ਵਿਖੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦਾ ਪ੍ਰੀਨਿਰਵਾਣ ਦਿਵਸ ਮਨਾਇਆ ਗਿਆ। ਜਿਸ ਵਿੱਚ ਸਭ ਤੋਂ ਪਹਿਲਾਂ ਬਸਪਾ ਪੰਜਾਬ ਦੀ ਟੀਮ ਨੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਉਨ੍ਹਾਂ ਨੂੰ ਫੁੱਲਮਲਾਵਾ ਭੇਂਟ ਕੀਤੀਆਂ ਗਈਆਂ। ਬਹੁਜਨ ਸਮਾਜ ਦੀ ਅਣਖ ਜਗਾਉਣ ਲਈ ਹਰ ਪਹਿਲੂ ਤੇ ਗੱਲਬਾਤ ਰੱਖਦਿਆਂ ਜਸਵੀਰ ਸਿੰਘ ਗੜ੍ਹੀ ਸਾਹਿਬ ਨੇ ਕਿਹਾ ਕਿ ਜ਼ਾਤ ਪਾਤ ਸਾਡਾ ਖਹਿੜਾ ਨਹੀਂ ਛੱਡਦੀ। ਅਸੀਂ ਚਾਹੇ ਕਿਸੇ ਵੀ ਦੇਸ਼ ਵਿੱਚ ਚਲੇ ਜਾਈਏ ਅਤੇ ਅਸੀਂ ਚਾਹੇ ਕੋਈ ਵੀ ਧਰਮ ਅਖ਼ਤਿਆਰ ਕਰ ਲਈਏ ਪਰ ਜ਼ਾਤ ਸਾਡਾ ਪਿੱਛਾ ਨਹੀਂ ਛੱਡਦੀ। ਚਾਹੇ ਤਥਾਗਤ ਮਹਾਨਮਾਨਵ ਬੁੱਧ, ਸਤਿਗੁਰੂ ਕਬੀਰ ਸਾਹਿਬ, ਸਤਿਗੁਰੂ ਰਵਿਦਾਸ ਮਹਾਰਾਜ ਜੀ, ਸਤਿਗੁਰੂ ਨਾਮਦੇਵ ਜੀ, ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਾਰੇ ਗੁਰੂ ਸਾਹਿਬਾਨ ਤੋਂ ਬਾਅਦ ਬਾਬਾ ਸਾਹਿਬ ਡਾ ਅੰਬੇਡਕਰ ਅਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਵੱਖ ਵੱਖ ਤਰ੍ਹਾਂ ਨਾਲ ਜ਼ਾਤ ਪਾਤ ਦੇ ਵਿਰੁੱਧ ਲੰਬੀ ਲੜਾਈ ਲੜੀ। ਅਸੀਂ ਵੀ ਉਨ੍ਹਾਂ ਦੀ ਔਲਾਦ ਹਾਂ ਜਿਸ ਲਈ ਬਸਪਾ ਸਭ ਊਨਤਾਈਆ ਨੂੰ ਦੂਰ ਕਰਨ ਵਿੱਚ ਵਿਸ਼ਵਾਸ ਰੱਖਦੀ ਹੈ ਅਤੇ ਜ਼ਾਤ ਪਾਤ ਨੂੰ ਖਤਮ ਕਰਕੇ ਸਰਬੱਤ ਦਾ ਭਲਾ ਚਾਹੁੰਦੀ ਹੈ। ਬੱਸ ਸਭ ਇਨਸਾਨ ਬਰਾਬਰ ਹਨ, ਇਹ ਕੰਮ ਆਪਣੇ ਰਾਜ ਤੋਂ ਵਗੈਰ ਨਹੀਂ ਹੋਣਾ। ਅਸ਼ੋਕ ਸਮਰਾਟ ਅਤੇ ਭੈਣ ਮਾਇਆਵਤੀ ਜੀ ਦਾ ਰਾਜ ਸਭ ਤੋਂ ਵਧੀਆ ਰਾਜ ਸੀ ਇਹ ਗੱਲ ਵਿਪਨ ਕੁਮਾਰ ਪੰਜਾਬ ਦੇ ਕੋਆਰਡੀਨੇਟਰ ਜੀ ਨੇ ਕਹੇ। ਬਸਪਾ ਪੰਜਾਬ ਦੇ ਜਨਰਲ ਸਕੱਤਰ ਐਡਵੋਕੇਟ ਬਲਵਿੰਦਰ ਕੁਮਾਰ ਜੀ ਨੇ ਕਾਫੀ ਲੰਬੀ ਚੌੜੀ ਗੱਲਬਾਤ ਉਦਾਹਰਣ ਦੇ ਦੇ ਕੇ ਬਹੁਜਨ ਸਮਾਜ ਪਾਰਟੀ ਦੇ ਵਰਕਰਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਤੁਸੀਂ ਆਪਣਾ ਏਕਾ ਰੱਖੋ ਅਤੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਮਿਸ਼ਨ ਵਿੱਚ ਵਿਸ਼ਵਾਸ ਰੱਖੋ ਤੁਹਾਡਾ ਕੋਈ ਕੁੱਝ ਵੀ ਨਹੀਂ ਬਿਗਾੜ ਸਕਦਾ। ਬਸਪਾ ਹਲਕਾ ਕਰਤਾਰਪੁਰ ਦੀ ਪੂਰੀ ਟੀਮ ਉਸ ਵੇਲੇ ਹਾਜ਼ਰ ਸੀ।



# ਜ਼ਿਲ੍ਹਾ ਪ੍ਰਸ਼ਾਸਨ ਲਾਵਾਰਿਸ ਪਸ਼ੂਆਂ ਨੂੰ ਗਊਸ਼ਾਲਾ ਵਿੱਚ ਭੇਜੇ: ਨਈ ਸੋਚ ਸੰਸਥਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲਾਵਾਰਿਸ ਪਸ਼ੂਆਂ ਦੇ ਗਲਾਂ ਵਿੱਚ ਰੇਡੀਅਮ ਰਿਫਲੈਕਟਰ ਟੇਪ ਬੈਂਡ ਪਾਉਣ ਦੀ ਮੁਹਿੰਮ ਦੀ ਚਰਚਾ ਕਰਦਿਆਂ ਨਵੀਂ ਸੋਚ ਵੈਲਫੇਅਰ ਸੁਸਾਇਟੀ ਦੇ ਬਾਨੀ ਪ੍ਰਧਾਨ ਅਸ਼ਵਨੀ ਗੈਂਦ ਅਤੇ ਸਾਬਕਾ ਕੌਂਸਲਰ ਸੁਰੇਸ਼ ਭਾਟੀਆ ਬਿੱਟੂ ਨੇ ਕਿਹਾ ਕਿ ਅਜਿਹਾ ਕਰਕੇ ਸਰਕਾਰ ਉਨ੍ਹਾਂ ਨੂੰ ਅਹਿਸਾਸ ਕਰਵਾ ਰਹੀ ਹੈ ਕਿ ਸਰਕਾਰ ਇਹ ਲਾਵਾਰਿਸ ਪਸ਼ੂਆਂ ਨੂੰ ਸੰਭਾਲਣ 'ਚ



ਨਾਕਾਮ ਸਾਬਤ ਹੋ ਰਹੀ ਹੈ। ਕਿਉਂਕਿ ਸ਼ਹਿਰ 'ਚ ਦੋ ਸਰਕਾਰੀ ਗਊ–ਸ਼ਾਲਾਵਾਂ ਹੋਣ ਦੇ ਬਾਵਜੂਦ ਉਨ੍ਹਾਂ ਦੇ ਗਲਾਂ 'ਚ ਰਿਫਲੈਕਟਰ ਲਗਾ ਕੇ ਉਨ੍ਹਾਂ ਨੂੰ ਸੜਕਾਂ 'ਤੇ ਛੱਡਣ ਦੀ ਬਜਾਏ ਉਨ੍ਹਾਂ ਨੂੰ ਗਊਆਂ ਦੇ ਡੇਰਿਆਂ 'ਚ ਲਿਜਾਇਆ ਜਾਣਾ ਚਾਹੀਦਾ ਹੈ। ਇਸ ਸਮੱਸਿਆ ਬਾਰੇ ਸੱਚਮੁੱਚ ਗੰਭੀਰ ਹੋਏ ਅਸ਼ਵਨੀ ਗੈਂਦ ਅਤੇ ਭਾਟੀਆ ਨੇ ਕਿਹਾ ਕਿ ਪ੍ਰਸ਼ਾਸਨ ਸਰਕਾਰੀ ਮਸ਼ੀਨਰੀ ਦੀ ਵਰਤੋਂ ਕਰਕੇ ਸੜਕਾਂ 'ਤੇ ਘੁੰਮਦੇ ਆਵਾਰਾ ਪਸ਼ੂਆਂ ਨੂੰ ਫੜ ਕੇ ਰੇਡੀਅਮ ਪਟੇ ਤਾਂ ਪਾ ਰਿਹਾ ਹੈ ਅਤੇ ਨਗਰ ਨਿਗਮ ਹੁਸ਼ਿਆਰਪੁਰ ਕੋਲ ਗਊ ਕੈਚਰ ਵੈਨ ਮੌਜੂਦ ਹੈ ਅਤੇ ਇਸ ਦੀ ਵਰਤੋਂ ਕਰਕੇ ਇਸ ਨੂੰ ਕੈਟਲ ਪੌਂਡ ਫਲਾਹੀ 'ਤੇ ਲਿਜਾਇਆ ਜਾ ਸਕਦਾ ਹੈ। ਇਸ ਨੂੰ ਸੜਕਾਂ 'ਤੇ ਛੱਡਣ ਨਾਲ ਮੁੜ ਹਾਦਸੇ ਵਾਪਰਨਗੇ।

ਉਨ੍ਹਾਂ ਕਿਹਾ ਕਿ ਸੋਨਾਲੀਕਾ ਦੇ ਸਹਿਯੋਗ ਨਾਲ ਫਲਾਹੀ ਕੈਟਲ ਪੌਂਡ ਵਿੱਚ ਸ਼ੈਡ ਬਣਾਏ ਗਏ ਹਨ। ਜੋ ਕਿ ਸ਼ਲਾਘਾਯੋਗ ਕੰਮ ਹੈ ਅਤੇ ਸ਼ਹਿਰ ਵਾਸੀਆਂ ਦਾ ਝੁਕਾਅ ਹੁਣ ਫਲਾਹੀ ਗਊਸ਼ਾਲਾ ਵੱਲ ਹੋ ਗਿਆ ਹੈ ਅਤੇ ਚਾਰਾ ਵੱਡੀ ਮਾਤਰਾ ਵਿੱਚ ਉਪਲੱਬਧ ਹੋਣਾ ਸ਼ੁਰੂ ਹੋ ਗਿਆ ਹੈ। ਇਸ ਲਈ ਪ੍ਰਸ਼ਾਸਨ ਨੂੰ ਅਪੀਲ ਹੈ ਕਿ ਰੇਡੀਅਮ ਲੀਜ਼ ਪਾਉਣ ਤੋਂ ਬਾਅਦ ਲਾਵਾਰਿਸ ਪਸ਼ੂਆਂ ਨੂੰ ਸੜਕਾਂ 'ਤੇ ਨਾ ਛੱਡ ਕੇ ਗਊ ਸ਼ੈਡਾਂ 'ਚ ਭੇਜਿਆ ਜਾਵੇ। ਸਾਡੀ ਸੰਸਥਾ ਇਸ ਲਈ ਪੂਰਾ ਸਹਿਯੋਗ ਦੇਵੇਗੀ।

ਇਸ ਮੌਕੇ ਰਾਜੇਸ਼ ਸ਼ਰਮਾ, ਹਰੀਸ਼ ਗੁਪਤਾ, ਹੈਪੀ, ਇੰਦਰਪਾਲ ਸੂਦ, ਵਿਮਲ ਸੈਣੀ, ਨੀਰਜ ਗੈਂਦ, ਤਿਲਕ ਰਾਜ ਸ਼ਰਮਾ, ਰਾਕੇਸ਼ ਕੁਮਾਰ, ਰਮਨ ਕੁਮਾਰ, ਰਾਜ ਵਾਲੀਆ ਆਦਿ ਹਾਜ਼ਰ ਸਨ।

# ਪਿੱਲਰਾਂ ਦਾ ਪੁਲ ਬਣਾਉਣ ਦੀ ਬਸਪਾ ਆਗੂਆਂ ਨੇ ਕੀਤੀ ਮੰਗ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਬਸਪਾ ਆਗੂਆਂ ਵਲੋਂ ਕਸਬਾ ਟਾਈਪ ਪਿੰਡ ਬਹਿਰਾਮ ਵਿਖੇ ਪਿੱਲਰਾਂ ਦਾ ਪੁੱਲ ਬਣਾਉਣ ਦੀ ਜਾਇਜ ਮੰਗ ਲਈ ਸੰਘਰਸ਼ ਕਰ ਰਹੇ ਪਿੰਡ ਤੇ ਇਲਾਕਾ ਨਿਵਾਸੀਆਂ ਦੀ ਜਾਇਜ ਅਵਾਜ਼ ਨੂੰ ਸਮਝਦੇ ਹੋਏ ਪਿੰਡ ਦੇ ਸਹਿਯੋਗੀ ਸਾਥੀਆਂ ਸਮੇਤ ਸ਼ਾਮਿਲ ਹੋਏ। ਬਹੁਜਨ ਸਮਾਜ ਪਾਰਟੀ ਵਲੋਂ ਰਾਜਨੀਤੀ ਤੋਂ ਉੱਪਰ ਉੱਠ ਕੇ ਸਹਿਯੋਗ ਕਰਨ ਦਾ ਭਰੋਸਾ ਦਿੱਤਾ ਗਿਆ। ਪ੍ਰਸ਼ਾਸਨ ਤੇ ਨੈਸ਼ਨਲ ਹਾਈਵੇ ਅਥਾਰਟੀ ਨੂੰ ਤੁਰੰਤ ਮਸਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਮਸਲੇ ਦਾ ਹੱਲ ਕਰਨ ਦੀ ਅਪੀਲ ਕੀਤੀ। ਪਿੰਡ ਦੇ ਨੁਮਾਇੰਦਿਆਂ ਵਲੋਂ ਸਮੇਂ ਸਮੇਂ ਤੇ ਪ੍ਰਸ਼ਾਸਨ ਨੂੰ ਲੋਕਾਂ ਦੀ ਮੁਸ਼ਕਲ ਹੱਲ ਕਰਨ ਦੀ ਕੀਤੀ ਅਪੀਲ ਦਾ ਕੋਈ ਅਸਰ ਨਹੀਂ ਹੋਇਆ। ਪਿੰਡ ਤੇ ਨਜਦੀਕੀ ਪਿੰਡਾਂ ਦੇ ਲੋਕਾਂ ਵਲੋਂ ਮਜਬੂਰ ਹੋ ਕੇ ਧਰਨਾ ਸ਼ੁਰੂ ਕਰ ਦਿੱਤਾ ਹੈ। ਇਸ ਮੌਕੇ ਪ੍ਰਵੀਨ ਬੰਗਾ ਜਨਰਲ ਸਕੱਤਰ ਬਸਪਾ ਪੰਜਾਬ ਇੰਚਾਰਜ ਹਲਕਾ ਬੰਗਾ, ਕੁਲਦੀਪ ਬਹਿਰਾਮ ਯੂਥ ਵਿੰਗ ਬਸਪਾ, ਡਾਹਰੀ ਸਾਹਿਬ ਬਸਪਾ ਆਗੂ, ਜ਼ੋਰਾਵਰ ਬੋਧੀ



ਯੂਥ ਵਿੰਗ ਬਸਪਾ, ਦਰਸ਼ਨ ਬਹਿਰਾਮ, ਪ੍ਰਕਾਸ਼ ਫਰਾਲਾ ਅਤੇ ਹੋਰ ਕਈ ਆਲੇ ਦੁਆਲੇ ਦੇ ਪਤਵੰਤੇ ਸੱਜਣ ਹਾਜ਼ਰ ਸਨ।

NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020
HEALTH INSURANCE RETIREMENT
LIFE INSURANCE COLLEGE PLANNING
LONG TERM CARE INS AUTO * HOME
FUNERAL EXPENSE BUSINESS

Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928

AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Trans-mission, Body and Paint Work We Sell Used Cars at a Good Price

Free Estimates
Free Towing
510- 733- 2222
1421 Industrial PKWY West#F Hayward, CA 94544

Prop: Jasbir Singh Takhar
510-755-2132
Harmandeep Singh

# ਰੂਹਾਨੀ ਰਮਜ਼ਾਂ ਕਾਵਿ ਸੰਗ੍ਰਹਿ- ਇੱਕ ਅਧਿਐਨ

"ਰੂਹਾਨੀ ਰਮਜ਼ਾਂ" ਕਾਵਿ-ਸੰਗ੍ਰਹਿ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਦੀ ਚੌਥੀ ਕ੍ਰਿਤ ਹੈ। ਇਸ ਤੋਂ ਪਹਿਲਾਂ ਉਹ 'ਪੰਜ ਆਬਾਂ ਦੀ ਜਾਈ', 'ਇਕ ਬੂੰਦ ਸਵਾਤੀ', 'ਬੂੰਦ ਬੂੰਦ ਬਰਸਾਤ' ਕਾਵਿ ਕ੍ਰਿਤਾਂ ਪੰਜਾਬੀ ਸਾਹਿਤ ਦੀ ਝੋਲ਼ੀ ਪਾ ਚੁੱਕੀ ਹੈ। ਬੀਬੀ ਸੁਰਜੀਤ ਕੌਰ ਜਿੱਥੇ ਕਲਮ ਦੀ ਧਨੀ ਹੈ, ਉੱਥੇ ਉਹ ਖ਼ੂਬਸੂਰਤ, ਪਿਆਰੀ, ਸੁਰੀਲੀ, ਮਿੱਠੀ ਅਤੇ ਬੁਲੰਦ ਆਵਾਜ਼ ਦੀ ਮਲਿਕਾ ਵੀ ਹੈ। ਕੁਦਰਤ ਅਤੇ ਕਾਦਰ ਵੱਲੋਂ ਪੋਇਟਰੀ ਅਤੇ ਮਿਊਜ਼ਿਕ ਦਾ ਖ਼ੂਬਸੂਰਤ ਸੰਗਮ ਬੀਬੀ ਸੁਰਜੀਤ ਕੌਰ ਵਿੱਚ ਕੀਤਾ ਮਿਲਦਾ ਹੈ। "ਰੂਹਾਨੀ ਰਮਜ਼ਾਂ" ਪੁਸਤਕ ਉਨ੍ਹਾਂ ਨੇ ਸਿੱਖ ਧਰਮ ਦੇ ਬਾਨੀ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਅਤੇ ਸ਼ਬਦ ਗੁਰੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਮਰਪਿਤ ਕਰਦਿਆਂ ਲਿਖਿਆ ਹੈ -

"ਮੈਂ ਜੋ ਵੀ ਹੁਣ ਤੱਕ ਪਾਇਆ ਏ, ਤੇਰੇ ਹੀ ਦਰ ਤੋਂ ਪਾਇਆ ਏ।
ਮੈਂ ਜੋ ਵੀ ਨਗ਼ਮਾ ਗਾਇਆ ਏ, ਤੇਰੇ ਹੀ ਪਿਆਰ 'ਚ ਗਾਇਆ ਏ।
ਤੇਰੀ ਰਹਿਮਤ ਦਾ ਹੱਥ ਸਿਰ 'ਤੇ ਹੈ, ਤਾਂ ਹੀ ਤਾਂ ਮੈਂ 'ਸੁਰਜੀਤ' ਹੋਈ,
ਬੱਸ, ਇਹੋ ਮੇਰੀ ਦੌਲਤ ਹੈ, ਏਹੋ ਮੇਰਾ ਸਰਮਾਇਆ ਏ।"

ਬੀਬੀ ਸੁਰਜੀਤ ਕੌਰ ਨੇ ਆਪਣੀ ਸਾਹਿਤ ਸਿਰਜਣਾ ਨਾਲ਼ ਅਤੇ ਖ਼ੂਬਸੂਰਤ, ਬੁਲੰਦ ਆਵਾਜ਼ ਵਿੱਚ ਗਾਉਣ ਦੀ ਕਲਾ ਦੀ ਬਦੌਲਤ ਪੰਜਾਬੀ ਭਾਸ਼ਾ ਦੀ ਸਟੇਜੀ ਕਵਿਤਾ ਨੂੰ ਕੇਵਲ ਪੰਜਾਬ ਅਤੇ ਭਾਰਤ ਦੇਸ਼ ਵਿੱਚ ਹੀ ਨਹੀਂ, ਸਗੋਂ ਵਿਦੇਸ਼ੀ ਧਰਤੀ ਕੈਨੇਡਾ, ਅਮਰੀਕਾ, ਇੰਗਲੈਂਡ, ਆਸਟਰੇਲੀਆ, ਨਿਊਜ਼ੀਲੈਂਡ ਆਦਿ ਦੇਸ਼ਾਂ ਵਿੱਚ ਵੀ ਬੜੀ ਸੁਹਿਰਦਤਾ, ਸੰਵੇਦਨਸ਼ੀਲਤਾ, ਸਫ਼ਲਤਾ ਸਹਿਤ ਪੇਸ਼ ਕੀਤਾ ਹੈ।

ਇਸ ਪ੍ਰਕਾਰ ਕਵਿੱਤਰੀ ਨੇ ਆਪਣੀਆਂ ਕ੍ਰਿਤਾਂ ਨੂੰ ਲਗਪਗ ਹਰ ਪੰਜਾਬੀ ਪ੍ਰੇਮੀ ਖ਼ਾਸ ਕਰਕੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨਾਲ਼ ਜੁੜੇ ਹੋਇਆਂ ਦੇ ਘਰ-ਘਰ ਪਹੁੰਚਾਉਣ ਵਿੱਚ ਸਫ਼ਲਤਾ ਹਾਸਲ ਕੀਤੀ ਹੈ।

ਇੱਕ ਇਹ ਵੀ ਬੜੀ ਖ਼ੁਸ਼ੀ ਅਤੇ ਮਾਣ ਵਾਲ਼ੀ ਗੱਲ ਹੈ ਕਿ ਬੀਬੀ ਸੁਰਜੀਤ ਕੌਰ, ਆਲੋਚਕਾਂ, ਵਿੱਦਿਅਕ ਸੰਸਥਾਵਾਂ, ਸਾਹਿਤ ਸਭਾਵਾਂ ਵੱਲੋਂ ਅਣਦੇਖੀ ਕਰਨ ਦੇ ਬਾਵਜੂਦ ਵੀ ਪੰਜਾਬੀ ਸਾਹਿਤ ਸਿਰਜਣਾ ਦੇ ਖੇਤਰ ਵਿੱਚ ਲਗਾਤਾਰ ਘਾਲਣਾ ਘਾਲ ਰਹੇ ਹਨ। ਉਹ ਪਿਛਲੇ ਲੰਮੇ ਸਮੇਂ ਤੋਂ ਲਗਾਤਾਰ ਧਾਰਮਿਕ ਗੀਤ, ਗ਼ਜ਼ਲਾਂ, ਰੁਬਾਈਆਂ, ਨਜ਼ਮਾਂ, ਗੁਰ ਸ਼ਬਦ ਵਿਆਖਿਆ, ਲੇਖ, ਆਰਟੀਕਲ ਲਿਖਣ ਦੇ ਨਾਲ਼-ਨਾਲ਼ ਗੁਰੂ ਘਰ ਦੇ ਪਹਿਲੇ ਮੁੱਖ ਗ੍ਰੰਥੀ ਹੋਣ ਦਾ ਧਰਮ ਅਤੇ ਫ਼ਰਜ਼ ਵੀ ਨਿਭਾਉਂਦੀ ਆ ਰਹੀ ਹੈ। ਇਸੇ ਲੜੀ ਨੂੰ ਅੱਗੇ ਤੋਰਦੇ ਹੋਏ ਉਸ ਨੇ ਆਪਣੀ ਇਹ ਨਵੀਂ ਕ੍ਰਿਤ "ਰੂਹਾਨੀ ਰਮਜ਼ਾਂ" ਪੰਜਾਬੀ ਪਾਠਕਾਂ, ਆਲੋਚਕਾਂ, ਖੋਜੀਆਂ ਅਤੇ ਸਾਹਿਤ ਪ੍ਰੇਮੀਆਂ ਦੀ ਝੋਲ਼ੀ ਵਿੱਚ ਪਾਈ ਹੈ।

ਇਸ ਪੁਸਤਕ ਵਿੱਚ ਜਿੱਥੇ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਤੋਂ ਆਰੰਭ ਕਰਦੇ ਹੋਏ, ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ, ਗੁਰੂ ਹਰਿਗੋਬਿੰਦ ਜੀ, ਗੁਰੂ ਤੇਗ਼ ਬਹਾਦਰ, ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ, ਸੰਘਰਸ਼, ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਕੀਤੇ ਸ਼ਲਾਘਾਯੋਗ ਕਾਰਜ, ਕੁਰਬਾਨੀਆਂ ਨੂੰ ਸਿੱਜਦਾ ਕਰਨ ਦੇ ਨਾਲ਼-ਨਾਲ਼ ਗੁਰੂ ਸਾਹਿਬਾਨ ਤੋਂ ਪਿੱਛੋਂ ਸਿੱਖਾਂ ਦੀ ਲਾਸਾਨੀ ਸ਼ਹਾਦਤ ਨਾਲ਼ ਸੰਬੰਧਿਤ ਘਟਨਾਵਾਂ ਨੂੰ ਵੀ ਸਿਲਸਿਲੇਵਾਰ ਢੰਗ ਨਾਲ਼ ਦਰਜ ਕੀਤਾ ਗਿਆ ਹੈ।

ਇਸ ਦੇ ਨਾਲ਼ ਹੀ ਬੀਬੀ ਜੀ ਅਜੋਕੇ ਮਨੁੱਖ ਵਿੱਚ ਖ਼ਤਮ ਹੁੰਦੀਆਂ ਜਾ ਰਹੀਆਂ ਨੈਤਿਕ ਕਦਰਾਂ ਕੀਮਤਾਂ ਅਤੇ ਧਰਮ ਕਰਮ ਨਾਲ਼ ਜੁੜੇ ਵਿਅਕਤੀਆਂ ਵਿੱਚ ਆ ਰਹੀ ਗਿਰਾਵਟ ਲਈ ਵੀ ਬੇਹੱਦ ਚਿੰਤਤ ਨਜ਼ਰੀਂ ਆਉਂਦੇ ਹਨ।

"ਰੂਹਾਨੀ ਰਮਜ਼ਾਂ" ਪੁਸਤਕ ਦੀ ਇੱਕ ਹੋਰ ਵਡਿਆਈ ਇਹ ਹੈ ਕਿ ਇਸ ਕ੍ਰਿਤ ਵਿੱਚ ਦਰਜ ਕੀਤੇ ਗਏ ਗ਼ੀਤ, ਵਾਰਾਂ, ਘੋੜੀਆਂ, ਕਬਿੱਤ ਬਹੁਤ ਹੀ ਸਾਦੀ, ਸਰਲ, ਮੁਹਾਵਰੇਦਾਰ ਮਿੱਠੀ ਭਾਸ਼ਾ ਵਿੱਚ ਹੋਣ ਕਾਰਨ ਗਹਿਰ ਗੰਭੀਰ ਪਾਠਕ ਤੋਂ ਇਲਾਵਾ ਪੰਜ ਜਮਾਤਾਂ ਪੜ੍ਹਿਆ ਵਿਅਕਤੀ ਵੀ ਭਰਪੂਰ ਆਨੰਦ ਅਤੇ ਰਸ ਮਾਣਦਾ ਹੈ।

ਇਸ ਪੁਸਤਕ ਵਿੱਚ ਸ਼ਾਮਿਲ ਸਾਰੇ ਗੀਤਾਂ ਨੂੰ ਸਕੂਲਾਂ ਕਾਲਜਾਂ ਅਤੇ ਹੋਰ ਵਿੱਦਿਅਕ, ਧਾਰਮਿਕ, ਸਮਾਜਿਕ, ਸੱਭਿਆਚਾਰਕ ਸਮਾਗਮਾਂ ਵਿੱਚ ਕਰਵਾਏ ਜਾਂਦੇ ਵਿੱਦਿਅਕ, ਸਾਹਿਤਕ, ਧਾਰਮਿਕ ਮੁਕਾਬਲਿਆਂ ਵਿੱਚ ਆਸਾਨੀ ਨਾਲ਼ ਗਾਇਆ ਜਾ ਸਕਦਾ ਹੈ।

ਇਸ ਪੁਸਤਕ ਨੂੰ ਪੜ੍ਹਨ ਉਪਰੰਤ ਮੇਰੀ ਇਹ ਧਾਰਨਾ ਬਣੀ ਹੈ ਕਿ ਜਿੱਥੇ ਇਹ ਰੂਹਾਨੀ ਰਮਜ਼ਾਂ ਪੰਜਾਬੀ ਪਾਠਕਾਂ, ਸਰੋਤਿਆਂ ਨੂੰ ਉਨ੍ਹਾਂ ਦੇ ਆਪਣੇ ਅਮੀਰ ਧਾਰਮਿਕ, ਸਾਹਿਤਕ ਵਿਰਸੇ ਨਾਲ਼ ਜੋੜਨ ਵਿੱਚ ਸਫ਼ਲ ਹੋਣਗੀਆਂ, ਉੱਥੇ ਨਾਲ਼ ਦੀ ਨਾਲ਼ ਪੰਜਾਬੀਆਂ ਦੇ ਮਹਾਨ ਨਾਇਕ ਸ਼੍ਰੀ ਗੁਰੂ ਨਾਨਕ ਦੇਵ, ਸ਼੍ਰੀ ਗੁਰੂ ਅਰਜਨ ਦੇਵ, ਸ਼੍ਰੀ ਗੁਰੂ ਤੇਗ਼ ਬਹਾਦਰ, ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਸਾਹਿਬਜ਼ਾਦਿਆਂ ਦੇ ਮਹਾਨ ਕਿਰਦਾਰ ਨੂੰ ਆਦਰਸ਼ ਰੂਪ ਵਿੱਚ ਹੋਰ ਵੀ ਵਧੇਰੇ ਦ੍ਰਿੜ੍ਹ ਕਰਵਾਉਣਗੀਆਂ। ਬੀਬੀ ਜੀ ਦਾ ਇਹ ਉਪਰਾਲਾ ਸਮਾਜਿਕ ਅਤੇ ਧਾਰਮਿਕ ਬਿਹਤਰੀ ਵਿੱਚ ਆਪਣਾ ਅਹਿਮ ਅਤੇ ਮਹੱਤਵਪੂਰਨ ਭੂਮਿਕਾ ਨਿਭਾਏਗਾ।

"ਰੂਹਾਨੀ ਰਮਜ਼ਾਂ" ਪੁਸਤਕ ਵਿੱਚੋਂ ਬੀਬੀ ਸੁਰਜੀਤ ਕੌਰ ਦੀ ਮੁੱਖ ਵਿਚਾਰਧਾਰਾ ਉੱਘੜ ਕੇ ਸਾਡੇ ਸਾਹਮਣੇ ਆਉਂਦੀ ਹੈ। ਅਸਲ ਵਿੱਚ ਉਸ ਨੇ ਆਪਣੇ ਸਮੁੱਚੇ ਜੀਵਨ ਨੂੰ ਸ਼੍ਰੀ ਗੁਰੂ ਨਾਨਕ ਦੇਵ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਨੂੰ ਸਮਰਪਿਤ ਕੀਤਾ ਹੋਇਆ ਹੈ। ਇਹੋ ਧੁਨੀ ਇਸ ਕਾਵਿ-ਸੰਗ੍ਰਹਿ ਦੀਆਂ ਸਾਰੀਆਂ ਰਚਨਾਵਾਂ ਵਿੱਚੋਂ ਸੁਣਾਈ ਦਿੰਦੀ ਹੈ। ਇਸ ਸੰਗ੍ਰਹਿ ਵਿੱਚ ਦਰਜ ਕੀਤੀਆਂ ਕਵਿਤਾਵਾਂ ਦਾ ਮੁੱਖ ਵਿਸ਼ਾ ਗੁਰ ਇਤਿਹਾਸ, ਸਿੱਖ ਇਤਿਹਾਸ, ਗੁਰਮਤਿ ਸਿਧਾਂਤ ਅਤੇ ਸਮਾਜ ਵਿਚਲੀਆਂ ਉੱਚੀਆਂ ਅਤੇ ਸੱਚੀਆਂ ਸੁੱਚੀਆਂ ਕਦਰਾਂ ਕੀਮਤਾਂ ਹਨ।

ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਜੀ ਨੂੰ ਸਿੱਖ ਜਗਤ ਦੀ ਪਹਿਲੀ ਔਰਤ ਹੈੱਡ ਗ੍ਰੰਥੀ ਹੋਣ ਦਾ ਸੁਭਾਗ ਪ੍ਰਾਪਤ ਹੈ। ਬੇਸ਼ੱਕ ਕੀਰਤਨ ਦੀ ਦਾਤ ਉਨ੍ਹਾਂ ਨੂੰ ਆਪਣੇ ਵਿਰਸੇ ਵਿੱਚੋਂ ਪਿਤਾ ਪਾਸੋਂ ਪ੍ਰਾਪਤ ਹੋਈ। ਦੇਸ਼ਾਂ ਵਿਦੇਸ਼ਾਂ ਵਿੱਚ ਸਿੱਖ ਸੰਗਤ ਨੂੰ ਗੁਰਬਾਣੀ ਅਤੇ ਕੀਰਤਨ ਨਾਲ਼ ਜੋੜਦੇ ਹੋਏ ਉਨ੍ਹਾਂ ਨੂੰ ਕੈਲੇਫੋਰਨੀਆਂ ਦੀ ਸਿੱਖ ਸੰਗਤ ਨੇ ਗੁਰਦੁਆਰਾ ਸਾਹਿਬ ਐਲ ਸੋਬਰਾਂਟੇ ਸੈਨ ਫਰਾਂਸਿਸਕੋ ਵਿਖੇ ਗੁਰੂ ਘਰ ਦੇ ਹੈੱਡ ਗ੍ਰੰਥੀ ਅਤੇ ਕੀਰਤਨ ਕਰਨ ਦੀ ਸੇਵਾ ਪ੍ਰਾਪਤ ਹੋਈ। ਪੰਜ ਸਾਲ ਦੀ ਬਾਲੜੀ ਉਮਰ ਤੋਂ ਹੀ ਉਹ ਗੁਰੂ ਘਰ ਅਤੇ ਗੁਰਮਤਿ ਪਰੰਪਰਾਵਾਂ ਨਾਲ਼ ਜੁੜ ਗਏ ਸਨ। ਇਸ ਸੰਬੰਧੀ ਉਨ੍ਹਾਂ ਖ਼ੁਦ ਸਵੀਕਾਰ ਕੀਤਾ ਹੈ - "ਸਾਹਿਬਾਂ ਦਾ ਸਾਰੀ ਉਮਰ ਮੇਰੇ ਸਿਰ 'ਤੇ ਹੱਥ ਰਿਹਾ ਹੈ। ਉਨ੍ਹਾਂ ਔਖ ਸੌਖ ਵੇਲੇ ਮੇਰੀ ਬਾਂਹ ਫੜੀ ਰੱਖੀ ਹੈ।"


ਡਾ. ਇਕਬਾਲ ਸਿੰਘ ਸਕਰੌਦੀ
91-84276-85020

ਉਹ ਆਪਣੀ ਇਸ ਮਾਨਸਿਕਤਾ ਨੂੰ ਬਹੁਤ ਹੀ ਭਾਵੁਕ ਅਤੇ ਜਜ਼ਬਾਤੀ ਰੰਗ ਵਿੱਚ ਰੰਗ ਕੇ ਆਪਣੀਆਂ ਕਈ ਨਜ਼ਮਾਂ ਵਿੱਚ ਸਾਕਾਰ ਕਰਦੇ ਨਜ਼ਰੀਂ ਪੈਂਦੇ ਹਨ। ਇਹੋ ਕਾਰਨ ਹੈ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਬਾਰੇ ਅਥਾਹ ਸ਼ਰਧਾ ਅਤੇ ਸਤਿਕਾਰ ਦਾ ਜਜ਼ਬਾ ਵਾਰ-ਵਾਰ ਉਨ੍ਹਾਂ ਦੀਆਂ ਰਚਨਾਵਾਂ ਵਿੱਚ ਆ ਜਾਂਦਾ ਹੈ, ਜਿਵੇਂ -

"ਮੈਂ ਸੁਰਜੀਤ ਹਾਂ ਸੇਵਕ ਤੇਰੇ, ਬਣ ਬੈਠੀ ਤੇਰੇ ਘਰ ਦੀ ਚੇਰੀ।
ਤੂੰ ਤੂੰ ਕਰਦੀ ਤੂੰ ਹੀ ਹੋ ਗਈ, ਮੁੱਕ ਗਈ ਸਾਰੀ ਹੂੰ ਹੂੰ ਹੂੰ।"
"ਲਗਨ ਪ੍ਰੇਮ ਦੀ ਐਸੀ ਲੱਗੀ ਮੈਂ ਰੱਬੀ ਸੰਗੀਤ ਹੋ ਗਈ,
ਗੁਰੂ ਨਾਨਕ ਦੀ ਰਹਿਮਤ ਹੋਈ ਮੁਰਦੇ ਤੋਂ 'ਸੁਰ-ਜੀਤ' ਹੋ ਗਈ।"
"ਉੱਚਾ ਕਿਰਦਾਰ ਦੇਹ, ਆਪਣਾ ਪਿਆਰ ਦੇਹ।
ਬਾਣੀ ਦਾ ਖ਼ੁਮਾਰ ਦੇਹ, ਨਾ ਹੋਵਾਂ ਵਿਪਰੀਤ ਮੈਂ।
ਇੱਕ ਵਾਰੀ ਹੱਥ, ਮੇਰੇ ਸਿਰ ਉੱਤੇ ਰੱਖ,
ਬੱਸ ਹੋਰ ਕੁਝ ਚਾਹੀਦਾ ਨਈ, ਹੋ ਜਾਂ 'ਸੁਰਜੀਤ' ਮੈਂ।"
"ਮੈਂ ਜੋ ਵੀ ਹੁਣ ਤੱਕ ਪਾਇਆ ਏ, ਤੇਰੇ ਹੀ ਦਰ ਤੋਂ ਪਾਇਆ ਏ।
ਮੈਂ ਜੋ ਵੀ ਨਗ਼ਮਾ ਗਾਇਆ ਏ, ਤੇਰੇ ਹੀ ਪਿਆਰ 'ਚ ਗਾਇਆ ਏ।
ਤੇਰੀ ਰਹਿਮਤ ਦਾ ਹੱਥ ਸਿਰ 'ਤੇ ਹੈ ਤਾਂ ਧੀ ਤੇਰੀ 'ਸੁਰਜੀਤ' ਹੋਈ,
ਬੱਸ, ਏਹੋ ਮੇਰੀ ਦੌਲਤ ਹੈ, ਏਹੋ ਮੇਰਾ ਸਰਮਾਇਆ ਏ।"
"ਕਲਮ ਦਿੱਤੀ ਏ, ਕਲਮ ਚਲਾ, ਸੱਚ ਦੇ ਪਰਚਮ ਨੂੰ ਲਹਿਰਾਅ।
ਸੱਚ ਲਿਖੀਂ ਤੇ ਸੱਚ ਹੀ ਬੋਲੀਂ, ਸੱਚ ਬੋਲਣ ਤੋਂ ਕਦੀ ਨਾ ਡੋਲੀ।"

ਬੀਬੀ ਸੁਰਜੀਤ ਕੌਰ ਨੇ "ਰੂਹਾਨੀ ਰਮਜ਼ਾਂ" ਕਾਵਿ ਸੰਗ੍ਰਹਿ ਦਾ ਆਰੰਭ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਦੁਨੀਆਂ ਵਿੱਚ ਅਵਤਾਰ ਧਾਰਨ ਤੋਂ ਕੀਤਾ ਹੈ। ਜਿੱਥੇ ਉਹ ਤ੍ਰਿਪਤਾ ਮਾਤਾ ਦੀ ਪੁੱਤਰ ਦੀ ਪ੍ਰਾਪਤੀ ਲਈ ਦਿਲ ਵਿੱਚ ਰੀਝ ਨੂੰ ਵਿਅਕਤ ਕਰਦੀ ਹੋਈ ਲਿਖਦੀ ਹੈ-

"ਮਾਂ ਤ੍ਰਿਪਤਾ ਸੀ ਤ੍ਰਿਪਤ ਹੋਈ, ਫ਼ਿਰ ਵੀ ਅੰਦਰ ਭੁੱਖ ਸੀ ਰਹਿੰਦੀ।
ਕਦ ਵੇਹੜੇ ਵਿੱਚ ਪੁੱਤਰ ਖੇਡੇ, ਦਿਲ ਦੇ ਵਿੱਚ ਸੀ ਧੁੱਖਦੀ ਰਹਿੰਦੀ।"

ਕਵਿੱਤਰੀ ਨਾਨਕ ਦੀ ਵੱਡੀ ਭੈਣ ਬੀਬੀ ਨਾਨਕੀ ਜੀ ਵੱਲੋਂ ਉਸ ਪਰਮੇਸ਼ਰ ਅੱਗੇ ਕੀਤੀਆਂ ਅਰਜ਼ੋਈਆਂ ਨੂੰ ਇਸ ਤਰ੍ਹਾਂ ਸ਼ਬਦਾਂ ਵਿੱਚ ਬੀੜਦੀ ਹੈ -

"ਉੱਠਦੀ ਬਹਿੰਦੀ ਰੱਬ ਨੂੰ ਕਹਿੰਦੀ ਨਿੱਕੜਾ ਜਿਹਾ ਇੱਕ ਵੀਰਾ ਦੇ ਦੇ,
ਜਿਸ ਦਾ ਮੁੱਲ ਨਾ ਕੋਈ ਪਾਵੇ ਉਹ ਵੱਡਮੁੱਲਾ ਹੀਰਾ ਦੇ ਦੇ।"

ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਉਪਰੰਤ ਦੇ ਸਮੇਂ ਨੂੰ ਬਹੁਤ ਹੀ ਘੱਟ ਸ਼ਬਦਾਂ ਵਿੱਚ ਬੜੇ ਸੁਹਿਰਦ ਢੰਗ ਨਾਲ਼ ਪੇਸ਼ ਕੀਤਾ ਗਿਆ ਹੈ। ਇੱਕ ਵੰਨਗੀ ਪੇਸ਼ ਹੈ -

"ਅੰਮ੍ਰਿਤ ਵੇਲਾ ਦਿਨ ਪੁੰਨਿਆਂ ਦਾ ਤਲਵੰਡੀ ਵਿੱਚ ਵਜੀ ਵਧਾਈ।
ਕੂੜ ਹਨੇਰੇ ਉਡ ਗਏ ਸਾਰੇ ਚਹੁੰ ਕੁੰਟੀ ਹੋ ਗਈ ਰੁਸ਼ਨਾਈ।"

ਇੱਕ ਹੋਰ ਕਵਿਤਾ ਵਿੱਚ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਸਮੇਂ ਦਰਸ਼ਨ ਦੀਦਾਰੇ ਕਰਕੇ ਵੱਡੀ ਭੈਣ ਨਾਨਕੀ ਵਿਸਮਾਦ ਅਵੱਸਥਾ ਵਿੱਚ ਆਪਣੇ ਵੀਰੇ ਵੱਲ ਵੇਖ ਰਹੀ ਹੈ। ਕਵਿੱਤਰੀ ਉਸ ਦ੍ਰਿਸ਼ ਨੂੰ ਇਸ ਢੰਗ ਨਾਲ਼ ਰੂਪਮਾਨ ਕਰਦੀ ਹੈ -

"ਭੈਣ ਨਾਨਕੀ ਖੀਵੀ ਹੋ ਹੋ, ਮੁੜ ਮੁੜ ਵੀਰ ਨੂੰ ਵੇਖੇ,
ਕਦੀ ਪ੍ਰਭੂ ਦੇ, ਕਦੀ ਵੀਰ ਦੇ, ਉਸ ਨੂੰ ਪੈਣ ਭੁਲੇਖੇ।"

ਪੰਦਰਵੀਂ ਸਦੀ ਵਿੱਚ ਜਾਤ ਪਾਤ ਅਤੇ ਵਰਗ ਵੰਡ ਦਾ ਬਹੁਤ ਜ਼ਿਆਦਾ ਪ੍ਰਚਲਣ ਸੀ। ਉਸ ਸਮੇਂ ਤਥਾ ਕਥਿਤ ਉੱਚੀਆਂ ਜਾਤਾਂ ਵਾਲੇ ਨਿਮਨ ਵਰਗ ਨਾਲ਼ ਹਰ ਪ੍ਰਕਾਰ ਦਾ ਵਿਤਕਰਾ ਕਰਦੇ ਸਨ। ਕਿਰਤੀ ਵਰਗ ਨੂੰ ਸਨਮਾਨ ਦੀ ਨਜ਼ਰ ਨਾਲ਼ ਨਹੀਂ, ਸਗੋਂ ਉਨ੍ਹਾਂ ਦਾ ਹਰ ਥਾਂ ਤ੍ਰਿਸਕਾਰ ਕੀਤਾ ਜਾਂਦਾ ਸੀ। ਪਰੰਤੂ ਗੁਰੂ ਨਾਨਕ ਸਾਹਿਬ ਦੇ ਆਗਮਨ ਨਾਲ਼ ਉਨ੍ਹਾਂ ਦੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਨੇ ਸਮਾਜ ਵਿੱਚੋਂ ਵਰਗ ਵੰਡ ਨੂੰ ਖ਼ਤਮ ਕਰਨ ਲਈ ਬਹੁਤ ਹੀ ਮਹੱਤਵਪੂਰਨ ਰੋਲ ਅਦਾ ਕੀਤਾ। ਇਸ ਦੇ ਨਾਲ਼ ਹੀ ਉਨ੍ਹਾਂ ਕਿਰਤ ਕਰਨ ਦਾ ਵੱਡਮੁੱਲਾ ਸਿਧਾਂਤ ਸੰਸਾਰ ਨੂੰ ਦਿੱਤਾ। ਇਸ ਸੰਦਰਭ ਵਿੱਚ ਕਵਿੱਤਰੀ "ਪਿੰਡ ਤਲਵੰਡੀ ਰਾਇ ਬੁਲਾਰ ਦੀ" ਵਿੱਚ ਇੱਕ ਥਾਂ ਲਿਖਦੀ ਹੈ -

"ਸਭ ਦਾ ਸਾਂਝਾ ਹੈ ਗੁਰੂ ਨਾਨਕ ਜਾਤ ਪਾਤ ਦੀ ਲੀਕ ਹਟਾਈ।
ਤੇਰਾ ਤੇਰਾ ਤੋਲ ਤੋਲ ਕੇ ਜਿਸਨੇ ਜੱਗ ਦੀ ਭੁੱਖ ਮਿਟਾਈ।
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ।
ਉਸ ਮੇਰੇ ਗੁਰੂ ਨਾਨਕ ਤਾਈਂ ਝੁਕ ਝੁਕ ਸਿਜਦੇ ਕਰੇ ਖ਼ੁਦਾਈ।"
"ਜਿਸ ਥਾਂ 'ਤੇ ਕਰਤਾਰ ਵਸੇਂਦਾ ਐਸਾ ਪੁਰ ਕਰਤਾਰ ਵਸਾਇਆ।
ਖੇਤੀ ਕਰਕੇ ਫ਼ਸਲ ਉਗਾ ਕੇ ਕਿਰਤ ਕਿਵੇਂ ਕਰਨੀ ਸਮਝਾਇਆ।
ਖੱਤਰੀ ਬ੍ਰਾਹਮਣ ਸੂਦ ਵੈਸ਼ ਵਿੱਚ ਇੱਕੋ ਸਿਰਜਣਹਾਰ ਦਿਖਾਇਆ।
ਤਾਂ ਹੀ ਸਾਰੀ ਦੁਨੀਆਂ ਆਖੇ ਕਲ ਤਾਰਨ ਗੁਰੂ ਨਾਨਕ ਆਇਆ।"

ਕਵਿੱਤਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਨਾਲ਼ ਜਿੱਥੇ ਸਾਰੇ ਸਮਾਜ ਵਿੱਚ ਚਾਨਣ ਹੋਇਆ ਵੇਖ ਰਹੀ ਹੈ, ਉੱਥੇ ਨਾਲ਼ ਦੀ ਨਾਲ਼ ਕੁਦਰਤ ਦੀ ਦੇਵੀ ਵੱਲੋਂ ਵੀ ਬਹੁਤ ਉਤਸ਼ਾਹ ਨਾਲ਼ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ ਹੈ। ਕਵਿੱਤਰੀ "ਸੱਚਖੰਡ 'ਚੋਂ ਇੱਕ ਜੋਤ ਤੁਰੀ" ਕਵਿਤਾ ਵਿੱਚ ਦਰਜ ਕਰਦੀ ਹੈ -

"ਸੱਚਖੰਡ 'ਚੋਂ ਇੱਕ ਜੋਤ ਤੁਰੀ ਤੇ ਵਿੱਚ ਤਲਵੰਡੀ ਆਈ,
ਲੱਖ ਸੂਰਜਾਂ ਤੋਂ ਵੱਧ ਹੋਈ ਧਰਤੀ 'ਤੇ ਰੁਸ਼ਨਾਈ।
ਨੀਲ ਗਗਨ ਤੋਂ ਬੱਦਲ ਆਏ ਧੋਵਣ ਦੇ ਲਈ ਰਾਹਵਾਂ,
ਫੁੱਲ ਵਰਸਾਵਣ ਰਾਹਵਾਂ ਦੇ ਵਿੱਚ ਆਈਆਂ ਆਪ ਹਵਾਵਾਂ।"
"ਹਰ ਟਾਹਣੀ ਹਰ ਪੱਤਾ ਝੁਕ ਝੁਕ ਸਿਜਦੇ ਕਰੇ ਹਜ਼ਾਰਾਂ,
ਸਵਰਗਾਂ 'ਚੋਂ ਚੱਲ ਆਏ ਦੇਵਤੇ ਲੰਮੀਆਂ ਬੰਨ੍ਹ ਕਤਾਰਾਂ।
ਨੀਲ ਗਗਨ ਦੇ ਥਾਲ ਚ ਬਲਦੇ ਚੰਨ ਸੂਰਜ ਦੋ ਦੀਵੇ,
ਤਾਰੇ ਮਾਣਕ ਮੋਤੀਆਂ ਵਰਗੇ ਹੋਏ ਫ਼ਿਰਦੇ ਨੇ ਖੀਵੇ।"
"ਧੂਪ ਧੁਖਾ ਕੇ ਚੰਦਨ ਰੁੱਖ ਨੇ ਜੱਗ ਵਿੱਚ ਮਹਿਕ ਖਿਲਾਰੀ,
ਆਈ ਵਨਸਪਤਿ ਚਵਰ ਝੁਲਾਵਣ ਕੁਦਰਤ ਜਾਵੇ ਵਾਰੀ।"

ਦੇਸ਼ ਦੀ ਵੰਡ ਸਮੇਂ ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਨਨਕਾਣਾ, ਪੱਛਮੀ ਪੰਜਾਬ ਪਾਕਿਸਤਾਨ ਦੇ ਹਿੱਸੇ ਆਇਆ। ਇਸ ਲਈ ਇੱਧਰਲੇ ਪੂਰਬੀ ਪੰਜਾਬ ਦੇ ਸਿੱਖ ਸ਼ਰਧਾਲੂ ਆਪਣੇ ਜੀਵਨ ਕਾਲ ਵਿੱਚ ਗੁਰੂ ਨਾਨਕ ਜੀ ਦੇ ਪਾਵਨ ਪ੍ਰਕਾਸ਼ ਅਸਥਾਨ ਦੇ ਦਰਸ਼ਨ ਜ਼ਰੂਰ ਕਰਨੇ ਚਾਹੁੰਦੇ ਹਨ। ਅਰਦਾਸ ਕਰਦੇ ਸਮੇਂ ਵੀ ਉਹ ਇਹੋ ਜੋਦੜੀ ਕਰਦੇ ਹਨ ਕਿ ਜਿਨ੍ਹਾਂ ਪਾਵਨ ਗੁਰਧਾਮਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਤਿਨਾਂ ਦੇ ਖੁੱਲ੍ਹੇ ਦਰਸ਼ਨ ਇਸ਼ਨਾਨ ਦਾ ਧਿਆਨ ਧਰ ਕੇ। ਇਸੇ ਭਾਵ ਨੂੰ ਪਰਗਟ ਕਰਦੀ ਹੋਈ ਕਵਿੱਤਰੀ ਲਿਖਦੀ ਹੈ -

"ਸੁਣਿਆਂ ਏ ਉਹਦੇ ਦਰ 'ਤੇ ਅੰਮੀਏਂ ਹੁੰਦੀ ਏ ਸੁਣਵਾਈ,
ਰੋ ਰੋ ਕੇ ਆਖਾਂਗੀ ਮੈਂ ਪਰਦੇਸਣ ਦੂਰ ਤੋਂ ਆਈ।
ਵੇਖੀਂ ਉਸ ਨੇ ਝੱਟ 'ਸੁਰਜੀਤ' ਨੂੰ ਚਰਨੀਂ ਲਾਣਾ ਏ,
ਨਨਕਾਣੇ ਜਾਣਾ ਏ, ਮੈਂ ਨਨਕਾਣੇ ਜਾਣਾ ਏ।

ਗੁਰੂ ਨਾਨਕ ਸਾਹਿਬ ਨੇ ਭਾਈ ਲਹਿਣਾ ਜੀ ਦੀ ਸੇਵਾ ਭਾਵਨਾ 'ਤੇ ਤੁੱਠ ਕੇ ਉਨ੍ਹਾਂ ਨੂੰ ਗੁਰ ਗੱਦੀ ਦਾ ਦੂਜਾ ਵਾਰਸ ਥਾਪ ਦਿੱਤਾ। ਇਸ ਭਾਵ ਦਾ ਕਵਿੱਤਰੀ "ਗੁਰੂ ਨਾਨਕ ਨੇ ਗੁਰਿਆਈ ਦਾ" ਕਵਿਤਾ ਵਿੱਚ ਇਉਂ ਪ੍ਰਗਟਾਵਾ ਕਰਦੀ ਹੈ -

"ਵਿੱਚ ਦੁਨੀਆਂ ਸੇਵ ਕਮਾਈਐ, ਤਾਂ ਦਰਗਹ ਬੈਸਣ ਪਾਈਐ।
ਸੇਵਾ ਨਾਲ਼ ਮੇਵਾ ਮਿਲਦਾ ਏ, ਲਹਿਣੇ ਜੱਗ ਤਾਈਂ ਵਿਖਾ ਦਿੱਤਾ।
ਤੇਰੇ ਚਰਨਾਂ ਨਾਲ਼ ਪ੍ਰੀਤ ਰਵ੍ਹੇ, ਤਾਂ ਜਿਊਂਦੀ ਇਹ 'ਸੁਰਜੀਤ' ਰਵ੍ਹੇ,
ਸਭ ਅਉਗਣ ਮੇਰੇ ਬਖ਼ਸ਼ ਕੇ, ਮੈਨੂੰ ਸ਼ਬਦ ਗੁਰੂ ਨਾਲ਼ ਲਾ ਦਿੱਤਾ।"

ਸਿੱਖ ਧਰਮ ਦੇ ਪੰਜਵੇਂ ਪਾਤਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਦ੍ਰਿਸ਼ ਨੂੰ ਚਿੱਤਰਦਿਆਂ ਹੋਇਆਂ ਕਵਿੱਤਰੀ ਪਾਠਕ ਅਤੇ ਸਰੋਤੇ ਨੂੰ ਉਸ ਸਥਾਨ ਦੇ ਸਨਮੁੱਖ ਲਿਜਾ ਖੜ੍ਹਾਉਂਦੀ ਹੈ -

"ਤੱਤੀ ਅੱਗ ਤੱਤੀ ਰੇਤ ਤੱਤੀ ਤੱਤੀ ਲੋਹ ਦੇ ਉੱਤੇ,
ਛਾਲੇ ਛਾਲੇ ਹੋਇਆ ਮੇਰੇ ਗੁਰਾਂ ਦਾ ਸਰੀਰ ਹੈ।"

ਔਰੰਗਜ਼ੇਬ ਵੱਲੋਂ ਸ਼੍ਰੀ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਉਨ੍ਹਾਂ ਦੇ ਤਿੰਨ ਪਿਆਰੇ ਸਿੱਖਾਂ ਭਾਈ ਮਤੀਦਾਸ, ਭਾਈ ਸਤੀਦਾਸ, ਭਾਈ ਦਿਆਲਾ ਸੰਗ ਸ਼ਹੀਦ ਕਰ ਦਿੱਤਾ ਗਿਆ ਸੀ। ਉਸ ਸ਼ਹੀਦੀ ਘਟਨਾ ਨੂੰ ਕਵਿੱਤਰੀ ਆਪਣੀ ਕਵਿਤਾ "ਅੰਮ੍ਰਿਤ ਵੇਲੇ ਸੁਬਹ ਸਵੇਰੇ ਦਿੱਲੀ ਦਾ ਦਿਲ ਡੋਲ" ਵਿੱਚ ਇੰਝ ਦਰਜ ਕਰਦੀ ਹੈ -

"ਧੜ ਤੋਂ ਸੀਸ ਜਦੋਂ ਵੱਖ ਹੋਇਆ ਧਰਤ ਰੋਈ ਅਸਮਾਨ ਵੀ ਰੋਇਆ,
ਮਾਰ ਦੁਹੱਥੜਾਂ ਆਇਤਾਂ ਪਿੱਟੀਆਂ ਤੱਕ ਕੇ ਜ਼ੁਲਮ ਕੁਰਾਨ ਵੀ ਰੋਇਆ
ਸਰਮ ਧਰਮ ਦੋਵੇਂ ਹੀ ਰੋਏ, ਰੋਇਆ ਦੀਨ ਈਮਾਨ ਵੀ ਰੋਇਆ,
ਖੀਰ ਸਮੁੰਦਰ ਦੇ ਵਿੱਚ ਬੈਠਾ, ਜ਼ਾਰ-ਜ਼ਾਰ ਭਗਵਾਨ ਵੀ ਰੋਇਆ।"

ਦਸਮੇਸ਼ ਪਿਤਾ ਦੇ ਅਵਤਾਰ ਧਾਰਨ ਉਪਰੰਤ ਮਾਂ ਗੁਜਰੀ ਦੀ ਵਡਿਆਈ ਕਰਦੀ ਹੋਈ ਕਵਿੱਤਰੀ ਲਿਖਦੀ ਹੈ -

"ਮੇਰੇ ਦਸਮ ਪਿਤਾ ਦਸਮੇਸ਼ ਗੁਰੂ ਧੰਨ ਧੰਨ ਹੈ ਤੇਰੀ ਮਾਂ ਗੁਜਰੀ,
ਜਿਨ ਜਨਮ ਦਿੱਤਾ ਮੇਰੇ ਸਤਿਗੁਰ ਨੂੰ ਉੱਚੇ ਸਤਿਕਾਰ ਦੀ ਥਾਂ ਗੁਜਰੀ।
ਉਹ ਧਰਤੀ ਧੰਨ ਹੈ ਪਟਨੇ ਦੀ ਜਿਨੂੰ ਸ੍ਰਿਸ਼ਟੀ ਸਿਜਦੇ ਕਰਦੀ ਏ,
ਤੇਰੀ ਝੋਲ਼ੀ ਦੇ ਵਿੱਚ ਰੱਬ ਖੇਡੇ ਤੈਨੂੰ ਦੁਨੀਆਂ ਆਖੇ ਤਾਂ ਗੁਜਰੀ।
ਲੱਖਾਂ ਹੀ ਗੁਜਰੀਆਂ ਹੋਣਗੀਆਂ ਪਰ ਤੇਰੇ ਵਰਗੀ ਕੋਈ ਨਹੀਂ,
ਬਲੀਦਾਨ ਦੇ ਸਿਰ ਦੇ ਸਾਈਂ ਦਾ, ਸਾਨੂੰ ਕਰ ਗਈ ਠੰਢੀ ਛਾਂ ਗੁਜਰੀ।
ਇਸ ਆਪਣੇ ਪੰਥ ਪਿਆਰੇ ਲਈ ਬਲੀਦਾਨ ਤੂੰ ਦਿੱਤੇ ਹੱਸ ਹੱਸ ਕੇ,
ਸੁਰਜੀਤ ਸਦਾ ਤੂੰ ਰਹਿਣਾ ਏ ਤਾਂਹੀਂਓਂ ਹੈ ਤੇਰਾ ਨਾਂ ਗੁਜਰੀ।"

ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਉਪਰੰਤ ਦਸਵੇਂ ਗੁਰੂ ਗੋਬਿੰਦ ਰਾਇ ਅਤੇ ਹੋਰ ਸਿੱਖਾਂ ਦੇ ਵਿਹਾਰ ਵਿਚ ਆਈ ਤਬਦੀਲੀ ਨੂੰ ਕਵਿੱਤਰੀ ਇਸ ਪ੍ਰਕਾਰ ਬਿਆਨ ਕਰਦੀ ਹੈ-

"ਮੈਂ ਖ਼ਾਲਸਾ ਪੰਥ ਸਜਾਵਾਂਗਾ, ਗਿੱਦੜਾਂ ਤੋਂ ਸ਼ੇਰ ਬਣਾਵਾਂਗਾ।
ਲੱਖ ਲੱਖ ਨਾਲ਼ 'ਕੱਲਾ ਸਿੰਘ ਲੜੂ ਇਹ ਵੇਖੇਗਾ ਜੱਗ ਸਾਰਾ।"
"ਮੈਂ ਜ਼ੁਲਮ ਦਾ ਰਾਜ ਮੁਕਾਵਾਂਗਾ, ਮਜ਼ਲੂਮਾਂ ਨੂੰ ਗਲ਼ ਨਾਲ਼ ਲਾਵਾਂਗਾ,
ਪੈਰਾਂ ਵਿੱਚ ਰੁਲਦੇ ਲੋਕਾਂ ਨੂੰ ਦੇਵਾਂਗਾ ਆਪ ਸਹਾਰਾ।

ਇਸ ਦੇ ਨਾਲ਼ ਹੀ ਕਵਿੱਤਰੀ ਨੇ ਉਨ੍ਹਾਂ ਸਿੱਖਾਂ ਨੂੰ ਵੀ ਚੇਤੰਨ ਕੀਤਾ ਹੈ, ਜਿਹੜੇ ਸਿੱਖ ਧਰਮ ਵਿੱਚ ਹੋਣ ਦੇ ਬਾਵਜੂਦ ਵਹਿਮਾਂ ਭਰਮਾਂ ਵਿੱਚ ਫ਼ਸ ਕੇ ਪਖੰਡੀ ਸਾਧਾਂ ਸੰਤਾਂ ਦੇ ਡੇਰਿਆਂ ਵਿੱਚ ਮੱਥਾ ਟੇਕਦੇ ਫ਼ਿਰਦੇ ਹਨ। "ਵਿੱਚ ਪੁਰੀ ਅਨੰਦ ਬੈਠਾ ਇੱਕ ਬਾਲਕ" ਕਵਿਤਾ ਵਿੱਚ ਕਵਿੱਤਰੀ ਲਿਖਦੀ ਹੈ -

"ਸਿੰਘਾ ਜੇ ਸਿੰਘ ਅਖਵਾਨਾ ਏਂ, ਕਿਉਂ ਸਾਧਾਂ ਡੇਰੇ ਜਾਨਾ ਏਂ।
ਤੁਰ ਸ਼ਬਦ ਗੁਰੂ ਦੀ ਸਿੱਖਿਆ 'ਤੇ, ਤੇਰਾ ਹੋ ਜਾਏ ਪਾਰ ਉਤਾਰਾ।
ਸਿਰ ਧਰ ਕੇ ਤਲੀ ਜੋ ਆਵੇਗਾ, ਜੱਗ ਵਿੱਚ 'ਸੁਰਜੀਤ' ਹੋ ਜਾਵੇਗਾ,
ਇਸ ਖੰਨਿਓਂ ਤਿੱਖੇ ਮਾਰਗ 'ਤੇ ਜ਼ਰਾ ਤੁਰ ਕੇ ਵੇਖ ਨਜ਼ਾਰਾ।"

ਚਮਕੌਰ ਦੀ ਅਸਾਵੀਂ ਜੰਗ ਵਿੱਚ ਦੋਵੇਂ ਵੱਡੇ ਸਾਹਿਬਜ਼ਾਦਿਆਂ ਅਤੇ ਸਿੰਘਾਂ ਦੀ ਸ਼ਹਾਦਤ ਉਪਰੰਤ ਜਦੋਂ ਪੰਜ ਸਿੰਘਾਂ ਨੇ ਗੁਰੂ ਗੋਬਿੰਦ ਸਿੰਘ ਨੂੰ ਗੜ੍ਹੀ ਛੱਡ ਕੇ ਚਲੇ ਜਾਣ ਦਾ ਹੁਕਮ ਸੁਣਾਇਆ ਤਾਂ ਦਸਮੇਸ਼ ਪਿਤਾ ਨੇ ਪੰਜ ਪਿਆਰਿਆਂ ਦੇ ਹੁਕਮ ਅੱਗੇ ਸੀਸ ਝੁਕਾ ਕੇ ਭਾਈ ਸੰਗਤ ਸਿੰਘ ਦੇ ਸਿਰ 'ਤੇ ਆਪਣੀ ਕਲ਼ਗੀ ਸਜਾ ਕੇ ਚਮਕੌਰ ਦੀ ਗੜ੍ਹੀ ਨੂੰ ਛੱਡ ਦਿੱਤਾ। ਉਸ ਸਮੇਂ ਦੇ ਇਤਿਹਾਸਕ ਪ੍ਰਸੰਗ ਨੂੰ ਬੀਬੀ ਸੁਰਜੀਤ ਕੌਰ ਨੇ ਆਪਣੀ ਕਵਿਤਾ "ਵਿੱਚ ਚਮਕੌਰ ਜਦੋਂ, ਪੁੱਤ ਦਿੱਤੇ ਤੋਰ ਜਦੋਂ" ਵਿੱਚ ਦਰਜ ਕਰਦੀ ਹੈ-

"ਤੇਗ਼ ਦੇ ਦੁਲਾਰੇ ਮਾਤਾ ਗੁਜਰੀ ਦੇ ਤਾਰੇ,
ਅੱਜ ਪੰਜਾਂ ਸਿੰਘਾਂ ਅੱਗੇ ਸੀਸ ਆਪਣਾ ਝੁਕਾ ਦਿੱਤਾ।
ਆਪਣਾ ਪੁਸ਼ਾਕਾ ਦਸਤਾਰ ਅਤੇ ਕਲਗੀ ਦੇ,
ਭਾਈ ਸੰਗਤ ਸਿੰਘ ਦਾ ਜੀਵਨ ਪਲਟਾ ਦਿੱਤਾ।"

ਸਾਹਿਬਜ਼ਾਦਾ ਜ਼ੋਰਾਵਰ ਸਿੰਘ, ਸਾਹਿਬਜ਼ਾਦਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਦੇ ਸਰਸਾ ਨਦੀ ਪਾਰ ਕਰਨ ਉਪਰੰਤ ਸੰਘਰਸ਼ਮਈ ਜੀਵਨ ਨਾਲ਼ ਸੰਬੰਧਿਤ ਕਵਿੱਤਰੀ ਵੱਲੋਂ ਕਈ ਕਵਿਤਾਵਾਂ ਰਚੀਆਂ ਗਈਆਂ ਹਨ। ਵੰਨਗੀਆਂ ਦੇਖੋ -

"ਗਾਈ ਸੁਰਜੀਤ ਮਾਤਾ ਗੁਜਰੀ ਨੇ ਘੋੜੀ,
ਮੌਤ ਨੂੰ ਵਿਆਹੁਣ ਤੇਰੀ ਪੋਤਿਆਂ ਦੀ ਜੋੜੀ।
ਸ਼ੁਕਰ ਗੁਜ਼ਾਰੇ ਨਾਲ਼ੇ ਜਪੁ ਜੀ ਪੜ੍ਹੇ,
ਗੁਜਰੀ ਮਾਂ ਪੋਤਿਆਂ ਦੇ ਸ਼ਗਨ ਕਰੇ।"
"ਉੱਠੋ ਫ਼ਤਹਿ ਜ਼ੋਰਾਵਰ ਦਾਦੀ ਪਈ ਜਗਾਵਾਂ,
ਸੋਹਣੀਆਂ ਸਿਰਾਂ 'ਤੇ ਦਸਤਾਰਾਂ ਸਜਾਵਾਂ।
ਜੰਞ ਇਹ ਅਨੋਖੀ ਦੁਹਾਂ ਵੀਰਾਂ ਦੀ ਚੜ੍ਹੇ,
ਗੁਜਰੀ ਮਾਂ ਪੋਤਿਆਂ ਦੇ ਸ਼ਗਨ ਕਰੇ।"

ਚਮਕੌਰ ਦੀ ਗੜ੍ਹੀ ਵਿੱਚੋਂ ਨਿੱਕਲ ਕੇ ਦਸਮੇਸ਼ ਪਿਤਾ ਮਾਛੀਵਾੜੇ ਦੇ ਜੰਗਲਾਂ ਵਿੱਚ ਨਿਵਾਸ ਕਰਦੇ ਹਨ। ਉਸ ਸਮੇਂ ਦੇ ਦ੍ਰਿਸ਼ ਨੂੰ ਕਵਿੱਤਰੀ ਦੀ ਕਲਮ ਇਸ ਤਰ੍ਹਾਂ ਚਿੱਤਰਦੀ ਹੈ -

"ਜਿਦੇ ਹੱਥ ਦੇ ਵਿੱਚ ਹੈ ਸੱਜਦਾ ਖੰਡਾ ਦੋ ਧਾਰਾ,
ਜਿਸ ਖੰਡੇ ਵਿੱਚੋਂ ਸਾਜਿਆ ਫਿਰ ਪੰਥ ਪਿਆਰਾ।
ਜਿਸ ਲੈ ਕੇ ਹੁਕਮ ਅਕਾਲ ਤੋਂ ਲਾਇਆ ਜੈਕਾਰਾ।
ਮੈਨੂੰ ਪੁੱਤਰਾਂ ਨਾਲੋਂ ਵੱਧ ਕੇ ਹੈ ਸਿੰਘ ਪਿਆਰਾ।
ਸੁਰਜੀਤ ਗੁਰੂ ਦਸਮੇਸ਼ ਤੋਂ ਬਲਿਹਾਰੀ ਜਾਵਾਂ,
ਅੱਜ ਬਾਜ਼ਾਂ ਵਾਲ਼ੇ ਗੁਰੂ ਦਾ ਇਤਿਹਾਸ ਸੁਣਾਵਾਂ।"

ਜਿਸ ਪ੍ਰਕਾਰ ਅਸੀਂ ਸਾਰੇ ਜਾਣਦੇ ਹਾਂ ਕਿ ਆਦਿ ਗ੍ਰੰਥ ਕੇਵਲ ਸਿੱਖਾਂ ਦਾ ਧਾਰਮਿਕ ਗ੍ਰੰਥ ਹੀ ਨਹੀਂ ਹੈ, ਸਗੋਂ ਇਹ ਸਮੁੱਚੀ ਮਾਨਵਤਾ ਨੂੰ ਰਾਹ ਦਿਖਾਉਣ ਵਾਲੀ ਉਹ ਵਿਚਾਰਧਾਰਾ ਹੈ, ਜਿਸ 'ਤੇ ਚੱਲ ਕੇ ਕੋਈ ਵੀ ਸਮਾਜ, ਰਾਜ, ਦੇਸ਼, ਕੌਮ ਉੱਚੀਆਂ ਅਤੇ ਸੱਚੀਆਂ ਸੁੱਚੀਆਂ ਕਦਰਾਂ ਕੀਮਤਾਂ ਸਥਾਪਤ ਕਰਨ ਦੇ ਸਮਰੱਥ ਹੋ ਸਕਦਾ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਡਿਆਈ ਅਤੇ ਵਿਚਾਰਧਾਰਾ ਦੀ ਉਸਤਤਿ ਬੀਬੀ ਸੁਰਜੀਤ ਕੌਰ ਇਸ ਪ੍ਰਕਾਰ ਕਰ ਰਹੀ ਹੈ -

(ਬਾਕੀ ਅਗਲੇ ਸਫੇ 'ਤੇ)

## ਮੋਦੀ ਦਾ ਨਵਾਂ ਜੁਮਲਾ

# ਗਰੀਬ, ਨੌਜਵਾਨ, ਇਸਤਰੀ ਤੇ ਕਿਸਾਨ ਦੀ ਗੈਰ-ਵਰਗੀ ਵੰਡ ਨੂੰ ਨੰਗਾ ਕਰੀਏ!



ਜਗਦੀਸ਼ ਚੋਹਕਾ
91-92179-97445
001-403-285-4208

ਭਾਰਤ ਹੀ ਦੁਨੀਆ ਅੰਦਰ ਖਾਸ ਕਰਕੇ ਦੱਖਣੀ ਏਸ਼ੀਆ ਦਾ ਅਜਿਹਾ ਦੇਸ਼ ਹੈ ਜਿਥੇ ਹਰ ''ਅਣਹੋਣੀ'' ਜਾਤ-ਪਾਤੀ ਵਰਨ-ਵੰਡ ਨਾਲ ਬੱਝੀ ਹੋਈ ਹੈ। ਮਨੁੱਖ ਦੇ ਜਨਮ ਤੋਂ ਅੰਤ ਤਕ ਹਰ ਸੰਸਕਾਰ ਵਰਨ-ਵੰਡ ਨੇ ਬੜੇ ਕਸ ਕੇ ਬੰਨ੍ਹੇ ਹੋਏ ਹਨ। ਅਵੱਸਥਾ ਇਥੋ ਤਕ ਪੁੱਜ ਗਈ ਹੈ ਸਾਡਾ ਸਭਿਆਚਾਰ, ਧਰਮ, ਆਚਾਰ-ਵਿਵਹਾਰ, ਜਨਮ-ਮਰਨ ਅਤੇ ਰਾਜਨੀਤੀ ਮੰਨੂਵਾਦੀ ਚਾਰ ਵਰਨਾ ਅੰਦਰ ਨੂੜੀ ਪਈ ਹੈ। ਪਰ ਅਮੀਰ ਦੇਸ਼ ਭਾਰਤ ਵਰਗੇ ਵਿਕਾਸਸ਼ੀਲ ਤੇ ਗਰੀਬ ਦੇਸ਼ ਨੂੰ ਵਿਕਸਤ ਦੇਸ਼ ਵਜੋਂ ਆਰਥਿਕ ਪੱਖੋ ਦੁਨੀਆ ਦੀ ਪੰਜਵੀਂ ਜੀ.ਡੀ.ਪੀ. ਆਰਥਿਕ ਸ਼ਕਤੀ ਗਰਦਾਨ ਰਹੇ ਹਨ। ਕਿਉਂਕਿ ਇਹ ਉਹਨਾਂ ਦੀ ਲੋੜ ਅਨੁਸਾਰ ਹੈ। ਪਰ ਜਮੀਨੀ ਸਤਹਿ 'ਤੇ ਇਹ ਉਹ ਨਹੀਂ ਹੈ? ਜੋ ਪੂੰਜੀਵਾਦੀ ਪ੍ਰਚਾਰ ਹੋ ਰਿਹਾ ਹੈ।ਭਾਰਤ ਅੱਜੇ ਵੀ ਇਕ ਅਵਿਕਸਤ ਦੇਸ਼ ਹੈ ਜਿਸ ਦੀ ਰਾਜਸੱਤਾ ਅੱਜ ਅਤਿ ਦੀ ਫਿਰਕੂ, ਕਾਰਪੋਰੇਟ ਪੱਖੀ ਵਿਦੇਸ਼ੀ ਅਤੇ ਦੇਸੀ ਪੂੰਜੀਪਤੀਆ ਪੱਖੀ ਬੇ।ਜੀ।ਪੀ। ਦੇ ਹੱਥ ਵਿੱਚ ਹੈ। ਅੱਜ ਦੇਸ਼ ਦੀ ਸਾਰੀ ਆਰਥਿਕ ਯੋਜਨਾ ਬੰਦੀ ਨਵ-ਉਦਾਰਵਾਦੀ ਆਰਥਿਕ ਸੁਧਾਰਾ ਵੱਲ ਸੇਧਿਤ ਹੈ। ਜਿਸ ਕਾਰਨ ਸਾਡੀ ਕੌਮੀ ਸੰਪੱਤੀ ਅਤੇ ਆਰਥਿਕਤਾ ਦੀ ਤਬਾਹੀ ਅਤੇ ਲੁੱਟ-ਖਸੁੱਟ ਕਾਰਨ ਕਰੋੜਾਂ ਭਾਰਤੀ ਰੋਜ਼ੀ-ਰੋਟੀ ਤੋਂ ਆਤੁਰ ਹਨ। ਭਾਜਪਾ ਜਿਸਦੀ ਵਾਂਗਡੋਰ ਆਰ.ਐਸ.ਐਸ. ਦੇ ਹੱਥ ਹੈ ਉਹ ਅਜਿਹੇ ਜਾਤੀ-ਪਾਤੀ ਵਰਗੀ ਵੰਡ ਨੂੰ ਹੋਰ ਤੇਜ ਕਰਕੇ ਹਰ ਤਰ੍ਹਾਂ ਦਾ ਲਾਹਾ ਵੀ ਲੈ ਰਹੀ ਹੈ। ਹਿੰਦੂਤਵ ਫਿਰਕੂ ਏਜੰਡਾ ਤੇਜ ਕਰਕੇ ਹਮਲਾਵਰ ਤਰੀਕਿਆ ਨਾਲ ਉਹ ਅੱਗੇ ਵਧ ਰਹੀ ਹੈ। ਆਰਥਿਕ ਅਸਮਾਨਤਾ ਹੋਰ ਵੱਧ ਗਈ ਹੈ, ਹਰ ਪਾਸੇ ਬੇਰੁਜ਼ਗਾਰੀ ਤੇ ਨੰਗ-ਭੁੱਖ ਦਾ ਆਲਮ ਛਾਇਆ ਹੋਇਆ ਹੈ।

ਦੇਸ਼ ਅੰਦਰ ਗਰੀਬੀ ਹੇਠ ਲਤਾੜੇ ਹੋਏ ਇਕ ਬਹੁਤ ਵੱਡੇ ਹਿੱਸੇ ਦੇ ਲੋਕ ਅੱਜ ਵੀ ਮੰਨੂਵਾਦੀ ਵਰਨ-ਵੰਡ ਵਿਚੋਂ ਆਉਂਦੇ ਹਨ। ਉਹ ਅਨਪੜ੍ਹ, ਰੋਟੀ ਤੋਂ ਤੰਗ ਅਤੇ ਬਿਮਾਰੀਆਂ ਕਾਰਨ ਬੇ-ਇਲਾਜੇ ਮਰ ਰਹੇ ਹਨ। ਦੂਸਰੇ ਪਾਸੇ ਜਾਤ-ਪਾਤ ਨੇ ਉਹਨਾਂ ਨੂੰ ਗਰੀਬੀ ਦੀਆਂ ਵਲਗਣਾਂ ਅੰਦਰ ਡੱਕਿਆ ਹੋਇਆ ਹੈ। ਪਰ ਉਨ੍ਹਾਂ ਦੀ ਅੰਧ-ਵਿਸ਼ਵਾਸੀ ਆਸਥਾ ਤੇ ਧਾਰਮਿਕ ਵਿਸ਼ਵਾਸ ਇਸ ਗਰੀਬੀ ਨੂੰ ਜਾਰੀ ਰੱਖਣ ਲਈ ਠੁੰਮਣਾ ਦੇ ਰਹੀ ਹੈ। ਹਾਕਮ ਮੋਦੀ ਸਰਕਾਰ ਇਸ ਰਾਜਨੀਤਕ ਤੇ ਆਰਥਿਕ ਹਲਾਤਾਂ ਅੰਦਰ ਉਦਾਰੀਵਾਦੀ ਨੀਤੀਆ, ਫਿਰਕੂ ਰਾਸ਼ਟਰਵਾਦੀ-ਸ਼ਾਵਨਵਾਦ ਅਤੇ ਫੁੱਟ ਪਾਊ ਫਿਰਕੂ ਪਹੁੰਚ ਰਾਹੀ ਦੇਸ਼ ਦੀ ਰਾਜਨੀਤੀ 'ਤੇ ਹੋਰ ਮਜਬੂਤੀ ਫੜ ਰਹੀ ਹੈ। ਫਿਰਕੂ ਅਤੇ ਕੌਮੀ ਏਕਤਾ ਨੂੰ ਖਤਰੇ 'ਚ ਪਾ ਰਹੀ ਹੈ ਤੇ ਦੇਸ਼ ਦੀ ਜਮਹੂਰੀਅਤ ਅਤੇ ਧਰਮ-ਨਿਰਪੱਖਤਾ ਲਈ ਇਕ ਗੰਭੀਰ ਖਤਰਾ ਪੈਦਾ ਕਰ ਰਹੀ ਹੈ।ਮੌਜੂਦਾ ਹਾਕਮ ਬਰਾਬਰੀ ਦੀ ਸੰਵਿਧਾਨਕ ਗਾਰੰਟੀ ਵੱਲ ਵੱਧਣ ਦੀ ਬਿਜਾਏ ਅਤੇ ਸਮਾਜਕ ਨਿਆਂ ਦੇ ਉਦੇਸ਼ ਨੂੰ ਸਾਕਾਰ ਕਰਨ ਦੀ ਥਾਂ ਸਮਾਜਕ ਤੌਰ 'ਤੇ ਦੱਬੇ-ਕੁਚਲੇ ਵਰਗਾਂ ਪ੍ਰਤੀ ਸਗੋਂ ਵਧੇਰੇ ਬੇਇਨਸਾਫੀ ਅਤੇ ਵਿਤਕਰੇ ਪੈਦਾ ਕਰ ਰਹੇ ਹਨ। ਦਲਿਤਾਂ 'ਤੇ ਹਮਲਿਆ ਵਿੱਚ ਕਈ ਗੁਣਾ ਵਾਧਾ ਹੋਇਆ ਹੈ। ਇਸਤਰੀਆ ਵਿਰੁਧ ਹਿੰਸਾ ਅਤੇ ਘੱਟ ਗਿਣਤੀਆ 'ਤੇ ਹਰ ਤਰ੍ਹਾਂ ਹਮਲੇ ਤੇਜ ਹੋਏ ਹਨ। ਉਪਰੋਕਤ ਹਕੀਕਤਾਂ ਦੇ ਨਜਰੀਏ ਰਾਹੀ ਇਹ ਹੀ ਸਾਬਤ ਹੋ ਰਿਹਾ ਹੈ ਕਿ ਮੋਦੀ ਹਕੂਮਤ ਦੌਰਾਨ ਮੰਨੂਵਾਦੀ ਨੀਤੀਆ ਵੀ ਤੇਜ਼ ਹੋਈਆਂ ਹਨ ਤੇ ਲੋਕਾਂ ਨੂੰ ਸਮਾਜਕ ਇਨਸਾਫ਼ ਤੋਂ ਸੱਖਣੇ ਰੱਖਿਆ ਜਾ ਰਿਹਾ ਹੈ।

ਮੋਦੀ ਸਰਕਾਰ ਨੇ ਇਕ ਹੁਣ ਨਵਾਂ ''ਜੂਮਲਾ'' ਤਿਆਰ ਕੀਤਾ ਕਿ ਉਹ ਚਾਰ ਮੰਨੂਵਾਦੀ ਜਾਤੀ ਵਰਨਾ ਬ੍ਰਾਹਮਣ, ਕਿਸ਼ਤਰੀ, ਵੈਸ਼ ਅਤੇ ਸ਼ੂਦਰ ਦੀ ਥਾਂ ਗਰੀਬ, ਨੌਜਵਾਨ, ਇਸਤਰੀ ਅਤੇ ਕਿਸਾਨਾਂ ਨੂੰ ਥਾਂ ਦੇ ਕੇ ਦੇਸ਼ ਨੂੰ ਮਹਾਨ ਬਣਾਉਣਗੇ ? ਉਸ ਨੇ ਇਸ ਦੀ ਪ੍ਰਾਪਤੀ ਲਈ ਕਿਹਾ ਕਿ ਹੁਣ ਅਸੀਂ ਇਸ ਫਾਰਮੂਲੇ ਰਾਹੀ ਭਾਰਤ ਨੂੰ ਦੁਨੀਆ ਦੀ ਤੀਸਰੀ ਆਰਥਿਕ ਸ਼ਕਤੀ ਬਣਾ ਦਿਆਂਗੇ? ਪਰ ! ਅਮਲ ਵਿੱਚ ਇਸ ਆਰਥਿਕ ਵਿਕਾਸ ਅਤੇ ਪ੍ਰਗਤੀ ਦਾ ਲਾਭ ਦੇਸ਼ ਅੰਦਰ ਕੁਝ ਗਿਣੇ-ਚੁਣੇ ਪੂੰਜੀਪਤੀ ਹੀ ਪ੍ਰਾਪਤ ਕਰਕੇ ਖੂਬ ਵੱਧ ਫੂਲ ਰਹੇ ਹਨ। ਪਰ ਜਾਤੀ-ਪਾਤੀ ਵਰਨ-ਵੰਡ ਵਾਲੇ ਭਾਰਤ ਅੰਦਰ ਅੱਜੇ ਵੀ ਦੇਸ਼ ਦੀ ਵਸੋਂ ਦਾ ਇਕ ਚੌਥਾਈ ਹਿਸਾ ਮੌਜੂਦਾ ਆਰਥਿਕ ਪ੍ਰਗਤੀ ਦਾ ਕੋਈ ਲਾਭ ਨਹੀਂ ਲੈ ਸੱਕਿਆ ਹੈ। ਜੋ ਉਹ ਸਾਰੇ ਹੇਠਲੇ ਸਮਾਜ ਦੇ ਲੋਕਾਂ ਵਿਚੋਂ ਹਨ। ਸੰਯੁਕਤ-ਰਾਸ਼ਟਰ ਦੇ ਵਿਕਾਸ ਪ੍ਰੋਗਰਮ ਦੀ ਹੁਣੇ-ਹੁਣੇ ਆਈ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ, ''ਭਾਰਤ ਦੇ 22.80 ਕਰੋੜ ਲੋਕ (16-ਫੀ ਸਦ) ਗਰੀਬ ਹਨ।'' ਇਹ ਪੈਮਾਨਾ ਬਹੁਤ ਗਰੀਬ ਲੋਕਾਂ ਲਈ ਹੈ ਜੋ ਪ੍ਰਤੀ ਵਿਅਕਤੀ ਪ੍ਰਤੀ ਮਹੀਨਾ ਕੇਵਲ 1286-ਰੁਪਏ ਕਮਾਉਂਦੇ ਹਨ (ਸ਼ਹਿਰੀ ਖੇਤਰ) ਅਤੇ 1089 ਰੁਪਏ (ਪੇਂਡੂ ਖੇਤਰ) ਕਮਾਉਂਦੇ ਹਨ। ਇਹ ਸਾਰੀ ਕਰਾਮਾਤ 1991 ਨੂੰ ਸ਼ੁਰੂ ਹੋਈਆਂ ਉਦਾਰੀਵਾਦੀ ਆਰਥਿਕ ਨੀਤੀਆਂ ਦਾ ਹੀ ਸਿੱਟਾ ਹੈ। ਰਿਪੋਰਟ ਇਹ ਵੀ ਕਹਿੰਦੀ ਹੈ ਕਿ ਇਨ੍ਹਾਂ ਅੰਕੜਿਆ ਅਨੁਸਾਰ ਹੇਠਲੇ ਗਰੀਬ ਲੋਕਾਂ ਵਿਚ ਅੱਧੇ ਲੋਕਾਂ ਦੀ ਸੰਪੰਤੀ ਕੇਵਲ 2-ਫੀਸਦ ਹੈ ਅਤੇ ਦੇਸ਼ ਦੀ 13-ਫੀ ਸਦ ਆਮਦਨ ਦੇ ਹੀ ਉਹ ਮਾਲਕ ਹਨ। ਦੂਸਰੇ ਪਾਸੇ 32.1 ਫੀ ਸਦ ਬੱਚੇ ਔਸਤਨ ਭਾਰ ਤੋਂ ਵੀ ਹੇਠਾਂ ਹਨ। 35.5 ਫੀਸਦ ਬੱਚੇ ਕੁਪੋਸ਼ਨ ਕਾਰਨ ਪੂਰੀ ਤਰ੍ਹਾਂ ਵੱਧ ਫੁੱਲ ਨਹੀ ਸਕੇ ਤੇ ਉਨ੍ਹਾਂ ਦਾ ਵਾਧਾ ਰੁਕ ਗਿਆ ਹੈ। ਦੇਸ਼ ਅੰਦਰ 15-49 ਸਾਲ ਦੀ ਉਮਰ ਦੀਆਂ ਇਸਤਰੀਆਂ ਵਿੱਚੋ ਅੱਧੀਆ ਖੂਨ ਦੀ ਕਮੀ ਦਾ ਸ਼ਿਕਾਰ ਹਨ। ਭਾਵੇ ਹਾਕਮ ਇਹ ਢੀਗਾਂ ਮਾਰ ਰਹੇ ਹਨ ਕਿ ਅਸੀ ਦੇਸ਼ ਦੇ 81.10 ਕਰੋੜ ਲੋਕਾਂ (57-ਫੀ ਸਦ ਆਬਾਦੀ ਦਾ ਹਿਸਾ) ਨੂੰ ਅਗਲੇ 5-ਸਾਲਾਂ ਲਈ ਮੁਫਤ 5-ਕਿਲੋ ਰਾਸ਼ਨ ਦੇ ਰਹੇ ਹਾਂ।

ਜਿਥੋ ਤਕ ਗਰੀਬੀ ਦੇ ਖਾਤਮੇ ਦਾ ਸਵਾਲ ਹੈ ਮੋਦੀ ਸਰਕਾਰ ਦੇ ਇਕ ਦਹਾਕੇ ਤੋਂ ਕਾਬਜ਼ ਹੋਣ ਤਕ ਦੇ ਅਰਸੇ ਅੰਦਰ ਕੋਪੋਸ਼ਨ ਅਤੇ ਭੁੱਖ ਦਾ ਗ੍ਰਾਫ ਵੱਧਿਆ ਹੀ ਹੈ। ਸਟੇਟ ਆਫ ਵਰਕਿੰਗ ਇੰਡੀਆ ਦੀ ਰਿਪੋਰਟ-2023 (ਅਜੀਮ ਪ੍ਰੇਮਜੀ ਯੂਨੀਵਰਸਿਟੀ) ਅਤੇ ਪ੍ਰੀਓਡਿਕ ਲੇਬਰ ਫੋਰਸ ਸਰਵੇਖਣ ਰਿਪੋਰਟ ਅਨੁਸਾਰ ਤਿੰਨ ਵਰਗਾਂ ਦੇ ਕਿਰਤੀਆ ਦੀ ਮਹੀਨਾ ਵਾਰ ਉਜ਼ਰਤ ਸਾਲ 2017-18 ਤੋਂ 2022-23 ਤਕ ਨੂੰ ਲਗਾਤਾਰ ਖੋਰਾ ਲੱਗਾ ਹੈ ਤੇ ਆਮਦਨਾਂ ਹੇਠਾਂ ਗਈਆਂ ਹਨ। ਇਸ ਲਈ ਹਾਕਮਾਂ ਦਾ ਇਹ ਅਨੁਮਾਨ ਕਿ ਦੇਸ਼ ਦੀ 16-ਫੀ ਸਦ ਗਰੀਬਾਂ ਦੀ ਗਿਣਤੀ ਰਹਿ ਗਈ ਹੈ, 'ਅੰਕੜਾ ਗੈਰ-ਮਹੱਤਵ ਲੱਗਦਾ ਹੈ। ਆਉ ! ਦੇਸ਼ ਦੇ ਭਵਿੱਖ ਦੇ ਨੌਜਵਾਨ ਜੋ ਸਾਡੇ ਵਾਰਸ ਹਨ ਉਹਨਾਂ ਦੀ 28 ਸਾਲ ਦੀ ਉਮਰ ਤਕ ਜੋ ਅੱਧੀ ਗਿਣਤੀ ਹੈ ਸਾਰੇ ਬੇ-ਰੁਜ਼ਗਾਰ ਹਨ (ਪੀ.ਐਲ.ਐਫ.ਐਸ. ਜੁਲਾਈ 2022-ਜੂਨ 2023) ਵੱਲ ਵੀ ਝਾਕੀਏ। 15-29 ਸਾਲ ਉਮਰ ਦੇ ਬੇਰੁਜ਼ਗਾਰਾਂ ਵਿੱਚੋਂ 10-ਫੀ ਸਦ (ਪੇਂਡੂ 8.3, ਸ਼ਹਿਰੀ 13.8 ਫੀ ਸਦ) ਸੜਕਾਂ ਤੇ ਫਿਰ ਰਹੇ ਹਨ। ਕੋਈ ਕੰਮ ਨਹੀਂ ਮਿਲ ਰਿਹਾ ਹੈ। ਸਟੇਟ ਆਫ ਇੰਡੀਆ ਵਰਕਿੰਗ ਰਿਪੋਰਟ 2023 ਮੁਤਾਬਕ ਇਨਾਂ ਵਿੱਚੋਂ 25-ਸਾਲਾਂ ਦੇ ਗਰੈਜੂਏਟ ਹਨ ਜਿਨਾਂ ਵਿਚੋਂ 42.3-ਫੀ ਸਦ ਬੇਰੁਜ਼ਗਾਰ ਹਨ। ਗੈਰ-ਰਜਿਸਟਰ ਨੌਜਵਾਨ ਘੱਟ ਕੇ ਇਸ ਲਈ ਘੱਟ ਰਹਿ ਜਾਂਦੇ ਹਨ ਕਿ ਉਹ ਉਮਰ ਤੋਂ ਵਡੇਰੇ ਹੋ ਜਾਂਦੇ ਹਨ ਕਿਉਂਕਿ ਉਹਨਾਂ ਦੀ ਵਾਰੀ ਨਹੀਂ ਆਉਂਦੀ। ਇਸ ਸਮੇਂ 30-34 ਸਾਲ ਦੇ ਬੇਰੁਜ਼ਗਾਰ ਨੌਜਵਾਨ 9।8-ਫੀ ਸਦ ਹਨ ਜੋ ਨੌਕਰੀ ਪ੍ਰਾਪਤ ਕਰਨ ਤੋਂ ਸੱਖਣੇ ਰਹਿ ਜਾਣਗੇ? ਹਾਕਮ ਭਾਵੇ ਰੋਜ਼ਾਨਾਂ ਰੁਜ਼ਗਾਰ ਮੇਲੇ ਲਾ ਕੇ ਕਰੋੜਾਂ ਰੁਪੈ ਖਰਚ ਕਰਕੇ ਆਪਣੀਆਂ ਫੋਟੋ ਸਮੇਤ ਪ੍ਰਾਪਤੀਆਂ ਦੀਆਂ ਖਬਰਾਂ ਛਾਪਣ ਪਰ ਬੇਰੁਜ਼ਗਾਰੀ ਦਾ ਗ੍ਰਾਫ ਅੱਗੇ ਨਾਲੋ ਦੁਗਣਾ ਹੁੰਦਾ ਜਾ ਰਿਹਾ ਹੈ।



ਬੇਰੁਜ਼ਗਾਰੀ ਦੇ ਆਲਮ ਦੀ ਇਕ ਤਸਵੀਰ ਤੁਸੀਂ ਬੇਰੁਜ਼ਗਾਰ ਨੌਜਵਾਨ ਜੋ ਰੋਜ਼ਾਨਾ ਦੇਸ਼ ਛੱਡ ਕੇ ਵਿਦੇਸ਼ਾਂ ਵੱਲ ਜਾ ਰਹੇ ਹਨ ਦੇਖ ਸਕਦੇ ਹੋ। ਇਸ ਤੋਂ ਬਿਨਾਂ ਅੰਦਰੂਨੀ ਨੌਜਵਾਨਾਂ ਦਾ ਆਵਾਗਵਨ ਵੀ ਵਧ ਗਿਆ ਹੈ। ਪਰ ਰੁਜ਼ਗਾਰ ਕਿਤੇ ਨਹੀਂ ਮਿਲ ਰਿਹਾ ਹੈ।ਇਸ ਕਾਰਨ ਹੀ ਦੇਸ਼ ਅੰਦਰ ਨੌਜਵਾਨਾਂ ਅੰਦਰ ਨਿਰਾਸ਼ਾ ਅਤੇ ਰੋਹ ਪੈਦਾ ਹੋਣ ਕਾਰਨ ਹੀ ਦੇਸ਼ ਦੀ ਇਹ ਸ਼ਕਤੀ ਨਸ਼ਿਆਂ ਦੀ ਵਰਤੋਂ ਕਰਨ ਲਈ ਮਜਬੂਰ ਹੋ ਕੇ ਜੁਰਮ ਅਤੇ ਹਿੰਸਾਂ ਦੇ ਜਾਲ ਅੰਦਰ ਫਸ ਜਾਂਦੀ ਹੈ। ਨਾ ਹੀ ਹਾਕਮ ਅਤੇ ਨਾ ਹੀ ਕੋਈ ਉਸਾਰੂ ਸਮਾਜ ਹੋਣ ਕਰਕੇ ਅੱਜ ਦਾ ਨੌਜਵਾਨ ਦਹਿਸ਼ਤਗਰਦੀ, ਫਿਰਕੂ-ਫਸਾਦਾਂ ਅਤੇ ਆਪਸੀ ਦੰਗਿਆ ਦਾ ਸ਼ਿਕਾਰ ਹੋ ਰਹੇ ਹਨ। ਮੋਦੀ ਸਰਕਾਰ ਨੇ 2014 ਨੂੰ ਗੱਦੀ ਸੰਭਾਲਦੇ ਇਹ ਨਾਹਰਾ ਦਿਤਾ ਸੀ ਕਿ ਮੇਰੀ ਸਰਕਾਰ ਹਰ ਸਾਲ 2- ਕਰੋੜ ਲੋਕਾਂ ਨੂੰ ਬਕਾਇਦਾ ਰੁਜ਼ਗਾਰ ਉਪਲੱਬਧ ਕਰਾਏਗੀ? ਇਹ ਵੀ ਬਾਕੀ ਜੂਮਲਿਆ ਵਾਂਗ ਇਕ ਜੂਮਲਾ ਸਾਬਤ ਹੋਇਆ।ਸੰਸਦ ਵਿੱਚ 2023 ਦੌਰਾਨ ਇਕ ਸਵਾਲ ਦੇ ਜਵਾਬ ਵਿੱਚ ਦੱਸਿਆ ਗਿਆ ਕਿ ਮਾਰਚ 2022 ਤਕ ਸਰਕਾਰੀ 9,64,359 ਆਸਾਮੀਆਂ ਖਾਲੀ ਪਈਆ ਹਨ। ਪਰ ਹਾਕਮਾਂ ਨੇ ਵੱਧ ਰਹੀ ਬੇਰੁਜ਼ਗਾਰੀ ਅਤੇ ਨੌਜਵਾਨਾਂ ਅੰਦਰ ਫੈਲ ਰਹੀ ਬੇਰੁਜਗਾਰੀ ਕਾਰਨ ਜੋ ਰੋਹ ਕਿਸੇ ਵੇਲੇ ਵੀ ਫੁੱਟ ਸਕਦਾ ਹੈ, ਦੇ ਹਲ ਲਈ ਕੋਈ ਜਵਾਬ ਨਹੀਂ ਦਿਤਾ।

ਦੇਸ਼ ਅੰਦਰ ਅੱਧੀ ਆਬਾਦੀ ਇਸਤਰੀ ਵਰਗ ਦੀ ਹੈ। ਇਸ ਵਰਗ ਅੰਦਰ ਅਜੇ ਵੀ ਭਿਆਨਕ ਕਿਸਮ ਦਾ ਪਿਛੜੇਵਾਂ ਨਜ਼ਰ ਆਉਂਦਾ ਹੈ। ਭਾਰਤੀ ਸਮਾਜ, ਸੱਭਿਆਚਾਰ ਅਤੇ ਆਰਥਿਕ-ਰਾਜਨੀਤਕ ਖੇਤਰ ਅੰਦਰ ਅੱਜੇ ਵੀ ਨਜ਼ਰੀਆਂ ਪਿਤਰੀ ਵਿਵਸਥਾ ਨੂੰ ਮਜ਼ਬੂਤ ਕਰਨ ਵਾਲਾ ਹੈ। ਵੱਖੋ ਵੱਖ ਪੱਧਰਾਂ 'ਤੇ ਇਸਤਰੀ ਸ਼ੋਸ਼ਣ ਜਾਰੀ ਹੈ। ਉਸ ਨੂੰ ਇਕ ਇਨਸਾਨ ਦੇ ਤੌਰ, ਇਕ ਕਿਰਤੀ ਅਤੇ ਇਕ ਨਾਗਰਿਕ ਦੇ ਤੌਰ ਤੇ ਅੱਜੇ ਵੀ ਸਨਮਾਨਤ ਨਹੀਂ ਕੀਤਾ ਜਾਂਦਾ ਹੈ। ਇਸ ਉਦਾਰੀਵਾਦੀ ਯੁੱਗ ਅੰਦਰ ਅੱਜੇ ਵੀ ਉਹ ਸਿੱਖਿਆ ਤੇ ਜਾਇਦਾਦ ਦੇ ਅਧਿਕਾਰ, ਰੁਜ਼ਗਾਰ, ਲਿੰਗਕ ਵਿਤਕਰੇ ਦਾ ਸ਼ਿਕਾਰ ਹੈ। ਕੌਮੀ ਜੁਰਮ ਰਿਕਾਰਡ ਬੀਰਿਓ, ਬੋਰਡ ਦਸੰਬਰ 2023 'ਚ ਆਈ ਰਿਪੋਰਟ ਮੁਤਾਬਕ ਸਾਲ 2021 ਦੌਰਾਨ ਇਸਤਰੀਆਂ ਵਿਰੁਧ ਹੋਏ ਜੁਰਮਾਂ ਦੇ ਅੰਕੜਿਆਂ ਨਾਲੋ ਸਾਲ 2022 ਦੇ ਦੇ ਅੰਕੜਿਆ 'ਚ 4-ਫੀ ਸਦ ਵਾਧਾ ਹੋਇਆ ਹੈ ਤੇ ਜੋ 4,45,000 ਰਿਕਾਰਡ ਨੋਟ ਕੀਤਾ ਗਿਆ। ਜਿਆਦਾ ਤਰ ਜ਼ੁਰਮ ਇਸਤਰੀਆਂ ਨਾਲ ਘਰੇਲੂ ਹਿੰਸਾ, ਉਧਾਲੇ, ਲਿੰਗਕ ਹਮਲੇ, ਰੇਪ ਅਤੇ ਦਾਜ-ਦਹੇਜ ਆਦਿ ਨਾਲ ਸਬੰਧਤ ਹਨ। ਭਾਵੇ ਹਾਕਮ ਬੇਟੀ ਬਚਾਓ ਅਤੇ ਬੇਟੀ ਪੜ੍ਹਾਉ ਦਾ ਨਾਹਰਾ ਤਾਂ ਲਾਉਂਦੇ ਹਨ ਪਰ ਇਸਤਰੀ ਨੂੰ ਸਨਮਾਨ ਅਤੇ ਆਰਥਿਕ ਆਜ਼ਾਦੀ ਤੋਂ ਦੂਰ-ਦੂਰ ਰੱਖਦੇ ਹਨ। ਦੇਸ਼ ਅੰਦਰ ਲਿੰਗਕ ਵਿਤਕਰਾ ਅਤੇ ਫਰਕ ਹਰ ਖੇਤਰ 'ਚ ਦਿਸ ਰਿਹਾ ਹੈ, ਖਾਸ ਕਰਕੇ ਆਮਦਨ ਤੇ ਰੁਜ਼ਗਾਰ ਖੇਤਰ 'ਚ। ਅੱਜ ਵੀ ਹਾਕਮਾਂ ਦੇ ਨੱਕ ਹੇਠਾਂ ਮਰਦ-ਕਾਮਾ, ਇਸਤਰੀ ਕਾਮੇ ਨਾਲੋ 48-ਫੀ ਸਦ ਵੱਧ ਦਿਹਾੜੀ ਲੈਂਦਾ ਹੈ। ਪੱਕੇ ਮਰਦ ਦਿਹਾੜੀਦਾਰ ਕਾਮੇ ਨੂੰ ਉਜਰਤ ਇਸਤਰੀ-ਕਾਮੇ ਨਾਲੋ 24-ਫੀ ਸਦ ਵਧ ਮਿਲਦੀ ਹੈ। ਸ਼ਹਿਰੀ ਖੇਤਰ 'ਚ ਆਬਾਦੀ ਪੱਖੋ ਜਿਥੇ ਮਰਦ ਕਾਮੇ 69.4 ਫੀ ਸਦ ਹਨ। ਜਦਕਿ ਇਸ ਦੇ ਮੁਕਾਬਲੇ ਇਸਤਰੀ ਕਾਮੇ ਦੀ ਗਿਣਤੀ 21.9 ਫੀ ਸਦ ਹੀ ਹੈ। ਭਾਵ ਕਿਰਤ ਸ਼ਕਤੀ ਅੰਦਰ ਅੱਧੀ ਆਬਾਦੀ ਇਸਤਰੀਆਂ ਦੀ ਹੋਂਣ ਦੇ ਬਾਵਜੂਦ ਜਿਥੇ ਮਰਦ ਕਿਰਤ ਸ਼ਕਤੀ 73.8 ਫੀ ਸਦ ਹੈ ਉਥੇ ਇਸਤਰੀ ਕਿਰਤ ਸ਼ਕਤੀ 24.0 ਫੀ ਸਦ ਹੀ ਹੈ। ਜਦਕਿ ਦੇਸ਼ ਅੰਦਰ 19.6 ਮਿਲੀਅਨ ਇਸਤਰੀਆਂ ਨੂੰ 2004-05 ਤੋਂ 2011-12 ਤਕ ਆਪਣਾ ਕੰਮ ਛੱਡਣਾ ਪਿਆ। ਭਾਵ ਇਸਤਰੀ ਸ਼ਕਤੀ ਨੂੰ ਭਾਰਤ ਅੰਦਰ ਕਿਵੇਂ ਬੇ-ਧਿਆਨ ਕੀਤਾ ਜਾ ਰਿਹਾ ਹੈ। (ਸੰਸਾਰ ਬੈਂਕ ਰਿਪੋਰਟ)।

ਪਿਛਲੇ ਸਾਲੀ ਦੇਸ਼ ਦੇ ਕਿਸਾਨਾਂ ਨੇ ਮੋਦੀ ਸਰਕਾਰ ਦੇ ਕਿਸਾਨ ਵਿਰੋਧੀ ਤਿੰਨ ਕਾਲੇ ਕਨੂੰਨਾਂ ਦੀ ਵਾਪਸੀ ਵਿਰੁਧ ਵੱਡੇ ਸੰਘਰਸ਼ ਪੂਰਬਕ ਅੰਦੋਲਨ ਰਾਹੀ ਵਾਪਸੀ ਕਰਾਈ ਸੀ। ਇਹ ਸੰਘਰਸ਼ ਕਿਸਾਨਾਂ ਦੇ ਕਿਸਾਨੀ ਖੇਤਰ 'ਚ ਆਏ ਨਿਘਾਰ ਅਤੇ ਆਰਥਿਕ ਸੰਕਟ ਕਾਰਨ ਪੈਦਾ ਹੋਏ ਰੋਹ ਦਾ ਸਿਟਾ ਸੀ। ਕੌਮੀ ਜ਼ੁਰਮ ਰਿਕਾਰਡ ਬਿਊਰੋ ਦੀ ਰਿਪੋਰਟ ਸਾਲ 2014-2022 ਮੁਤਾਬਿਕ ਕਿਸਾਨਾਂ ਅੰਦਰ ਕਿਸਾਨੀ ਸੰਕਟ ਕਾਰਨ ਆਤਮ-ਹੱਤਿਆਵਾਂ ਦੀ ਗਿਣਤੀ 'ਚ ਵਾਧਾ ਹੋ ਰਿਹਾ ਹੈ। ਜੇਕਰ ਖੇਤ-ਮਜ਼ਦੂਰਾਂ ਦੀ ਗਿਣਤੀ ਵੀ ਇਸ ਵਿਚ ਜਮ੍ਹਾਂ ਕਰ ਲਈ ਜਾਵੇ ਤਾਂ ਆਤਮ-ਹਤਿਆਵਾਂ ਦੀ ਗਿਣਤੀ ਸਾਲ 2020 'ਚ 10,600 ਸੀ, ਸਾਲ 2021 'ਚ 10881 ਸੀ ਜੋ ਸਾਲ 2022 ਤੱਕ ਵੱਧ ਕੇ 11290 ਪੁਜ ਗਈ। ਜਦਕਿ ਦੇਸ਼ ਦੇ ਹਾਕਮ ਹਰ ਸਾਲ ਅਨਾਜ ਬਾਹਰੋ ਮੰਗਵਾਉਂਦੇ ਸਨ, ਪਰ ਕਿਸਾਨਾਂ ਦੀ ਮਿਹਨਤ ਤੇ ਹਠ ਧਰਮੀ ਨੇ ਪਿਛਲੇ ਇਕ ਦਹਾਕੇ ਤੋਂ ਅਨਾਜ ਦੇਸ਼ ਅੰਦਰ ਪੈਦਾ ਕਰਕੇ ਰਿਕਾਰਡ-ਤੋੜ ਅੰਬਾਰ ਲਾ ਦਿੱਤੇ ਹਨ। ਅੱਜ ਦੇਸ਼ ਦੇ ਸਾਰੇ ਗੁਦਾਮ ਕਣਕ ਅਤੇ ਚੌਲਾਂ ਨਾਲ ਨੱਕੋ-ਨੱਕ ਭਰੇ ਹੋਏ ਹਨ। ਪਰ ਫਿਰ ਵੀ ਦੇਸ਼ ਦੇ ਕਿਸਾਨ ਗਰੀਬ ਹਨ, ਆਵਾਮ ਭੁੱਖਾ ਮਰ ਰਿਹਾ ਹੈ। ਭਾਵ ਕਿਸਾਨ ਨੂੰ ਫ਼ਸਲਾਂ ਦਾ ਵਾਜਬ ਭਾਅ ਨਹੀਂ ਮਿਲ ਰਿਹਾ ਹੈ ਅਤੇ ਹਾਕਮਾਂ ਦੀਆਂ ਆਵਾਮ ਵਿਰੋਧੀ ਨੀਤੀਆਂ ਕਾਰਨ ਮਹਿੰਗਾਈ ਅਸਮਾਨੀ ਚੜੀ ਹੋਈ ਹੈ। ਕਿਸਾਨੀ ਨੂੰ ਘੱਟੋ ਘੱਟ ਸਪੋਰਟ ਕੀਮਤ ਨਾ ਮਿਲਣੀ ਅਤੇ ਦੇਸ਼ ਦੀ ਸਭ ਤੋਂ ਮਾੜੀ ਤੇ ਨਾਕਸ ਅਨਾਜ ਵਿਤਰਣ ਪ੍ਰਨਾਲੀ ਦਾ ਕਾਇਮ ਰਹਿਣਾ। ਮੋਦੀ ਸਰਕਾਰ ਦੇਸ਼ ਦੇ ਅੰਨਦਾਤਾ ਅਤੇ ਕਿਰਤੀ ਜੋ ਰੀੜ੍ਹ ਦੀ ਹੱਡੀ ਹਨ ਨੂੰ ਅੱਜੇ ਤਕ ਜਿਊਣ-ਜੋਗੀ ਨਾ ਉਜਰਤ ਤੇ ਨਾ ਮੁੱਲ ਦੇ ਸਕੀ ਹੈ।

ਅੱਜ ਦੇਸ਼ ਅੰਦਰ ਸਮਾਜ ਦੇ ਚਾਰ ਥੰਮ ਗਰੀਬ (ਕਿਰਤੀ), ਕਿਸਾਨ, ਇਸਤਰੀ ਵਰਗ ਅਤੇ ਨੌਜਵਾਨ ਮੋਦੀ ਸਰਕਾਰ ਦੀਆਂ ਆਵਾਮ ਵਿਰੋਧੀ ਨੀਤੀਆ ਕਾਰਨ ਮਹਿੰਗਾਈ, ਬੇਰੁਜ਼ਗਾਰੀ, ਸਮਾਜਕ-ਨਾ ਬਰਾਬਰੀ ਅਤੇ ਸਮਾਜਕ ਨਿਆ ਨਾ ਮਿਲਣ ਕਰਕੇ ਨਿਰਾਸ਼ ਹਨ। ਪਰ ਮੋਦੀ ਸਰਕਾਰ ਜੋ ਆਰ।ਐਸ।ਐਸ। ਰਾਹੀ ਸੇਧਿਤ ਫਿਰਕੂ ਰਾਸ਼ਟਰਵਾਦੀ ਸ਼ਾਵਨਵਾਦ ਨੂੰ ਅੱਗੇ ਵਧਾ ਰਹੀ ਹੈ। ਉਹ ਧਰਮ ਨਿਰਪੱਖ ਲਈ ਵੀ ਗੰਭੀਰ ਖਤਰੇ ਪੈਦਾ ਕਰ ਰਹੀ ਹੈ। ਨਵ-ਉਦਾਰਵਾਦੀ ਨੀਤੀਆ ਜੋ ਕਾਰਪੋਰੇਟ ਪੱਖੀ ਪੂੰਜੀਪਤੀਆਂ ਦੇ ਹਿਤਾਂ ਲਈ ਬਣਾਈਆ ਤੇ ਤੇਜ਼ੀ ਨਾਲ ਲਾਗੂ ਕੀਤੀਆਂ ਜਾ ਰਹੀਆਂ ਹਨ, ਦੇਸ਼ ਨੂੰ ਸੱਜੇ ਪੱਖੀ ਦਿਸ਼ਾ ਵਲ ਖੜ ਰਹੀ ਹੈ। ਇਸ ਦਾ ਫ਼ਾਸ਼ੀਵਾਦੀ ਰੁਝਾਨ ਅਤੇ ਨੀਤੀਆ ਦਾ ਦੇਸ਼ ਦੀ ਆਰਥਿਕ ਪ੍ਰਭੂਸਤਾ ਦਾ ਵਿਨਾਸ਼ ਕਰਕੇ ਜਨਤਕ ਖੇਤਰ ਨੂੰ ਤਬਾਹ ਕਰਨਾ ਹੈ। ਦੇਸ਼ ਦੀ ਆਤਮ ਨਿਰਭਰਤਾ ਨੂੰ ਘਟਾਉਣ ਦੀ ਦਿਸ਼ਾ ਵੱਲ ਵੱਧਣਾ ਜੋ ਦੇਸ਼ ਅੰਦਰ ਸਥਾਈ ਆਰਥਿਕ ਮੰਦੀ ਅਤੇ ਬੇਰੁਜ਼ਗਾਰੀ ਨੂੰ ਜਨਮ ਦੇ ਰਿਹਾ ਹੈ। ਆਵਾਮ ਦੇ ਮੱਸਲੇ ਹਲ ਕਰਨ ਦੀ ਥਾਂ ਮੋਦੀ ਸਰਕਾਰ ਨਿਤ ਦਿਨ ਕੋਈ ਨਾ ਕੋਈ ਜੁਮਲਾ ਪੇਸ਼ ਕਰਕੇ ਜਨਤਾ ਨੂੰ ਗੁੰਮਰਾਹ ਕਰ ਰਹੀ ਹੈ।

ਅੱਜ ਸਾਨੂੰ ਸਹਿਮਤੀ ਵਾਲੇ ਮੁੱਦਿਆਂ 'ਤੇ ਸੰਸਦ ਅੰਦਰ ਤੇ ਬਾਹਰ ਸਾਰੀਆਂ ਧਰਮ ਨਿਰਪੱਖ ਤਾਕਤਾਂ, ਜਮਹੂਰੀ ਤੇ ਖੱਬੀਆਂ ਸ਼ਕਤੀਆਂ ਨੂੰ ਇਕ ਮੁੱਠ ਕਰਕੇ ਮੁਦਿਆਂ ਦੇ ਆਧਾਰ ਲੋਕ ਮੰਗਾਂ ਅਤੇ ਹਾਕਮਾਂ ਦੇ ਤਾਨਾਸ਼ਾਹੀ ਹਮਲਿਆ ਵਿਰੁੱਧ ਜੂਝਣਾ ਪੈਣਾ ਹੈ ਤਾਂ ਕਿ 2024 ਦੀਆਂ ਚੋਣਾਂ ਵਿੱਚ ਭਾਜਪਾ ਨੂੰ ਭਾਜ ਦਿੱਤੀ ਜਾ ਸਕੇ।

# ਰੂਹਾਨੀ ਰਮਜ਼ਾਂ ਕਾਵਿ ਸੰਗ੍ਰਹਿ- ਇੱਕ ਅਧਿਐਨ

(ਸਫਾ 18 ਦੀ ਬਾਕੀ)

"ਇਹਦਾ ਸਿਮਰਨ ਸਭ ਤੋਂ ਮਿੱਠਾ ਏ, ਇਹ ਸੁਰ ਵੀ ਹੈ ਸੰਗੀਤ ਵੀ ਹੈ।
ਇਹ ਭਗਤੀ ਹੈ, ਇਹ ਸ਼ਕਤੀ ਹੈ, ਇਹਦੇ ਵਿੱਚ ਰੱਬ ਦੀ ਪ੍ਰੀਤ ਵੀ ਹੈ।
ਇਹ ਮੁਰਦਿਆਂ ਨੂੰ 'ਸੁਰਜੀਤ' ਕਰੇ ਇਹਦੇ ਦਰ 'ਤੇ ਝੁਕਦਾ ਜਹਾਨ ਹੈ,
ਗੁਰੂ ਗ੍ਰੰਥ ਗੁਰੂ ਹੈ ਸਾਡਾ, ਸਾਨੂੰ ਸ਼ਬਦ ਗੁਰੂ 'ਤੇ ਮਾਣ ਹੈ।"

ਜਿੱਥੇ ਕਵਿੱਤਰੀ ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਬਾਰੇ ਪੂਰੀ ਚੇਤੰਨ ਹੈ। ਉੱਥੇ ਉਸ ਨੇ ਅਜੋਕੇ ਸਮੇਂ ਵਿੱਚ ਸਿੱਖਾਂ ਦੀ ਮੁੱਖ ਸੰਸਥਾ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਤਥਾ ਕਥਿਤ ਅਖੌਤੀ ਜਥੇਦਾਰਾਂ, ਵੱਖ ਵੱਖ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਅਤੇ ਕਾਰਕੁਨਾਂ ਵਿੱਚ ਆ ਰਹੀ ਗਿਰਾਵਟ, ਡਿੱਗ ਰਹੇ ਮਿਆਰ, ਕਿਰਦਾਰ ਸੰਬੰਧੀ ਵੀ ਕਈ ਕਵਿਤਾਵਾਂ ਦੀ ਸਿਰਜਣਾ ਕੀਤੀ ਹੈ। ਜਿਵੇਂ -

"ਬਾਜਾਂ ਵਾਲੇ ਸਿੰਘ ਸਜਾ ਕੇ ਫ਼ੌਜ ਖ਼ਾਲਸਾ ਕੀਤੀ ਤਿਆਰ,
ਖ਼ਾਲਸਾ ਮੇਰੋ ਰੂਪ ਹੈ ਖਾਸ, ਆਖਿਆ ਸੀ ਇਹ ਬਾਰੰਬਾਰ।"

ਅਤੇ ਹੁਣ

"ਪੰਥ ਖ਼ਾਲਸਾ ਅਤੇ ਫ਼ੌਜ ਵਿੱਚ ਆ ਗਏ ਨੇ ਹੁਣ ਕਈ ਗ਼ਦਾਰ,
ਪੈਸਾ, ਚੌਧਰ, ਕੁਰਸੀ ਦੇ ਲਈ ਜਿਨ੍ਹਾਂ ਜ਼ਮੀਰਾਂ ਲਈਆਂ ਮਾਰ।"

ਸਮੇਂ ਦੀਆਂ ਸਰਕਾਰਾਂ ਵੱਲੋਂ ਆਪ੍ਰੇਸ਼ਨ ਬਲਿਊ ਸਟਾਰ (1984),

ਆਪ੍ਰੇਸ਼ਨ ਬਲੈਕ ਥੰਡਰ (1986) ਕਰਕੇ ਜਿਸ ਬੇਦਰਦੀ ਅਤੇ ਵਹਿਸ਼ੀਆਨਾ ਢੰਗ ਨਾ.ਲ ਸ਼੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਨੂੰ ਬੇਹੱਦ ਨੁਕਸਾਨ ਪਹੁੰਚਾਇਆ ਗਿਆ। ਸੈਂਕੜੇ ਬੇਦੋਸ਼ੇ ਬੱਚੇ ਬੱਚੀਆਂ, ਨੌਜਵਾਨਾਂ, ਮੁਟਿਆਰਾਂ ਨੂੰ ਬਲਦੀ ਅੱਗ ਵਿੱਚ ਸੁੱਟਿਆ ਗਿਆ, ਉਹ ਬਹੁਤ ਹੀ ਸ਼ਰਮਨਾਕ ਅਤੇ ਅਸੰਵੇਦਨਸ਼ੀਲ ਘਟਨਾਵਾਂ ਹਨ। ਕਵਿੱਤਰੀ ਨੇ ਹਰਿਮੰਦਰ ਸਾਹਿਬ 'ਤੇ ਹਮਲਾ, ਸ਼੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰਨਾ, ਦਿੱਲੀ ਅਤੇ ਦੇਸ਼ ਦੇ ਹੋਰ ਬਹੁਤ ਸਾਰੇ ਸ਼ਹਿਰਾਂ ਵਿੱਚ ਘੱਟ ਗਿਣਤੀਆਂ ਵਿੱਚ ਰਹਿ ਰਹੇ ਸਿੱਖਾਂ ਉੱਤੇ ਜ਼ੁਲਮ ਕਰਨਾ ਅਜਿਹੇ ਅੱਲ੍ਹੇ ਜ਼ਖ਼ਮ ਹਨ, ਜਿਨ੍ਹਾਂ 'ਤੇ ਅਜੇ ਤੱਕ ਕਿਸੇ ਵੀ ਰਾਜਸੀ ਪਾਰਟੀ ਨੇ ਮੱਲ੍ਹਮ ਲਗਾਉਣ ਦਾ ਉਪਰਾਲਾ ਨਹੀਂ ਕੀਤਾ। ਇੱਕ ਵੰਨਗੀ ਪੇਸ਼ ਹੈ-

"ਦੁੱਖ ਦਰਦ ਤੇ ਪੀੜਾਂ ਲੈ, ਯਾਦ ਨੇ ਆਉਂਦੇ ਕਾ.ਲੇ ਦਿਨ,
ਦਿਲ ਦੇ ਅੱਲ੍ਹੇ ਜ਼ਖ਼ਮਾਂ ਉੱਤੇ, ਲੂਣ ਨੇ ਪਾਉਂਦੇ ਕਾ.ਲੇ ਦਿਨ।
ਦੜ ਦੜ ਦੜ ਦੜ ਟੈਂਕ ਦੌੜਦੇ, ਪਰਿਕਰਮਾ ਵਿੱਚ ਆ ਗਏ,
ਠਾਹ ਠਾਹ ਠਾਹ ਬੰਬ ਚਲਾ ਕੇ ਤਖ਼ਤ ਅਕਾਲ ਨੂੰ ਢਾਹ ਗਏ।

### ਰੂਪਕ ਪੱਖ

ਜਦੋਂ ਅਸੀਂ "ਰੂਹਾਨੀ ਰਮਜ਼ਾਂ" ਕਾਵਿ ਸੰਗ੍ਰਹਿ ਨੂੰ ਰੂਪਕ ਪੱਖ ਤੋਂ ਵਿਚਾਰਦੇ ਹਾਂ ਤਾਂ ਸਾਡੇ ਸਾਹਮਣੇ ਇਹ ਉਜਾਗਰ ਹੁੰਦਾ ਹੈ ਕਿ ਬੀਬੀ ਸੁਰਜੀਤ ਕੌਰ ਵੱਲੋਂ ਪਿੰਗਲ ਅਤੇ ਅਰੂਜ਼ ਦੇ ਨਿਯਮਾਂ ਦੀ ਬੜੇ ਸੁਚੱਜੇ ਢੰਗ ਨਾ.ਲ ਵਰਤੋਂ ਕੀਤੀ ਗਈ ਹੈ। ਕਬਿੱਤ ਛੰਦ, ਬੈਂਤ ਛੰਦ, ਘੋੜੀਆਂ, ਵਾਰਾਂ, ਰੁਬਾਈਆਂ ਨੂੰ ਨਿਯਮਾਂ ਵਿੱਚ ਬੰਨ੍ਹ ਕੇ ਬੜੇ ਸੁਚੱਜੇ ਢੰਗ ਨਾ.ਲ ਪੇਸ਼ ਕੀਤਾ ਗਿਆ ਹੈ।

ਬਹੁਤ ਸਾਰੀਆਂ ਰਚਨਾਵਾਂ ਨੂੰ ਸੁਰ, ਲੈਅ, ਤਾਲ, ਅਦਾ, ਤਰੰਨੁਮ ਵਿੱਚ ਗਾਇਆ ਜਾ ਸਕਦਾ ਹੈ। ਕਵਿੱਤਰੀ ਨੇ ਯੋਗ ਸਥਾਨਾਂ 'ਤੇ ਢੁੱਕਵੇਂ ਅਲੰਕਾਰਾਂ ਦੀ ਢੁੱਕਵੀਂ ਵਰਤੋਂ ਕੀਤੀ ਹੈ। ਕਰੁਣਾ ਰਸ, ਸ਼ਾਂਤ ਰਸ, ਵਾਤਸਲ ਰਸ, ਬੀਰ ਰਸ ਦੀ ਬੜੀ ਖੁੱਲ੍ਹ ਕੇ ਵਰਤੋਂ ਕੀਤੀ ਗਈ ਮਿਲਦੀ ਹੈ। "ਰੂਹਾਨੀ ਰਮਜ਼ਾਂ" ਕ੍ਰਿਤ ਨੂੰ ਪੜ੍ਹਦਿਆਂ ਮੇਰੇ ਮਨ ਵਿੱਚ ਇਹ ਧਾਰਨਾ ਬਣੀ ਹੈ ਕਿ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਨੇ ਸਟੇਜੀ ਕਵਿਤਾ ਨੂੰ ਮੁੜ ਸੁਰਜੀਤ ਕਰਨ ਦਾ ਸਫ਼ਲ ਉਪਰਾਲਾ ਕੀਤਾ ਹੈ। ਇਹ ਕਾਵਿ ਸੰਗ੍ਰਹਿ ਬਹੁਤ ਸਾਰੇ ਪੰਜਾਬੀ ਸਾਹਿਤ ਪ੍ਰੇਮੀਆਂ ਨੂੰ ਆਪਣੇ ਵੱਲ ਆਕਰਸ਼ਿਤ ਕਰਨ ਲਈ ਬਹੁਤ ਮਹੱਤਵਪੂਰਨ ਰੋਲ ਅਦਾ ਕਰੇਗਾ।

ਅੰਤ ਵਿੱਚ ਮੈਂ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਜੀ ਨੂੰ "ਰੂਹਾਨੀ ਰਮਜ਼ਾਂ" ਕਾਵਿ ਸੰਗ੍ਰਹਿ ਰਚਨ ਲਈ ਬਹੁਤ ਬਹੁਤ ਮੁਬਾਰਕਾਂ ਦਿੰਦਾ ਹਾਂ। ਮੇਰਾ ਵਿਸ਼ਵਾਸ ਹੈ ਕਿ ਉਹ ਭਵਿੱਖ ਵਿੱਚ ਹੋਰ ਸਾਹਿਤਕ ਕ੍ਰਿਤਾਂ ਰਾਹੀਂ ਪੰਜਾਬੀ ਮਾਂ ਬੋਲੀ ਨੂੰ ਸਮਰਿੱਧ ਕਰਦੇ ਰਹਿਣਗੇ। ਆਮੀਨ।

ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

# ਗੁਰੂ ਗੋਬਿੰਦ ਸਿੰਘ ਸਾਹਿਬ ਜੀ

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਇਕ ਇਲਾਹੀ ਦੂਤ, ਇਕ ਯੋਧਾ ਅਤੇ ਇਕ ਦਾਰਸ਼ਨਿਕ ਵਜੋਂ ਜਾਣੇ ਜਾਂਦੇ ਹਨ। ਆਪ ਜੀ ਨੇ ਸਮਾਜ ਨੂੰ ਨਿਡਰਤਾ, ਸਵੈਮਾਣ, ਸੰਜਮ ਤੇ ਵਿਸ਼ਵਾਸ ਦੀ ਜੀਵਨ ਜਾਚ ਸਿਖਾਈ। ਸਿੱਖ ਧਰਮ ਵਿਚ ਅਪ ਦਸਵੀਂ ਪਾਤਸ਼ਾਹੀ ਵਜੋਂ ਯਾਦ ਕੀਤੇ ਜਾਂਦੇ ਹਨ। ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸਿਧਾਂਤ ਅਨੁਸਾ ਪ੍ਰਮਾਤਮਾ ਦ ਪ੍ਰੇਮ ਵਿਚ ਯੋਧਿਆਂ ਵਾਂਗ ਵਿਚਰਨ ਦਾ ਉਪਦੇਸ਼ ਹੈ। ਸਤਿ ਨੇ ਨਿਆਂ ਦੀ ਹਰ ਹਾਲਤ ਵਿਚ ਪਾਲਣਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹਾ ਖਾਲਸ ਸਾਜਿਆ ਕਿ ਇਕ ਪ੍ਰਮਾਤਮਾ ਤੋਂ ਬਿਨਾਂ ਕਿਸੇ ਅੱਗੇ ਸਿਰ ਨਾ ਝੁਕਾਵੇ। ਗੁਰੂ ਗ੍ਰੰਥ ਸਾਹਿਬ ਜੀ ਵਿਚ ਵਿਸ਼ਵਾਸ ਰੱਖੇ ਤੇ ਗੁਰੂ ਮੰਨੇ। ਆਪਣੇ ਸਿੱਖਾਂ ਨੂੰ ਉਪਦੇਸ਼ ਦਿੱਤਾ ਕਿ ਜਬਰ ਅਤੇ ਅਨਿਆਇ ਅੱਗੇ ਝੁਕਣਾ ਆਧਰਮ ਹੈ। ਸਿੱਖ ਕੌਮ ਵਿਚ ਅਜਿਹਾ ਜੋਸ਼ ਭਰਿਆ ਕਿ ਨਿਮਾਣੇ, ਨਿਤਾਣੇ, ਦੱਬੇ-ਕੁਚਲੇ ਨਿਕੰਮੇ ਸਮਝੇ ਜਾਣ ਵਾਲਿਆਂ ਨੂੰ ਸੰਤ ਸਿਪਾਹੀ ਬਣਨ ਵੱਲ ਤੋਰਿਆ। ਜਿਹਨਾਂ ਦੀਆਂ ਕੁਰਬਾਨੀਆਂ ਹਮੇਸ਼ਾ ਅਮਰ ਹਨ। ਅਧਿਆਤਮਕ ਤੇ ਭੌਤਿਕ, ਆਤਮਕ ਤੇ ਸੰਸਾਰਕ ਨੂੰ ਇਕ ਕਲਾਵੇ ਵਿਚ ਲੈ ਲਿਆ। 'ਦੇਗ, ਤੇਗ ਫਤਿਹ' ਦੀ ਦਾਤ ਖਾਲਸੇ ਨੂੰ ਬਖਸ਼ੀ। ਗੁਰੂ ਸਾਹਿਬ ਜੀ ਨੇ ਨਰੋਏ ਸਮਾਜ ਦੀ ਉਸਾਰੀ ਕਰਦਿਆਂ ਸਿੱਖ ਧਰਮ ਦੀ ਅਗਵਾਈ ਕੀਤੀ।

ਗੁਰੂ ਕਾਲ ਦੇ ਚਲਦੇ ਸਮੇਂ ਵਿਚ ਆਪ ਜੀ ਦਾ ਜਨਮ ਹਰਿਮੰਦਰ ਸਾਹਿਬ ਪਟਨਾ ਬਿਹਾਰ 22 ਦਸੰਬਰ 1666 ਨੂੰ ਮਾਤਾ ਗੁਜਰੀ ਜੀ ਦੀ ਕੁੱਖੋਂ ਹੋਇਆ। ਉਸ ਵੇਲੇ ਆਪ ਜੀ ਦੇ ਗੁਰਦੇਵ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਜੀ ਧਾਰਮਿਕ ਉਦੇਸ਼ ਲਈ ਬੰਗਾਲ ਅਤੇ ਅਸਾਮ ਦੀ ਯਾਤਰਾ 'ਤੇ ਸਨ। ਸਾਹਿਬਜ਼ਾਦੇ ਦਾ ਨਾਂ ਗੋਬਿੰਦ ਦਾਸ ਰੱਖਣ ਦਾ ਸੁਨੇਹਾ ਭੇਜਿਆ। ਬਾਅਦ ਵਿਚ 30 ਮਾਰਚ 1699 ਵੈਸਾਖੀ ਵਾਲੇ ਦਿਨ ਜਦ ਆਪ ਜੀ ਨੇ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕਿਆ ਤਾਂ ਆਪ ਜੀ ਦਾ ਨਾਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਹੋ ਗਿਆ।

ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 1670 ਵਿਚ ਪਟਨਾ ਵਾਪਸ ਆਉਣ 'ਤੇ ਆਪ ਜੀ ਦਾ ਪਰਿਵਾਰ ਕੁਝ ਚਿਰ ਪਟਨਾ ਸਾਹਿਬ ਰਿਹਾ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਜੀਵਨ ਦੇ ਪਹਿਲੇ ਪੰਜ ਸਾਲ ਪਟਨਾ ਸਾਹਿਬ ਵਿਖੇ ਗੁਜਰੇ ਸਨ। ਆਪ ਜੀ ਨੇ ਗੁਰਮੁਖੀ ਅਤੇ ਗੁਰਬਾਣੀ ਦੀ ਸਿੱਖਿਆ ਸ਼ੁਰੂ ਕਰ ਲਈ ਸੀ। ਬਹੁਤ ਸਾਰੇ ਹਿੰਦੂ ਤੇ ਮੁਸਲਮਾਨ ਆਪ ਜੀ ਦੇ ਸ਼ਰਧਾਲੂ ਬਣ ਗਏ ਸਨ। ਤਦ ਹੀ ਪਰਿਵਾਰ ਦੀ ਪੰਜਾਬ ਜਾਣ ਦੀ ਤਿਆਰੀ ਹੋ ਗਈ। ਪਰਿਵਾਰ ਦਾਨਾਪੁਰ, ਬਕਸਰ, ਆਰਾ, ਛੋਟਾ ਮਿਰਜ਼ਾਪੁਰ, ਬਨਾਰਸ, ਪਰਾਗ, ਲਖਨਊ, ਮਥਰਾ, ਥਾਨੇਸਰ, ਸਹਾਰਨਪੁਰ ਤੋਂ ਹੁੰਦਾ ਹੋਇਆ ਲਖਨੌਰ (ਅੰਬਾਲਾ) ਕੁਝ ਚਿਰ ਠਹਿਰਿਆ। ਫਿਰ ਕੀਰਤਪੁਰ ਪਹੁੰਚੇ। ਅਖੀਰ ਮਾਚ 1672 ਨੂੰ ਸ਼ਿਵਾਲਕ ਦੀ ਤਲਹਟੀ ਆਨੰਦਪੁਰ ਸਾਹਿਬ ਪਹੁੰਚੇ। ਜਿੱਥੇ ਆਪ ਜੀ ਦੀ ਸਿੱਖਿਆ ਦਾ ਪ੍ਰਬੰਧ ਕੀਤਾ ਗਿਆ। ਪੰਜਾਬੀ, ਬ੍ਰਿਜ, ਸੰਸਕ੍ਰਿਤ ਅਤੇ ਫਾਰਸੀ ਪੜ੍ਹਨਾ ਸੀ। ਸਸ਼ਤਰ ਵਿਦਿਆ ਵਿਚ ਤਲਵਾਰ, ਖੰਡਾ, ਬੰਦੂਕ ਆਦਿ ਦੀ ਵਰਤੋਂ, ਤੀਰਅੰਦਾਜ਼ੀ, ਸਵਾਰੀ, ਕੁਸ਼ਤੀ ਆਦਿ ਦੀ ਸਿਖਲਾਈ ਪ੍ਰਾਪਤ ਕੀਤੀ। ਆਪ ਜੀ ਦੀਆਂ ਖੇਡਾਂ ਵਿਚ ਸਾਥੀਆਂ ਨੂੰ ਦੋ ਟੋਲੀਆਂ ਵਿਚ ਵੰਡ ਲੈਂਦੇ ਸਨ। ਫਰਜ਼ੀ ਲੜਾਈਆਂ ਲੜੀਆਂ ਜਾਂਦੀਆਂ ਆਪ ਜਥੇਦਾਰ ਬਣਦੇ ਸਨ।

ਜਦ ਔਰੰਗਜੇਬ ਨੇ ਸਾਰੇ ਹਿੰਦੂਆਂ ਨੂੰ ਜਬਰੀ ਇਸਲਾਮ ਕਬੂਲਣ ਦਾ ਹੁਕਮ ਦਿੱਤਾ ਤਾਂ ਕਸ਼ਮੀਰੀ ਪੰਡਤਾਂ ਨੇ 1675 ਵਿਚ ਆਨੰਦਪੁਰ ਸਾਹਿਬ ਪਹੁੰਚ ਕੇ ਕਿਰਪਾ ਰਾਮ ਦੀ ਅਗਵਾਈ ਹੇਠ ਗੁਰੂ ਤੇਗ ਬਹਾਦਰ ਸਾਹਿਬ ਜੀ ਕੋਲ ਧਰਮ ਦੀ ਰੱਖਿਆ ਲਈ ਪੁਕਾਰ ਕੀਤੀ। ਤਦ 9 ਸਾਲ ਦੇ ਗੋਬਿੰਦ ਦਾਸ ਨੇ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਧਰਮ ਦੀ ਰੱਖਿਆ ਲਈ ਕੁਰਬਾਨੀ ਦੇਣ ਲਈ ਭੇਜਿਆ। ਗੁਰੂ ਤੇਗ ਬਹਾਦਰ ਸਾਹਿਬ ਜੀ ਦਿੱਲੀ ਵਿਚ ਸ਼ਹੀਦ ਹੋਣ ਤੋਂ ਪਹਿਲਾਂ ਕਹਿ ਗਏ ਸਨ ਕਿ ਸਾਡੇ ਤੋਂ ਬਾਅਦ ਗੁਰਗੱਦੀ ਦੀ ਜ਼ਿੰਮੇਵਾਰੀ ਸਾਡਾ ਸਾਹਿਬਜਾਦਾ ਸੰਭਾਲੇਗਾ। ਆਪ ਜੀ ਦੀ ਗੁਰਿਆਈ ਦਾ ਸਮਾਂ 11 ਨਵੰਬਰ 1675 ਤੋਂ ਸ਼ੁਰੂ ਹੁੰਦਾ ਹੈ। ਆਪ ਜੀ ਦੀ ਉਮਰ 9 ਸਾਲ ਸੀ।

ਗੁਰੂ ਸਾਹਿਬ ਜੀ ਨੇ ਸਰੀਰਕ ਬਲ ਅਤੇ ਸ਼ਸ਼ਤਰ ਵਿੱਦਿਆ ਦੇ ਹੁਨਰ ਨਾਲ ਸਾਹਿਤਕ ਉਨਤੀ ਵੱਲ ਧਿਆਨ ਦਿੱਤਾ। ਆਪ ਜੀ ਦੇ ਕੋਲ ਕਾਵਿਕ ਰਚਨਾ ਵਾਸਤੇ ਇਕ ਕੁਦਰਤੀ ਪ੍ਰਤਿਭਾ ਸੀ। ਕੌਮ ਦੀ ਉਸਾਰੀ ਦੇ ਕੰਮਾਂ ਦੀ ਵਿਉਂਤ ਬਣਾਈ, ਜਿਸ ਵਿਚ ਕਵਿਤਾ ਸਾਹਿਤ ਗੁਣਕਾਰੀ ਹੈ। ਇਸ ਵਿਚ ਖੋਜ ਆਰੰਭੀ। ਗੁਰਬਾਣੀ ਦੀ ਰਚਨਾ ਕੀਤੀ। ਆਪਣੇ ਅਨੁਯਾਈਆਂ ਨੂੰ ਜੰਗੀ ਪੱਧਰ 'ਤੇ ਤਿਆਰ ਕਰਨ ਅਤੇ ਉਹਨਾਂ ਨੂੰ ਬੇਇਨਸਾਫੀ ਅਤੇ ਜ਼ੁਲਮ ਵਿਰੁੱਧ ਖੜ੍ਹੇ ਹੋਣ ਲਈ ਪ੍ਰੇਰਿਆ। ਆਪਣੇ ਜੀਵਨ ਦੇ ਪਹਿਲੇ 20 ਸਾਲ ਤੋਂ ਵੱਧ ਆਪਣੇ ਆਪ ਨੂੰ ਇਕ ਸਿਪਾਹੀ ਦੀ ਸਿਖਲਾਈ ਹੇਠ ਹਥਿਆਰਾਂ ਦਾ ਅਭਿਆਸ ਕਰਦੇ ਆਨੰਦਪੁਰ ਸਾਹਿਬ ਵਿਖੇ ਸ਼ਾਂਤੀਪੂਰਵਕ ਰਹੇ। ਆਪ ਜੀ ਨੇ ਗ੍ਰੰਥਾਂ ਦਾ ਅਧਿਐਨ ਕੀਤਾ। ਬੀਰ ਰਸੀ ਕਵਿਤਾ ਪਾਠ ਦੇ ਨਾਲ ਸੰਗਤਾਂ ਵਿਚ ਧਾਰਮਿਕ ਵਾਰਤਾਲਾਪ ਚਲਦੀ। ਆਪ ਜੀ ਨੇ ਗੁਰਬਾਣੀ ਰਚਨਾ ਵੀ ਕੀਤੀ। ਪੁਰਾਤਨ ਸਾਹਿਤ ਦਾ ਅਨੁਵਾਦ ਕੀਤਾ ਗਿਆ। ਜੋ ਸਿੱਖਾਂ ਵਿਚ ਜੰਗੀ ਭਾਵਨਾ ਪੈਦਾ ਕੀਤੀ ਜਾ ਸਕੇ।

ਗੁਰੂ ਸਾਹਿਬ ਜੀ ਨੇ ਯਮਨਾ ਨਦੀ ਦੇ ਕੰਢੇ ਪਾਉਂਟਾ ਸਾਹਿਬ ਵਿਖੇ ਗੁਰਦੁਆਰਾ ਸਥਾਪਤ ਕੀਤਾ। ਗੁਰੂ ਸਾਹਿਬ ਜੀ ਦਾ ਜ਼ਿਆਦਾਤਰ ਰਚਨਾਤਮਕ ਸਾਹਿਤਕ ਕਾਰਜ ਪਾਉਂਟਾ ਸਾਹਿਬ ਵਿਖੇ ਹੋਇਆ। ਅਪ੍ਰੈਲ 1685 ਵਿਚ ਆਪ ਪਾਉਂਟਾ ਸਾਹਿਬ ਠਹਿਰੇ ਸਨ। ਆਪਣੀ ਕਵਿਤਾ ਦੁਆਰਾ ਪਿਆਰ ਸਮਾਨਤਾ ਤੇ ਨੈਤਿਕ ਆਚਰਣ ਦਾ ਪ੍ਰਚਾਰ ਕੀਤਾ। ਉਹਨਾਂ ਨੇ ਮੂਰਤੀ ਪੂਜਾ ਅਤੇ ਅੰਧ ਵਿਸ਼ਵਾਸ ਅਤੇ ਰੀਤੀ ਰਿਵਾਜਾਂ ਦੀ ਨਿਖੇਧੀ ਕਰਦੇ ਹੋਏ ਇਕ ਸਰਵਉਚ ਵਿਚ ਵਿਸ਼ਵਾਸ ਦਾ ਉਪਦੇਸ਼ ਦਿੱਤਾ। ਤਲਵਾਰ ਦੀ ਮਹਿਮਾ ਦੱਸਦਿਆਂ ਕਿਹਾ ਕਿ ਉਹ ਪ੍ਰਮਾਤਮਾ ਵੱਲੋਂ ਨਿਆਂ ਦੀ ਪੂਰਤੀ ਵਾਸਤੇ ਹੈ। ਹਮਲਾਵਰ ਪ੍ਰਤੀਕ ਵਜੋਂ ਨਹੀਂ। ਇਸਦੀ ਵਰਤੋਂ ਕਦੇ ਨਿੱਜ ਸ਼ਕਤੀ ਵਧਾਉਣ ਲਈ ਨਹੀਂ ਕਰਨੀ ਚਾਹੀਦੀ। ਇਹ ਮਰਦਾਨਗੀ ਅਤੇ ਸਵੈਮਾਣ ਦਾ ਪ੍ਰਤੀਕ ਹੈ।ਇਸਦੀ ਵਰਤੋਂ ਸਿਰਫ ਰੱਖਿਆ ਵਾਸਤੇ ਕੀਤੀ ਜਾਣੀ। ਆਖਰੀ ਉਪਾਅ ਵਜੋਂ। ਜਦੋਂ ਹੋਰ ਸਾਰੇ ਯਤਨ ਅਸਫਲ ਹੋ ਜਾਂਦੇ ਹਨ ਤਾਂ ਤਲਵਾਰ ਚੁੱਕਣਾ ਜਾਇਜ਼ ਹੈ। ਪਾਉਂਟਾ ਸਾਹਿਬ ਵਿਖੇ ਗੁਰੂ ਜੀ ਦੇ ਦਰਬਾਰ ਵਿਚ ਕਲਮਕਾਰ, ਕਲਾਕਾਰ, ਗੁਣੀ, ਫਨਕਾਰ ਸਨ।

ਜਿਹਨਾਂ ਦਾ ਸਮੇਂ-ਸਮੇਂ ਤਾਂਤਾ ਲੱਗਾ ਰਹਿੰਦਾ ਸੀ। ਪਰ 52 ਕਵੀ ਪੱਕੇ ਤੌਰ 'ਤੇ ਗੁਰੂ ਦਰਬਾਰ ਵਿਚ ਦਰਬਾਰੀ ਰਤਨ ਕਵੀ ਬਣ ਕੇ ਰਹੇ। ਗੁਰੂ ਜੀ ਕਲਾਕਾਰਾਂ ਦਾ ਬੜਾ ਸਤਿਕਾਰ ਕਰਦੇ ਸਨ, ਜਿਹਨਾਂ ਨੇ ਆਪਣੀਆਂ ਵਡਮੁੱਲੀਆਂ ਰਚਨਾਵਾਂ ਨਾਲ ਗੁਰੂ ਸਾਹਿਬ ਜੀ ਦੇ ਧਰਮ ਪ੍ਰਚਾਰ ਵਿਚ ਯੋਗਦਾਨ ਪਾਇਆ। ਪਾਉਂਟਾ ਧਰਮ ਪ੍ਰਚਾਰ, ਸਾਹਿਤ ਰਚਨਾ, ਵਿੱਦਿਆ ਅਤੇ ਫੌਜੀ ਸਿਖਲਾਈ ਦਾ ਕੇਂਦਰ ਬਣ ਗਿਆ। ਇਸ ਤਰ੍ਹਾਂ ਪਾਉਂਟਾ ਸਾਹਿਬ ਰਹਿੰਦੇ ਸਮੇਂ ਗੁਰੂ ਜੀ ਆਪਣੇ ਮਨੋਰਥ ਦੀ ਪੂਰਤੀ ਦੇ ਯਤਨਾਂ, ਸਾਧਨਾਂ ਵੱਲ ਟਿਕ ਕੇ ਧਿਆਨ ਦੇ ਸਕੇ।

ਗੁਰੂ ਸਾਹਿਬ ਜੀ ਦੀ ਵਧਦੀ ਤਾਕਤ ਅਤੇ ਲੋਕਾਂ ਵਿਚ ਵਧਦੇ ਪ੍ਰਭਾਵ ਤੋਂ ਗੁਆਂਢੀ ਰਾਜਪੂਤ ਪਹਾੜੀ ਸ਼ਾਸਕਾਂ ਦੀ ਈਰਖਾ ਵਧਣ ਲੱਗੀ। ਤਦ ਗੁਰੂ ਸਾਹਿਬ ਜੀ ਨੂੰ ਜੰਗਾਂ ਸਹੇੜਨੀਆਂ ਪਈਆਂ, ਕੁਝ ਖਾਲਸ ਸਾਜਨਾ ਤੋਂ ਪਹਿਲਾਂ ਤੇ ਕੁਝ ਬਾਅਦ ਵਿਚ ਜਿਵੇਂ ਭੰਗਾਣੀ ਦੀ ਜੰਗ, ਨੰਦੌਣ ਦੀ ਜੰਗ, ਗੁਲੇਰ ਹੁਸੈਨੀ ਜੰਗ ਅਤੇ ਖਾਲਸੇ ਦੇ ਆਗਮਨ ਤੋ ਬਾਅਦ ਆਨੰਦਪੁਰ ਸਾਹਿਬ ਦੀ ਪਹਿਲੀ ਜੰਗ, ਨਿਰਮੋਹ ਦੀ ਜੰਗ, ਸਤਲੁਜ ਦੀ ਜੰਗ, ਬਸੌਲੀ ਦੀ ਜੰਗ, ਆਨੰਦਪੁਰ ਸਾਹਿਬ ਦੀ ਦੂਜੀ ਜੰਗ, ਸ਼ਾਹੀ ਟਿੱਬੇ ਦੀ ਜੰਗ, ਸਿਰਸਾ ਦੀ ਜੰਗ, ਚਮਕੌਰ ਸਾਹਿਬ ਦੀ ਜੰਗ, ਖਿਦਰਾਣਾ ਦੀ ਜੰਗ।

ਸੰਨ 1694 ਨੂੰ ਸ਼ਹਿਜਾਦਾ ਮੁਅਜਮ ਬਾਅਦ ਵਿਚ ਬਾਦਸ਼ਾਹ ਬਹਾਦਰ ਸ਼ਾਹ ਜਾਣਿਆ ਜਾਣ ਲੱਗਾ, ਦੇ ਸਮੇਂ ਵਿਚ ਥੋੜ੍ਹੀ ਜਿਹੀ ਰਾਹਤ ਮਿਲੀ। ਸੰਨ 1699 ਵਿਚ ਵੱਖ-ਵੱਖ ਹਿੱਸਿਆਂ ਵਿਚ ਸਿੱਖ ਸੰਗਤਾਂ ਤੇ ਭਾਈਚਾਰੇ ਵੱਲੋਂ ਮਸੰਦਾਂ ਵਿਰੁੱਧ ਸ਼ਿਕਾਇਤਾਂ ਸੁਣੀਆਂ ਸਨ। ਗੁਰੂ ਸਾਹਿਬ ਜੀ ਨੇ ਸੰਗਤਾਂ ਨੂੰ ਨਿਰਦੇਸ਼ ਦਿੱਤਾ ਕਿ ਉਹ ਆਪਣੀਆਂ ਭੇਟਾਂ ਸਿੱਧੇ ਆਨੰਦਪੁਰ ਸਾਹਿਬ ਭੇਜਣ।




ਗੁਰੂ ਸਾਹਿਬ ਜੀ ਨੇ ਖਾਲਸਾ ਪੰਥ ਸਾਜਣਦਾ ਫੈਸਲਾ ਕਰ ਲਿਆ। ਗੁਰੂ ਜੀ ਨੇ 1699 ਦੀ ਵਿਸਾਖੀ ਦਾ ਦਿਨ ਨੀਅਤ ਕੀਤਾ। ਚਾਰ ਚੁਫੇਰੇ ਸੰਗਤਾਂ ਨੂੰ ਹੁਕਮ ਭੇਜੇ ਕਿ ਵਿਸਾਖੀ ਤੇ ਵੱਡਾ ਜੋੜ ਮੇਲਾ ਹੋਵੇਗਾ। ਸੰਗਤਾਂ ਵੱਧ ਤੋਂ ਵੱਧ ਗਿਣਤੀ ਵਿਚ ਹਾਜ਼ਰ ਹੋਣ। ਕੇਸਗੜ੍ਹ ਸਾਹਿਬ ਆਨੰਦਪੁਰ ਵਿਖੇ ਪੰਜ ਪਿਆਰਿਆਂ ਦੀ ਚੋਣ ਕਰਕੇ ਖਾਲਸਾ ਪੰਥ ਸਾਜਿਆ। ਗੁਰੂ ਜੀ ਨੇ ਆਪਣੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਤੋਂ ਬਾਅਦ, ਉਹ ਪ੍ਰਾਰਥਨਾ ਵਿਚ ਖੜ੍ਹੇ ਹੋਏ ਅਤੇ ਹੱਥ ਜੋੜ ਕੇ ਉਹਨਾਂ ਨੂੰ ਉਸੇ ਤਰ੍ਹਾਂ ਅੰਮ੍ਰਿਤ ਛਕਣ ਲਈ ਬੇਨਤੀ ਕੀਤੀ। ਜਿਵੇਂ ਉਹਨਾਂ ਨੇ ਉਹਨਾਂ ਨੂੰ ਅੰਮ੍ਰਿਤ ਛਕਾਇਆ ਸੀ। ਉਹ ਆਪ ਉਹਨਾਂ ਦਾ ਚੇਲਾ ਬਣ ਗਿਆ। 'ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ'।

ਹੁਣ ਤੋਂ ਸਿੰਘ ਖਾਲਸ ਵਜੋਂ ਜਾਣੇ ਜਾਣਗੇ। ਉਦੋਂ ਗੁਰੂ ਜੀ ਦਾ ਨਾਂ ਗੋਬਿੰਦ ਦਾਸ ਤੋਂ ਗੋਬਿੰਦ ਸਿੰਘ ਰੱਖਿਆ ਗਿਆ। ਕੁਝ ਹੀ ਦਿਨਾਂ ਵਿਚ 80000 ਮਰਦਾਂ ਅਤੇ ਔਰਤਾਂ ਨੇ ਆਨੰਦਪੁਰ ਵਿਖੇ ਅੰਮ੍ਰਿਤ ਛਕਿਆ। ਗੁਰੂ ਸਾਹਿਬ ਜੀ ਦਾ ਸੰਘਰਸ਼ ਮੁਗਲਾਂ ਨਾਲ ਜੰਗਾਂ ਵਿਚ ਚਲਦਾ ਰਿਹਾ।

ਜੰਗਾਂ ਤੋਂ ਬਾਅਦ 20 ਜਨਵਰੀ 1706 ਨੂੰ ਤਲਵੰਡੀ ਸਾਬੋ, ਹੁਣ ਦਮਦਮਾ ਸਾਹਿਬ ਕਿਹਾ ਜਾਂਦਾ ਹੈ ਪਹੁੰਚੇ। ਉਥੇ 9 ਮਹੀਨਿਆਂ ਤੋਂ ਵੱਧ ਸਮਾਂ ਰਹਿਣ ਤੇ ਬਹੁਤ ਸਾਰੇ ਸਿੱਖ ਗੁਰੂ ਜੀ ਨੂੰ ਦੁਬਾਰਾ ਮਿਲ ਗਏ। ਉਹਨਾਂ ਨੇ ਗੁਰੂ ਦੀ ਬਾਣੀ ਲਿਖਣ ਵਾਲੇ ਪ੍ਰਸਿੱਧ ਵਿਦਵਾਨ ਭਾਈ ਮਨੀ ਸਿੰਘ ਜੀ ਨਾਲ ਮਿਲ ਕੇ ਸਿੱਖ ਧਰਮ ਗ੍ਰੰਥ 'ਗੁਰੂ ਗ੍ਰੰਥ ਸਾਹਿਬ ਜੀ' ਤਿਆਰ ਕੀਤਾ। ਗੁਰੂ ਸਾਹਿਬ ਜੀ ਕੋਲ ਵਿਦਵਾਨਾਂ ਦਾ ਇਕੱਠ ਹੋਣ ਕਰਕੇ ਸਾਹਿਤਕ ਗਤੀਵਿਧੀਆਂ ਤੋਂ ਇਸ ਸਥਾਨ ਨੂੰ ਗੁਰੂ ਕੀ ਕਾਸ਼ੀ ਜਾਂ ਵਾਰਾਣਸੀ (ਉਤਰੀ-ਪੂਰਬੀ ਮੱਧ ਭਾਰਤ) ਵਰਗਾ ਵਿੱਦਿਆ ਦਾ ਕੇਂਦਰ ਵਜੋਂ ਜਾਣਿਆ ਜਾਂਦਾ ਹੈ।

ਦੀਨਾ ਨਗਰ ਰਹਿੰਦਿਆਂ ਗੁਰੂ ਸਾਹਿਬ ਜੀ ਨੂੰ ਔਰੰਗਜੇਬ ਦਾ ਇਕ ਪੱਤਰ ਮਿਲਿਆ, ਜਿਸ ਵਿਚ ਉਸਨੇ ਗੁਰੂ ਸਾਹਿਬ ਜੀ ਨੂੰ ਮਿਲਣ ਦੀ ਬੇਨਤੀ ਕੀਤੀ ਸੀ ਕਿ ਆਪ ਦੱਖਣ ਵਿਚ ਆ ਕੇ ਉਸਨੂੰ ਮਿਲਣ। ਇਹ ਪੱਤਰ ਉਸ ਪੱਤਰ ਦੇ ਉਤਰ ਵਿਚ ਸੀ, ਜਿਹੜਾ ਗੁਰੂ ਸਾਹਿਬ ਜੀ ਨੇ ਚਮਕੌਰ ਸਾਹਿਬ ਦੀ ਜੰਗ ਤੋਂ ਬਾਅਦ ਉਸਨੂੰ ਲਿਖਿਆ ਸੀ। ਦੂਜਾ ਪੱਤਰ ਗੁਰੂ ਸਾਹਿਬ ਜੀ ਨੇ ਬਾਦਸ਼ਾਹ ਦੀ ਚਿੱਠੀ ਆਉਣ ਤੇ ਲਿਖਿਆ। ਇਹ ਪੱਤਰ ਫਾਰਸੀ ਕਵਿਤਾ ਵਿਚ ਹੈ। ਇਸ ਦੀ ਸ਼ੈਲੀ ਅਤੇ ਸੰਵਾਦ ਪਹਿਲੇ ਵਰਗੀ ਹੀ ਪ੍ਰਭਾਵਸ਼ਾਲੀ ਅਤੇ ਚੜ੍ਹਦੀ ਕਲਾ ਵਾਲੀ ਹੈ। ਗੁਰੂ ਸਾਹਿਬ ਜੀ ਨੇ ਇਸ ਪੱਤਰ ਦਾ ਨਾਂ ਜਫਰ-ਨਾਮਹ ਜਾਂ ਵਿਜੈਗੀਤ ਰਿੱਖਿਆ। ਭਾਈ ਦਯਾ ਸਿੰਘ ਤੇ ਭਾਈ ਧਰਮ ਸਿੰਘ ਜੀ ਨੂੰ ਇਹ ਪੱਤਰ ਦੇ ਕੇ ਬਾਦਸ਼ਾਹ ਤੱਕ ਪਹੁੰਚਾਉਣ ਲਈ ਭੇਜਿਆ। ਉਹਨਾਂ ਨੇ ਅਹਿਮਦਨਗਰ (ਦੱਖਣ) ਪਹੁੰਚ ਕੇ ਜਫਰ-ਨਾਮਹ ਔਰੰਗਜੇਬ ਦੇ ਹੱਥ ਫੜਾਇਆ। ਗੁਰੂ ਸਾਹਿਬ ਜੀ 30 ਅਕਤੂਬਰ 1706 ਨੂੰ ਪਹਿਲਾਂ ਹੀ ਦੱਖਣ ਵੱਲ ਰਵਾਨਾ ਹੋ ਗਏ ਸਨ। ਉਹ ਰਾਜਸਥਾਨ ਦੇ ਬਘੌਰ ਦੇ ਨੇੜਲੇ ਇਲਾਕੇ ਵਿਚ ਸਨ। ਜਦੋਂ ਫਰਵਰੀ 1707 ਨੂੰ ਅਹਿਮਦਨਗਰ ਬਾਦਸ਼ਾਹ ਦੀ ਮੌਤ ਦੀ ਖਬਰ ਆਈ। ਸ਼ਾਹਜਹਾਨਬਾਦ ਦਿੱਲੀ ਰਾਹੀਂ ਪੰਜਾਬ ਵਾਪਸ ਆਉਣ ਤੱਕ ਬਾਦਸ਼ਾਹ ਦੇ ਪੁੱਤਰ ਉਤਰਾਧਿਕਾਰੀ ਲੜਨ ਦੀ ਤਿਆਰੀ ਕਰ ਰਹੇ ਸਨ।


ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਗੁਰੂ ਸਾਹਿਬ ਜੀ ਨੇ ਬਹਾਦਰ ਸ਼ਾਹ ਦੀ ਮਦਦ ਕੀਤੀ। ਫਿਰ ਦੋਵਾਂ ਦੀ ਇਕੱਤਰਤਾ 23 ਜੁਲਾਈ 1707 ਨੂੰ ਆਗਰਾ ਵਿਖੇ ਹੋਈ। ਦੋਵੇਂ ਜੂਨ 1708 ਵਿਚ ਤਾਪਦੀ ਨਦੀ ਅਤੇ ਅਗਸਤ ਵਿਚ ਗੰਗਾ ਨੂੰ ਪਾਰ ਕਰਦੇ ਹੋਏ ਅਗਸਤ ਦੇ ਅੰਤ ਵਿਚ ਨਾਂਦੇੜ ਪਹੁੰਚੇ।

ਜਦੋਂ ਬਹਾਦਰ ਸ਼ਾਹ ਦੱਖਣ ਵੱਲ ਵਧਿਆ ਤਾਂ ਗੁਰੂ ਸਾਹਿਬ ਜੀ ਨੇ ਨਾਂਦੇੜ ਰੁਕਣ ਦਾ ਫੈਸਲਾ ਕੀਤਾ। ਇੱਥੋਂ ਹੀ ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ਸਿੱਖ ਕੌਮ ਦਾ ਜਥੇਦਾਰ ਥਾਪ ਕੇ ਪੰਜਾਬ ਵੱਲ ਸੂਬਾਈ ਹਾਕਮਾਂ ਵਿਰੁੱਧ ਮੁਹਿੰਮ ਜਾਰੀ ਰੱਖਣ ਲਈ ਕਿਹਾ।

ਸਰਹਿੰਦ ਦੇ ਨਵਾਬ ਵਜੀਰ ਖਾਂ ਨੂੰ ਗੁਰੂ ਸਾਹਿਬ ਜੀ ਦੀ ਬਹਾਦਰ ਸ਼ਾਹ ਨਾਲ ਦੋਸਤੀ ਤੇ ਈਰਖਾ ਹੋਈ। ਉਸਨੇ ਗੁਰੂ ਸਾਹਿਬ ਜੀ ਨੂੰ ਖਤਮ ਕਰਨ ਲਈ ਦੋ ਪਠਾਣ ਭੇਜੇ। ਲੇਖਕ ਸੈਨਾਪਤੀ ਅਨੁਸਾਰ ਇਕ ਪਠਾਣ ਨੇ ਗੁਰੂ ਸਾਹਿਬ ਜੀ ਨੂੰ ਦਿਲ ਦ ਹੇਠ ਛੁਰਾ ਮਾਰਿਆ। ਇਸ ਤੋਂ ਪਹਿਲਾਂ ਕਿ ਉਹ ਹੋਰ ਵਾਰ ਕਰਦਾ ਗੁਰੂ ਸਾਹਿਬ ਜੀ ਸੰਭਲ ਗਏ ਸਨ। ਤਦ ਤੱਕ ਸਿੰਘਾਂ ਨੇ ਉਸਨੂੰ ਡੇਗ ਲਿਆ। ਬਹਾਦਰ ਸ਼ਾਹ ਨੇ ਗੁਰੂ ਸਾਹਿਬ ਜੀ ਦੇ ਇਲਾਜ ਲਈ ਯੂਰਪੀਨ ਮਾਹਿਰ ਡਾਕਟਰਾਂ ਨੂੰ ਭੇਜਿਆ। ਤੁਰੰਤ ਜ਼ਖਮ 'ਤੇ ਟਾਂਕੇ ਲਗਾਏ ਗਏ। ਕੁਝ ਦਿਨਾਂ ਵਿਚ ਜ਼ਖਮ ਠੀਕ ਹੋ ਰਿਹਾ ਸੀ। ਜਦ ਗੁਰੂ ਸਾਹਿਬ ਜੀ ਨੇ ਇਕ ਮਜ਼ਬੂਤ ਧਨੁਸ਼ ਨੂੰ ਖਿੱਚਿਆ ਤਾਂ ਅਲਾ ਜ਼ਖਮ ਫਿਰ ਖੁੱਲ੍ਹ ਗਿਆ।

ਬਹੁਤ ਸਾਰਾ ਖੂਨ ਵਹਿ ਗਿਆ। ਦੁਬਾਰਾ ਇਲਾਜ ਕੀਤਾ ਪਰ ਗੁਰੂ ਸਾਹਿਬ ਜੀ ਨੇ ਸਪਸ਼ਟ ਕੀਤਾ ਕਿ ਸੱਚਖੰਡ ਵਾਪਸੀ ਦਾ ਸਮਾਂ ਆ ਗਿਆ ਹੈ। ਉਹਨਾਂ ਖਾਲਸੇ ਨੂੰ ਆਖਰੀ ਸੰਦੇਸ਼ ਦਿੱਤਾ ਕਿ ਅੱਗੇ ਤੋਂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਗੁਰੂ ਹਨ। ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ।। ਸਭ ਸਿੱਖਿਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ..'

ਅਰਥਾਤ: ਅਬਿਨਾਸ਼ੀ ਪੁਰਖ ਦੇ ਹੁਕਮ ਨਾਲ, ਪੰਥ ਦੀ ਸਿਰਜਣਾ ਕੀਤੀ ਗਈ ਹੈ। ਸਾਰੇ ਸਿੱਖਾਂ ਨੂੰ ਗ੍ਰੰਥ ਸਾਹਿਬ ਜੀ ਨੂੰ ਆਪਣਾ ਗੁਰੂ ਮੰਨਣ ਦਾ ਹੁਕਮ ਹੈ। ਗੁਰੂ ਗ੍ਰੰਥ ਨੂੰ ਗੁਰੂਆਂ ਦਾ ਸਰੂਪ ਸਮਝੋ।

ਜੋ ਪ੍ਰਮਾਤਮਾ ਨੂੰ ਮਿਲਣਾ ਚਾਹੁੰਦੇ ਹਨ, ਉਹ ਉਸਦੀ ਬਾਣੀ ਵਿਚ ਪਾ ਸਕਦੇ ਹਨ। ਸ਼ੁੱਧ ਰਾਜ ਕਰੇਗਾ ਅਤੇ ਅਪਵਿੱਤਰ ਨਹੀਂ ਰਹੇਗਾ। ਜੋ ਵਿਛੜੇ ਹਨ, ਉਹ ਇਕੱਠੇ ਹੋ ਜਾਣਗੇ ਅਤੇ ਸਾਰੇ ਸ਼ਰਧਾਲੂ ਬਚ ਜਾਣਗੇ। ਇਹ ਘਟਨਾ ਅਕਤੂਬਰ 1708 ਦੀ ਹੈ।

ਇਤਿਹਾਸਕਾਰਾਂ ਨੇ ਆਪਣੀ ਯਥਾ-ਸ਼ਕਤੀ ਅਤੇ ਸੂਝ ਨਾਲ ਗੁਰੂ ਸਾਹਿਬ ਜੀ ਬਾਰੇ ਲਿਖਿਆ ਹੈ।

ਅਲਾ ਯਾਰ ਖਾਂ ਜੋਗੀ ਨੇ ਗੰਜ-ਏ-ਸ਼ਹੀਦਾਂ ਵਿਚ ਲਿਖਿਆ ਹੈ ਕਿ:

ਕਰਤਾਰ ਕੀ ਸੋਗੰਦ ਹੈ, ਨਾਨਕ ਕੀ ਕਸਮ ਹੈ।
ਜਿਤਨੀ ਭੀ ਹੋ, ਗੋਬਿੰਦ ਕੀ ਤਾਰੀਫ ਵਹ ਕੰਮ ਹੈ।

## 'ਨਾ ਕਿਸੇ ਦੀ ਜ਼ਮੀਨ, ਨਾ ਰਾਜ ਖੋਹਿਆ'

'ਚਾਲੀ ਸਿੰਘ' ਸੀ 'ਚਮਕੌਰ' ਦੀ 'ਗੜ੍ਹੀ' ਅੰਦਰ,
ਬਾਹਰ ਬੈਠੇ ਸੀ ਦੁਸ਼ਮਣ ਬੇਸ਼ੁਮਾਰ ਲੋਕੋ!
'ਸਿੰਘ' ਜਥੇ ਬਣਾ ਪੂਰੇ ਜੋਸ਼ ਖਰੋਸ਼ ਦੇ ਵਿੱਚ,
ਆਉਣ 'ਰਣ' ਵਿੱਚ 'ਗੜ੍ਹੀ' ਚੋ ਬਾਹਰ ਲੋਕੋ!
ਦੁਸ਼ਮਣ ਪ੍ਰੇਸ਼ਾਨ ਸਾਰੇ,ਵੇਖ ਸਿੱਖ ਯੋਧਿਆਂ ਨੂੰ,
ਐਸੀ ਕਰਦੇ ਪ ਏ ਸੀ ਮਾਰੋ ਮਾਰ ਲੋਕੋ!
ਨਾ ਕਿਸੇ ਦੀ ਜ਼ਮੀਨ ਨਾ 'ਰਾਜ-ਭਾਗ' ਖੋਹਿਆ,
ਫਿਰ ਵੀ ਰਾਜਿਆਂ ਨੂੰ ਚੁੱਭਦਾ ਸੀ ਬੇਸ਼ੁਮਾਰ ਲੋਕੋ!
ਕਿਉਂਕਿ 'ਗੁਰੂ' ਜੀ 'ਅੰਮ੍ਰਿਤ' ਛਕਾ ਇਕ ਬਾਟੇ,
'ਜ਼ਾਤੀ ਸਿਸਟਮ' ਤੇ ਕਰ ਰਿਹਾ ਸੀ ਵਾਰ ਲੋਕੋ!
'ਗੁਰੂ' ਜੀ ਨੇ 'ਧਰਮ' ਦੀ ਰੱਖਿਆ ਵਾਸਤੇ,
ਨਾ ਆਪਣਾ ਰੱਖਿਆ ਲੁਕੋ ਪਰਵਾਰ ਲੋਕੋ!
ਤਾਹੀਂ ਸੱਚੇ ਸਿੱਖਾਂ ਨੇ 'ਗੁਰੂ' ਦਾ ਸਾਥ ਦੇਕੇ,
ਦਿੱਤਾ ਸਭ ਕੁੱਝ ਆਪਣਾ ਵਾਰ ਲੋਕੋ!
ਮੇਜਰ ਜੈਸਾ ਚਮਕੌਰ ਵਿੱਚ ਯੁੱਧ ਹੋਇਆ,
ਨਹੀਂ ਹੋਇਆ ਹੋਣਾ ਵਿੱਚ ਸੰਸਾਰ ਲੋਕੋ!

**ਮੇਜਰ ਸਿੰਘ ਬੁਢਲਾਡਾ**
**94176 42327**



# ਅਲਵਿਦਾ ਅਤੇ ਸੁਆਗਤ

ਕਿਹਾ ਜਾਂਦਾ ਹੈ ਕਿ ਜੋ ਆਇਆ ਹੈ ਉਹ ਜ਼ਰੂਰ ਜਾਵੇਗਾ। ਜਦੋਂ ਪੁਰਾਣਾ ਚਲੇਗਾ, ਨਵਾਂ ਆਵੇਗਾ। ਇਹ ਸ੍ਰਿਸ਼ਟੀ ਦਾ ਇੱਕ ਅਟੱਲ ਨਿਯਮ ਹੈ। ਨਵੇਂ ਲਈ ਪੁਰਾਣੇ ਨੂੰ ਤਿਆਗਣਾ ਪੈਂਦਾ ਹੈ। ਸਾਨੂੰ ਇਸ ਸਥਾਨ ਦੀ ਤਬਦੀਲੀ ਨੂੰ ਆਸਾਨੀ ਨਾਲ ਲੈਣਾ ਚਾਹੀਦਾ ਹੈ। ਇਸ ਵਿੱਚ ਕੋਮਲਤਾ ਹੈ। ਅਸੀਂ ਬਾਹਰ ਜਾਣ ਵਾਲੇ ਨੂੰ ਹੱਥ ਜੋੜ ਕੇ ਨਮਸਕਾਰ ਕਰਨ ਅਤੇ ਆਉਣ ਵਾਲੇ ਵਿਅਕਤੀ ਅੱਗੇ ਝੁਕ ਕੇ ਨਿਮਰਤਾ ਸਿੱਖਦੇ ਹਾਂ। ਇਹ ਹੈ ਯੋਗ, ਧਰਮ ਅਤੇ ਭਗਤੀ, ਇਨ੍ਹਾਂ ਸਭ ਨੂੰ ਜੋੜੀਏ ਤਾਂ ਸੰਸਕ੍ਰਿਤੀ ਵੀ ਹੁੰਦੀ ਹੈ।ਪਿਛਲੇ ਸਾਲ ਵਿੱਚ ਇਨ੍ਹਾਂ ਵੱਲੋਂ ਕੀਤੇ ਗਏ ਕੰਮਾਂ ਦਾ ਵੀ ਸੂਝਵਾਨ ਲੋਕ ਵਿਸ਼ਲੇਸ਼ਣ ਕਰਦੇ ਹਨ। ਅਸੀਂ ਆਪਣੇ ਚੰਗੇ, ਮਾੜੇ ਅਤੇ ਗਲਤੀਆਂ ਦਾ ਮੁਲਾਂਕਣ ਵੀ ਕਰਦੇ ਹਾਂ।ਤਾਂ ਜੋ ਆਉਣ ਵਾਲੇ ਸਾਲ ਵਿੱਚ ਅਸੀਂ ਆਪਣੇ ਆਪ ਵਿੱਚ ਸੁਧਾਰ ਕਰ ਸਕੀਏ। ਕਿਹਾ ਜਾਂਦਾ ਹੈ ਕਿ ਜੇਕਰ ਤੁਸੀਂ ਆਪਣੇ ਆਪ ਵਿੱਚ ਬਦਲਾਅ ਲਿਆਉਂਦੇ ਹੋ ਤਾਂ ਤੁਹਾਡੇ ਰਿਸ਼ਤੇਦਾਰਾਂ ਵਿੱਚ ਆਪਣੇ ਆਪ ਬਦਲਾਅ ਆਉਣਾ ਸ਼ੁਰੂ ਹੋ ਜਾਂਦਾ ਹੈ। ਪਰਵਾਰ ਵਿਚ ਇਹ ਵੀ ਕਿਹਾ ਜਾਂਦਾ ਹੈ - ਉਹ ਆਪਣੇ ਬਾਬੇ ਤੋਂ ਸਿੱਖ ਕੇ ਬਾਬਾ ਬਣ ਗਿਆ ਹੈ! ਜਾਂ ਇਹ ਵੀ ਸੁਣਨ ਵਿੱਚ ਆਉਂਦਾ ਹੈ ਕਿ ਉਹ ਦਾਦੀ ਬਣ ਰਹੀ ਹੈ। ਦੇਖੋ, ਮੁੰਨੀ, ਅੱਜ ਉਹ ਪੂਰੀ ਦਾਦੀ ਬਣ ਗਈ ਹੈ। ਇਸੇ ਤਰ੍ਹਾਂ ਦੀਆਂ ਤਬਦੀਲੀਆਂ ਸਾਲ ਦਰ ਸਾਲ ਆਉਂਦੀਆਂ ਰਹਿੰਦੀਆਂ ਹਨ, ਜੋ ਕਿ ਤਰੱਕੀ ਦਾ ਸੂਚਕ ਹੈ। ਇਹ ਖੁਸ਼ਹਾਲੀ ਦਾ ਸੂਚਕ ਹੈ। ਵੈਸੇ ਵੀ ਖੜੋਤ ਵਾਲੀ ਜ਼ਿੰਦਗੀ ਦਾ ਕੀ ਫਾਇਦਾ? ਕਿਹਾ ਜਾਂਦਾ ਹੈ ਕਿ ਕੀੜੇ-ਮਕੌੜੇ ਅਕਸਰ ਖੜ੍ਹੇ ਪਾਣੀ ਵਿੱਚ ਉੱਗਦੇ ਦੇਖੇ ਜਾਂਦੇ ਹਨ।, ਅਜਿਹਾ ਪਾਣੀ ਦੂਜਿਆਂ ਨੂੰ ਵੀ ਪਾਣੀ ਵਿੱਚ ਬਦਲ ਦਿੰਦਾ ਹੈ। ਸਾਲ ਦੇ ਆਖ਼ਰੀ ਦਿਨ ਦੇਸ਼-ਵਿਦੇਸ਼ ਵਿਚ ਕਈ ਥਾਵਾਂ 'ਤੇ ਗਲੀਆਂ-ਮੁਹੱਲਿਆਂ ਵਿਚ ਵਿਦਾਇਗੀ ਸਮਾਰੋਹ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਜਿਵੇਂ ਅਸੀਂ ਆਪਸ ਵਿੱਚ ਮਸਤੀ ਕਰ ਰਹੇ ਹੁੰਦੇ ਹਾਂ। ਇੱਕ ਪ੍ਰਾਰਥਨਾ ਗਾਈ ਜਾ ਰਹੀ ਹੈ। ਕਦੇ ਹਾਸੇ ਨਾਲ ਤੇ ਕਦੇ ਹੰਝੂਆਂ ਨਾਲ ਤਾਂ ਕਿ ਆਉਣ ਵਾਲੇ ਸਮੇਂ ਵਿਚ ਹਰ ਕੋਈ ਸੁਰੱਖਿਅਤ ਰਹੇ। ਜੋ ਅਸੀਂ ਸਵੀਕਾਰ ਨਹੀਂ ਕਰ ਸਕੇ, ਸਿੱਖ ਨਹੀਂ ਸਕੇ। ਹੁਣ ਅਸੀਂ ਅੱਗੇ ਸਿੱਖਾਂਗੇ। ਸਭ ਕੁਝ ਸੁਰੱਖਿਅਤ ਰਹੇਗਾ। ਕਿਉਂਕਿ ਸਮਾਂ ਨਹੀਂ ਰੁਕਦਾ, ਇਹ ਤੁਹਾਡੀ ਮਰਜ਼ੀ ਅਨੁਸਾਰ ਲੰਘ ਜਾਵੇਗਾ। ਕੱਟਦਾ ਹੈ ਅਤੇ ਕੱਟਦਾ ਹੈ। ਸਾਨੂੰ ਸਮੇਂ ਤੋਂ ਸਿੱਖਣਾ ਚਾਹੀਦਾ ਹੈ। ਸਮੇਂ ਸਿਰ ਸਿੱਖਣਾ ਚਾਹੀਦਾ ਹੈ। ਸਮਾਂ ਕੀ ਦਿਖਾਉਂਦਾ ਹੈ? ਕਹਿ ਨਹੀਂ ਸਕਦੇ।ਕਿਹਾ ਜਾਂਦਾ ਹੈ ਕਿ ਜੋ ਕਿਤਾਬਾਂ ਨਹੀਂ ਸਿਖਾ ਸਕਦੀਆਂ, ਸਮਾਂ ਸਿਖਾ ਦਿੰਦਾ ਹੈ, ਵਕਤ ਹੀ ਮਾੜੇ ਸਮੇਂ ਨਾਲ ਲੜਨਾ ਸਿਖਾ ਦਿੰਦਾ ਹੈ। ਸਿਰਫ਼ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ, ਨਾ ਹੀ ਅਤਿਕਥਨੀ ਹੋਵੇਗੀ, ਕਿ ਸਮਾਂ ਗੁਰੂ ਹੀ ਨਹੀਂ, ਮਹਾਨ ਗੁਰੂ ਵੀ ਹੈ। ਇਸ ਨੂੰ ਪੜ੍ਹਣ ਵਾਲੇ ਨੂੰ ਭਵਿੱਖ ਵਿੱਚ ਕਦੇ ਪਛਤਾਵਾ ਨਹੀਂ ਹੋਵੇਗਾ। ਉਸ ਨੂੰ ਬੱਸ ਇਸ ਗੰਢ ਨੂੰ ਧਿਆਨ ਵਿਚ ਰੱਖ ਕੇ ਚੱਲਣਾ ਚਾਹੀਦਾ ਹੈ ਕਿ ਜੋ ਗਲਤੀ ਪਹਿਲਾਂ ਹੋ ਚੁੱਕੀ ਹੈ, ਉਸ ਨੂੰ ਦੁਹਰਾਉਣ ਨਹੀਂ ਦੇਣਾ ਚਾਹੀਦਾ। ਕੀ ਤੁਸੀਂ ਕਦੇ ਸੁਣਿਆ ਹੈ ਕਿ ਜਾਨਵਰ, ਪੰਛੀ, ਕੀੜੇ ਆਦਿ ਕਿਧਰੇ ਪੜ੍ਹਾਈ ਕਰਨ ਜਾਂਦੇ ਹਨ? ਕਿਤੇ ਨਹੀਂ। ਹਾਂ, ਉਹ ਪੜ੍ਹਾ ਕੇ ਬਹੁਤ ਕੁਝ ਸਿੱਖਦੇ ਹਨ। ਪਰ ਉਹ ਸਿੱਖਦੇ ਹਨਉਹ ਆਪ ਹੀ ਹੈ। ਜੰਗਲ, ਪਹਾੜ ਜਾਂ ਝੀਲ, ਮਾਰੂਥਲ ਵਿਚ ਕੌਣ ਕਿਸ ਨੂੰ ਸਿਖਾਉਂਦਾ ਹੈ? ਭਾਵੇਂ ਕਿਸੇ ਦਾ ਪਰਿਵਾਰ ਸਿਖਾਉਂਦਾ ਹੈ, ਬਹੁਤ ਘੱਟ ਲੋਕ ਆਪਣੇ ਆਪ ਅਤੇ ਆਪਣੀ ਤਾਕਤ ਨਾਲ ਸਿੱਖਦੇ ਹਨ। ਅਸਲ ਵਿੱਚ ਉਹ ਗ਼ਲਤੀਆਂ ਨਹੀਂ ਦੁਹਰਾਉਂਦੇ। ਕੀੜੀਆਂ ਇੱਕ ਸਿੱਧੀ ਲਾਈਨ ਵਿੱਚ ਚਲਦੀਆਂ ਹਨ, ਭੇਡਾਂ ਅਤੇ ਬੱਕਰੀਆਂ ਸਮੂਹ ਵਿੱਚ ਘੁੰਮਦੀਆਂ ਹਨ, ਅਸੀਂ ਅਜਿਹੇ ਹੋਰ ਜਾਨਵਰਾਂ ਤੋਂ ਸਿੱਖ ਸਕਦੇ ਹਾਂ, ਪਰ ਅਸੀਂ ਸਿੱਖਣਾ ਨਹੀਂ ਚਾਹੁੰਦੇ। ਜਦੋਂ ਕਿ ਇਹ ਅਵਾਜ਼ਾਂ ਵਾਲੇ ਲੋਕ ਜਾਣਦੇ ਅਤੇ ਸਮਝਦੇ ਹਨ। ਜਦੋਂ ਅਸੀਂ ਬਿਮਾਰ ਹੁੰਦੇ ਹਾਂ, ਤਾਂ ਅਸੀਂ ਆਪਣਾ ਇਲਾਜ ਕਰਦੇ ਹਾਂ। ਉਹ ਫਲ, ਘਾਹ ਅਤੇ ਪੱਤੇ ਖਾ ਕੇ ਆਪਣੇ ਆਪ ਨੂੰ ਠੀਕ ਕਰਦੇ ਹਨ। ਫਿਰ ਅਸੀਂ ਆਪਣੀ ਉਮਰ ਵਿਚ ਕਈ ਸਾਲ ਜਿਉਂਦੇ ਹਾਂ। ਇੱਕ ਦ੍ਰਿਸ਼ਟੀਕੋਣ ਤੋਂ, ਸਾਲ ਹੀਇਹ ਹੁੰਦਾ ਹੈ। ਇੱਕ ਦਿਨ ਇੱਕ ਮਹੀਨਾ ਬਣ ਜਾਂਦਾ ਹੈ ਅਤੇ 12 ਮਹੀਨੇ ਇੱਕ ਸਾਲ ਬਣ ਜਾਂਦੇ ਹਨ। ਇਸ ਤੋਂ ਪਹਿਲਾਂ ਇੱਕ ਦਿਨ ਵਿੱਚ ਚੌਵੀ ਘੰਟੇ ਅਤੇ ਇੱਕ ਘੰਟੇ ਵਿੱਚ ਸੱਠ ਮਿੰਟ ਹੁੰਦੇ ਸਨ ਅਤੇ ਇਸ ਤੋਂ ਅੱਗੇ ਵੀ ਇੱਕ ਮਿੰਟ ਵਿੱਚ ਸੱਠ ਸਕਿੰਟ ਹੁੰਦੇ ਸਨ, ਸਮਾਂ ਪਲਾਂ ਅਤੇ ਪਲਾਂ ਦਾ ਬਣਿਆ ਹੁੰਦਾ ਹੈ, ਪਤਾ ਨਹੀਂ ਕਿਉਂ, ਅਸੀਂ ਸਭ ਕੁਝ ਭੁੱਲ ਕੇ ਸਵਾਰੀ ਕਰਨਾ ਚਾਹੁੰਦੇ ਹਾਂ। ਘੋੜੇ 'ਤੇ। ਵੀ ਬੋਰਡ 'ਤੇ ਪ੍ਰਾਪਤ ਕਰੋ। ਜਿਸ ਦੇ ਨਤੀਜੇ ਵਜੋਂ ਕਈ ਵਾਰ ਅਣਚਾਹੇ ਕੰਮ ਵੀ ਹੋ ਜਾਂਦੇ ਹਨ। ਇਸੇ ਲਈ ਸਾਡੇ ਬਜ਼ੁਰਗ ਵੀ ਸਬਰ ਰੱਖਣ ਲਈ ਕਹਿੰਦੇ ਹਨ। ਧੀਰਜ ਨਾਲ ਸਭ ਕੁਝ ਠੀਕ ਹੋ ਜਾਂਦਾ ਹੈ। ਇੱਥੇ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਮੁਸੀਬਤਾਂ ਆਪਣੇ ਆਪ ਤੋਂ ਘੱਟ ਅਤੇ ਦੂਜਿਆਂ ਤੋਂ ਵੱਧ ਆਉਂਦੀਆਂ ਹਨ। ਜੋ ਵੀ ਜੀਵਨ ਵਿੱਚ ਵਾਪਰਦਾ ਹੈ, ਇਹ ਸਬਕ ਹੈ। ਮਨ ਨੂੰ ਸ਼ਾਂਤੀ ਦੇਣ ਲਈ ਕਿਹਾ ਜਾਂਦਾ ਹੈ- 'ਇਹ ਰੱਬ ਦੇ ਕਰਮ' ਹਨ। ਇਹ ਉਸਦੀ ਅੰਤਮ ਇੱਛਾ ਹੈ। ਕਿਉਂਕਿ ਹਰ ਕੋਈ ਆਪਣੀ ਇੱਛਾ ਅਤੇ ਸਮਰੱਥਾ ਅਨੁਸਾਰ ਲੰਘਦੇ ਸਾਲ ਨੂੰ ਅਲਵਿਦਾ ਕਹਿ ਦਿੰਦਾ ਹੈ। ਹਾਲਾਂਕਿ ਕਈ ਥਾਵਾਂ 'ਤੇ ਮੌਕੇ 'ਤੇ ਇਹ ਰੁਝਾਨ ਸਾਰਾ ਸਾਲ ਜਾਰੀ ਰਹਿੰਦਾ ਹੈ। ਪਰ ਸਾਲ ਦੇ ਆਖਰੀ ਦਿਨ ਅੱਧੀ ਰਾਤ ਤੱਕ ਇਸ ਨੂੰ ਮਨਾਉਣ ਦਾ ਇੱਕ ਵੱਖਰਾ ਹੀ ਆਨੰਦ ਹੈ। ਆਉਣ ਵਾਲਾ ਸਾਲ ਸਾਨੂੰ ਕੁਝ ਸਿਖਾਵੇ ਇਸ ਤੋਂ ਪਹਿਲਾਂ ਸਾਨੂੰ ਸਾਵਧਾਨ ਰਹਿਣਾ ਚਾਹੀਦਾ ਹੈ। ਸ਼ਾਇਦ ਇਸੇ ਲਈ ਅਸੀਂ ਨਹੀਂ, ਸਾਰੇ ਮਿਲ ਕੇ ਜਸ਼ਨ ਮਨਾਉਂਦੇ ਹਾਂ। ਸਹੁੰ ਚੁੱਕੋ ਅਤੇ ਵਾਅਦੇ ਕਰੋ। ਸੁਧਾਰ ਲਈ ਇਹ ਕਾਫੀ ਹੈ। ਬਸ ਲੋੜ ਹੈ, ਜੋ ਕਿ ਹੈ ਹੋ ਸਕਦਾ ਹੈ ਕਿ ਅਸੀਂ ਕੁਝ ਗਲਤ ਨਾ ਕੀਤਾ ਹੋਵੇ, ਫਿਰ ਵੀ ਅਸੀਂ ਮੁਆਫੀ ਮੰਗਦੇ ਹਾਂ ਅਤੇ ਮਾਫੀ ਮੰਗਦੇ ਹਾਂ। ਇਸ ਤੋਂ ਕੁਝ ਵੀ ਨਹੀਂ ਗੁਆਚਦਾ, ਹਾਂ, ਮਨੁੱਖ ਨੂੰ ਖੁਸ਼ੀ ਮਿਲਦੀ ਹੈ। ਦੂਸਰੇ ਵੀ ਇਸ ਬਹਾਨੇ ਖੁਸ਼ ਹੋ ਜਾਂਦੇ ਹਨ। ਘੱਟੋ-ਘੱਟ ਅਸੀਂ ਪਿਛਲੇ ਗਿਆਰਾਂ ਮਹੀਨਿਆਂ ਅਤੇ ਤੀਹ ਦਿਨਾਂ ਤੋਂ ਇਹ ਸਿੱਖਿਆ ਹੈ।

**– ਵਿਜੈ ਗਰਗ**

# ਇੱਕ ਡਾਕਟਰ ਬਣਨਾ ਬਹੁਤ ਮੁਸ਼ਕਲ ਹੁੰਦਾ ਹੈ



**ਵਿਜੈ ਗਰਗ (ਪੀ.ਈ.ਐਸ.)**
**ਸਾਬਕਾ ਪ੍ਰਿੰਸੀਪਲ**

ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕੀਤੀ ਹੈ ਇਸ ਵਿੱਚ ਕਈ ਸ਼ੱਕ ਨਹੀਂ ਹੈ। ਜਿੰਨੀਆਂ ਖੋਜਾਂ ਇਸ ਖੇਤਰ ਵਿੱਚ ਹੋਈਆਂ ਹਨ ਸ਼ਾਇਦ ਹੀ ਕਿਸੇ ਹੋਰ ਖੇਤਰਾਂ ਵਿੱਚ ਹੋਈਆਂ ਹੋਣ।ਮੈਡੀਕਲ ਸਾਇੰਸ ਦੀਆਂ ਖੋਜਾਂ ਜ਼ਿਆਦਾਤਰ ਸਹੀ ਸਿੱਧ ਹੋਈਆਂ ਹਨ। ਚਾਹੇ ਉਹ ਜਾਨ ਲੇਵਾ ਬਿਮਾਰੀਆਂ ਤੋਂ ਬਚਾਉਣ ਲਈ ਨਵੀਆਂ ਦਵਾਈਆਂ ਜਾਂ ਰੋਬਟ ਟੈਕਨਾਲਜੀ ਨਾਲ ਅਪਰੇਸ਼ਨ ਹੀ ਹੋਵੇ ਮੈਡੀਕਲ ਸਾਇੰਸ ਨੇ ਬੁਲੰਦੀਆਂ ਨੂੰ ਛੋਹਿਆ ਹੈ। ਹਰ ਸਾਲ ਡਾਕਟਰ ਬਣਨ ਵਾਸਤੇ ਲੱਖਾਂ ਬੱਚੇ ਨੀਟ ਦਾ ਐਂਨਟਰਸ ਟੈਸਟ ਦੇ ਕੇ ਆਪਣੀ ਕਿਸਮਤ ਅਜਮਾਉਂਦੇ ਹਨ। ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਡਾਕਟਰੀ ਦੀ ਪੜ੍ਹਾਈ ਬਹੁਤ ਹੀ ਮਹਿੰਗੀ ਪੜ੍ਹਾਈ ਹੈ। ਜੇਕਰ ਇਸਨੂੰ ਭਾਰਤ ਦੀ ਸਭ ਤੋਂ ਮਹਿੰਗੀ ਪੜ੍ਹਾਈ ਕਿਹਾ ਜਾਵੇ ਤਾਂ ਕੋਈ ਗ਼ਲਤ ਨਹੀਂ ਹੈ। ਲਗਭਗ ਇੱਕ ਡਾਕਟਰ ਬਣਨ ਵਾਸਤੇ ਕਰੋੜ ਰੁਪਏ ਦੀ ਲਾਗਤ ਮਾਮੂਲੀ ਗੱਲ ਹੋ ਗਈ ਹੈ। ਪਹਿਲਾਂ ਐਮਬੀਬੀਐਸ ਅਤੇ ਉਸ ਤੋਂ ਬਾਅਦ ਪੋਸਟ ਗ੍ਰੈਜੂਏਸ਼ਨ ਦੀ ਪੜ੍ਹਾਈ ਲੱਖਾਂ ਰੁਪਏ ਲਗਵਾ ਦਿੰਦੀ ਹੈ।



ਇੱਕ ਗੱਲ ਤਾਂ ਸ਼ੀਸ਼ੇ ਵਾਂਗ ਸਾਫ਼ ਹੈ ਕਿ ਇੱਕ ਗਰੀਬ ਬੰਦਾ ਆਪਣੇ ਬੱਚਿਆਂ ਨੂੰ ਡਾਕਟਰ ਨਹੀਂ ਬਣਾ ਸਕਦਾ ਏਹੀ ਹਾਲ ਮੱਧਵਰਗੀ ਪਰਿਵਾਰਾਂ ਦਾ ਵੀ ਹੈ। ਭਾਵੇਂ ਉਹਨਾਂ ਦੇ ਬੱਚੇ ਬਹੁਤ ਹੁਸ਼ਿਆਰ ਹੀ ਕਿਉਂ ਨਾ ਹੋਣ, ਹੁਣ ਪੈਸੇ ਦੀ ਤੰਗੀ ਉਹਨਾਂ ਦਾ ਸੁਪਨਾ ਚਕਨਾਚੂਰ ਕਰ ਦਿੰਦੀ ਹੈ। ਮੈਡੀਕਲ ਦੀ ਪੜ੍ਹਾਈ ਸਿਰਫ਼ ਤੇ ਸਿਰਫ਼ ਅਮੀਰ ਲੋਕਾਂ ਦੇ ਬੱਚਿਆਂ ਦੀ ਪੜ੍ਹਾਈ ਬਣਕੇ ਰਹਿ ਗਈ ਹੈ। ਡਾਕਟਰ ਦਾ ਬੱਚਾ ਨਿਸ਼ਚਿਤ ਤੌਰ ਤੇ ਡਾਕਟਰ ਹੀ ਬਨਣ ਬਾਰੇ ਸੋਚਦਾ ਹੈ ਅਤੇ ਉਸਦੇ ਡਾਕਟਰ ਮਾਪੇ ਵੀ ਉਸਨੂੰ ਆਪਣੀ ਫ਼ੀਲਡ ਵਿਚ ਜਾਣ ਵਾਸਤੇ ਪ੍ਰੇਰਿਤ ਕਰਦੇ ਹਨ। ਸਾਡੇ ਦੇਸ਼ ਵਿੱਚ ਸੀਨੀਅਰ ਡਾਕਟਰਾਂ ਦੀ ਤਨਖਾਹ ਅਤੇ ਭੱਤੇ ਜੂਨੀਅਰ ਡਾਕਟਰਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਹਨ। ਸੁਭਾਵਿਕ ਹੈ ਕਿ ਸੀਨੀਅਰ ਡਾਕਟਰਾਂ ਦੇ ਬੱਚੇ ਇਸ ਪੜ੍ਹਾਈ ਨੂੰ ਆਰਥਿਕ ਪੱਖੋਂ ਪੂਰਾ ਕਰ ਪਾਉਂਦੇ ਹਨ। ਪਹਿਲਾਂ ਪਹਿਲ ਸੀਨੀਅਰ ਡਾਕਟਰ ਸਰਕਾਰੀ ਨੌਕਰੀ ਦੇ ਨਾਲ ਨਾਲ ਆਪਣੇ ਪ੍ਰਾਈਵੇਟ ਕਲੀਨਿਕ ਜਾਂ ਹਸਪਤਾਲ ਚਲਾਉਂਦੇ ਸਨ ਜਿਸ ਕਾਰਨ ਉਹਨਾਂ ਦੀ ਆਰਥਿਕ ਸਥਿਤੀ ਕਾਫ਼ੀ ਹੱਦ ਤੱਕ ਸਹੀ ਸੀ। ਪਰ ਪੰਜਾਬ ਸਰਕਾਰ ਨੇ ਇਹ ਗੱਲ ਲਾਗੂ ਕਰ ਦਿੱਤੀ ਹੈ ਕਿ ਇੱਕ ਸਰਕਾਰੀ ਡਾਕਟਰ ਨੌਕਰੀ ਤੇ ਹੁੰਦੇ ਹੋਏ ਪ੍ਰਾਈਵੇਟ ਕਲੀਨਿਕ ਜਾਂ ਹਸਪਤਾਲ ਨਹੀਂ ਚਲਾ ਸਕਦਾ। ਜਿਸਦਾ ਨਤੀਜਾ ਇਹ ਨਿਕਲਿਆ ਕਿ ਬਹੁਤ ਸਾਰੇ ਡਾਕਟਰਾਂਨੇ ਆਪਣੀ ਸਰਕਾਰੀ ਨੌਕਰੀ ਤੋਂ ਅਸਤੀਫ਼ਾ ਦੇ ਕੇ ਆਪਣੇ ਪ੍ਰਾਈਵੇਟ ਕਲੀਨਿਕ ਜਾਂ ਹਸਪਤਾਲ ਚਲਾਉਣ ਨੂੰ ਪਹਿਲ ਦਿੱਤੀ। ਪੰਜਾਬ ਦੀ ਸਭ ਤੋਂ ਵੱਡੀ ਸਰਕਾਰੀ ਮੈਡੀਕਲ ਯੂਨੀਵਰਸਿਟੀ ਬਾਬਾ ਫ਼ਰੀਦ ਯੂਨੀਵਰਸਿਟੀ ਫਰੀਦਕੋਟ ਹੈ ਅਤੇ ਇਸਦੇ ਨਾਲ ਹੀ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਵੀ ਹੈ, ਜਿੱਥੇ ਮੈਡੀਕਲ ਵਿੱਚ ਪੜ੍ਹਾਈ ਕਰਦੇ ਯੋਗ ਬੱਚੇ ਦੀ ਇੰਟਰਸਿੱਪ ਵੀ ਲੱਗਦੀ ਹੈ। ਐਵੇਂ ਹੀ ਕਾਲਜ ਦੇ ਵਿਦਿਆਰਥੀ ਨਾਲ ਗੱਲਬਾਤ ਦੌਰਾਨ ਪਤਾ ਲੱਗਾ ਕਿ ਡਾਕਟਰ ਬਣਨ ਵਾਸਤੇ ਕਈ ਤੰਗੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।ਵਿਸਥਾਰ ਨਾਲ ਦੱਸਣ ਤੇ ਪਤਾ ਲੱਗਾ ਕਿ ਡਾਕਟਰੀ ਦੀ ਪੜ੍ਹਾਈ ਕਰਦੇ ਬਹੁਤ ਸਾਰੇ ਬੱਚੇ ਮਾਨਸਿਕ ਤੌਰ 'ਤੇ ਬਿਮਾਰ ਹੋ ਜਾਂਦੇ ਹਨ।ਕਾਲਜ਼ ਵੱਲੋਂ ਪੜ੍ਹਾਈ ਦਾ ਪਰੈਸ਼ਰ ਹੀ ਇੰਨਾ ਹੈ ਕਿ ਵਿਦਿਆਰਥੀ ਹੌਸਲਾ ਹਾਰ ਜਾਂਦੇ ਹਨ, ਨਤੀਜੇ ਵਜੋਂ ਉਹ ਨਸ਼ਾ ਕਰਕੇ ਆਪਣੇ ਆਪ ਨੂੰ ਸ਼ਾਂਤ ਰੱਖਣ ਦੀ ਕੋਸ਼ਿਸ਼ ਕਰਦੇ ਹਨ। ਇਹ ਗੱਲ ਬਹੁਤ ਚਿੰਤਾਜਨਕ ਹੈ। ਉਸ ਵਿਦਿਆਰਥੀ ਦਾ ਮੰਨਣਾ ਸੀ ਕਿ ਐਮ.ਬੀ.ਬੀ.ਐਸ. ਦੀ ਫ਼ੀਸ ਸਭ ਤੋਂ ਜ਼ਿਆਦਾ ਪੰਜਾਬ ਵਿੱਚ ਹੈ, ਜਦ ਕਿ ਪੰਜਾਬ ਦਾ ਹੈਲਥ ਸਿਸਟਮ ਡਾਵਾਂਡਲ ਹੈ, ਅਜਿਹੇ ਵਿਚ ਸਰਕਾਰ ਨੂੰ ਫੀਸਾਂ ਘਟਾ ਕੇ ਵੱਧ ਤੋਂ ਵੱਧ ਡਾਕਟਰੀ ਲਈ ਬੱਚਿਆਂ ਨੂੰ ਪ੍ਰੇਰਿਤ ਕਰਨਾ ਚਾਹੀਦਾ ਹੈ। ਉਸਦਾ ਕਹਿਣਾ ਸੀ ਕਿ ਪ੍ਰੋਫੈਸਰਾਂ ਵੱਲੋਂ ਬਚਿਆਂ ਤੇ ਦਬਾਅ ਪਾਇਆ ਜਾਂਦਾ ਹੈ। ਜੇਕਰ ਕਾਲਜ ਵਿੱਚ ਰੈਗਿੰਗ ਹੋ ਰਹੀ ਹੈ ਤਾਂ ਕਿ ਕਾਲਜ ਪ੍ਰਬੰਧਕ ਇਸ ਤੋਂ ਅਣਜਾਣ ਹਨ ਜਾਂ ਜਾਣ ਬੁੱਝ ਕੇ ਅਵੇਸਲੇ ਹੋ ਗਏ ਹਨ।ਇਸ ਤੇ ਵੀ ਗੌਰ ਕਰਨਾ ਚਾਹੀਦਾ ਹੈ। ਵੇਖਿਆ ਜਾਵੇ ਤਾਂ ਜੂਨੀਅਰ ਡਾਕਟਰਾਂ ਦੇ ਸਿਰ ਤੇ ਸਰਕਾਰੀ ਹਸਪਤਾਲ ਚੱਲ ਰਹੇ ਹਨ। 24 -24 ਘੰਟੇ ਦੀ ਸਖ਼ਤ ਡਿਊਟੀ ਦੇ ਨਾਲ- ਨਾਲ ਪੋਸਟ ਗ੍ਰੈਜੂਏਸ਼ਨ ਦੀ ਕਠਨ ਪੜ੍ਹਾਈ ਵੀ ਕਰਦੇ ਹਨ। ਸਰਕਾਰਾਂ ਇਸ ਗੱਲ ਤੋਂ ਅਣਜਾਣ ਨਹੀਂ ਹਨ। ਇੱਕ ਚੰਗਾ ਡਾਕਟਰ ਤਦ ਹੀ ਬਣ ਸਕਦਾ ਜੇਕਰ ਉਸਨੂੰ ਸੁਖਾਵਾਂ ਮਾਹੌਲ ਮਿਲੇਗਾ ਜਾਂ ਕਿਸੇ ਕਿਸਮ ਦਾ ਉਸ ਉਪਰ ਦਬਾਅ ਨਹੀਂ ਹੋਵੇਗਾ।

ਜੇਕਰ ਏਦਾਂ ਹੀ ਚੱਲਦਾ ਰਿਹਾ ਤਾਂ ਆਉਣ ਵਾਲੇ ਸਮੇਂ ਵਿੱਚ ਬੱਚੇ ਅਤੇ ਮਾਪੇ ਮੈਡੀਕਲ ਦੀ ਪੜ੍ਹਾਈ ਤੋਂ ਕੰਨੀ ਕਤਰਾਉਂਦੇ ਨਜ਼ਰ ਆਉਣਗੇ। ਇੱਕ ਵਿਦਿਆਰਥੀ ਜੋ ਕਰੋੜ ਦੇ ਕਰੀਬ ਪੈਸੇ ਖ਼ਰਚ ਕਰਕੇ ਡਾਕਟਰ ਬਣਿਆਂ ਹੈ ਉਹ ਕਿਸੇ ਨਾ ਕਿਸੇ ਤਰੀਕੇ ਆਪਣੇ ਮੋਟੇ ਖ਼ਰਚ ਕੀਤੇ ਪੈਸਿਆਂ ਨੂੰ ਜੋੜਨ ਦਾ ਕੰਮ ਕਰੇਗਾ। ਫੇਰ ਸਾਡੇ ਵਰਗੇ ਲੋਕ ਡਾਕਟਰਾਂ ਨੂੰ ਲੁਟੇਰੇ ਕਹਿਕੇ ਸੰਬੋਧਨ ਕਰਦੇ ਹਨ। 2018 ਵਿੱਚ ਚਾਰ ਲੱਖ ਫ਼ੀਸ ਤੋਂ ਸਿੱਧਾ ਨੌਂ ਲੱਖ ਫ਼ੀਸ ਕਰ ਦਿੱਤੀ ਗਈ ਜੇਕਰ ਹੋਸਟਲ ਦਾ ਖਰਚਾ ਲਈਏ ਤਾਂ ਇਹ ਖ਼ਰਚ ਪੰਦਰਾਂ ਲੱਖ ਦੇ ਕਰੀਬ ਪਹੁੰਚ ਜਾਂਦਾ ਹੈ। ਇਹਨਾਂ ਸਭ ਦੇ ਪਿੱਛੇ ਦਾ ਕਾਰਨ ਸੀਟਾਂ ਘੱਟ ਉਪਲਬਧ ਹੋਣਾ ਹੈ। ਇੱਕ ਅਧਿਐਨ ਦੌਰਾਨ ਪਤਾ ਲੱਗਾ ਹੈ ਕਿ ਪਿਛਲੇ ਦੱਸ ਸਾਲਾਂ ਦੇ ਮੁਕਾਬਲੇ 2023 ਵਿੱਚ ਕੋਟਾ ਵਿਖੇ ਕੋਚਿੰਗ ਲੈ ਰਹੇ ਬੱਚੇ 25 ਬੱਚਿਆਂ ਨੇ ਖੁਦਕੁਸ਼ੀ ਕਰ ਲਈ ਹੈ। ਜੋ ਕਿ ਬਾਕੀ ਸਾਲਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਹੈ। ਜਿਸਦਾ ਸਿੱਧਾ ਕਾਰਨ ਪੜ੍ਹਾਈ ਦਾ ਦਬਾਅ ਅਤੇ ਪੜ੍ਹਾਈ ਦੌਰਾਨ ਹੁੰਦਾ ਮੋਟਾ ਖ਼ਰਚਾ ਸਾਹਮਣੇ ਆਇਆ ਹੈ। ਇੱਕ ਹੋਰ ਧਿਐਨ ਤੋਂ ਪਤਾ ਲੱਗਦਾ ਹੈ ਕਿ 2021 'ਚ 13 ਹਜ਼ਾਰ ਵਿਦਿਆਰਥੀ ਖੁਦਕੁਸ਼ੀ ਸ਼ਿਕਾਰ ਹੋ ਗਏ ਸਨ। ਜਿਸਦਾ ਕਾਰਣ ਪੜ੍ਹਾਈ ਦਾ ਦਬਾਅ ਹੀ ਸੀ। ਜੇਕਰ ਸਰਕਾਰ ਨੇ ਰਾਜ ਦਾ ਲਖਸਿਸਟਮ ਸੁਧਾਰਨਾ ਹੈ ਤਾਂ ਡਾਕਟਰਾਂ ਦੀ ਭਰਤੀ ਕੀਤੀ ਜਾਵੇ ਉਹ ਵੀ ਚੰਗੀ ਤਨਖਾਹਾਂ ਦੇ ਕੇ ਤਾਂ ਜੋ ਡਾਕਟਰ ਆਪਣੇ ਕਰਜ਼ ਨੂੰ ਬਿਨਾਂ ਕਿਸੇ ਹੋਰ ਲਾਲਚ ਦੇ ਨਾਲ ਨਿਭਾ ਸਕਣ।

# ਕੀ ਆਰਟੀਫੀਸ਼ੀਅਲ ਇੰਟੈਲੀਜੈਂਸ ਮਨੁੱਖਾਂ ਨਾਲ ਬਰਾਬਰੀ ਹਾਸਲ ਕਰ ਸਕਦੀ ਹੈ?

(ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਵਿਕਾਸ ਨੇ ਵਿਗਿਆਨਕ ਗਤੀਵਿਧੀਆਂ ਦੇ ਹਰ ਖੇਤਰ ਵਿੱਚ ਤੇਜ਼ੀ ਨਾਲ ਘੁਸਪੈਠ ਕੀਤੀ ਹੈ)

ਹਰ ਸਾਲ, ਵੱਕਾਰੀ ਵਿਗਿਆਨਕ ਜਰਨਲ ਨੇਚਰ ਦਸ ਵਿਅਕਤੀਆਂ ਦੀ ਚੋਣ ਕਰਦਾ ਹੈ ਜਿਨ੍ਹਾਂ ਨੇ ਉਸ ਸਾਲ ਤੋਂ ਮਹੱਤਵਪੂਰਨ ਵਿਗਿਆਨਕ ਖੋਜਾਂ ਵਿੱਚ ਮਹੱਤਵਪੂਰਨ ਭੂਮਿਕਾਵਾਂ ਨਿਭਾਈਆਂ ਹਨ। ਵਿਗਿਆਨਕ ਜਰਨਲ ਉਨ੍ਹਾਂ ਦਸ ਲੋਕਾਂ ਦੀ ਸਾਲਾਨਾ ਸੂਚੀ ਤਿਆਰ ਕਰਦਾ ਹੈ ਜਿਨ੍ਹਾਂ ਦਾ ਉਹ ਮੰਨਦੇ ਹਨ ਕਿ ਵਿਗਿਆਨ 'ਤੇ ਵੱਡਾ ਪ੍ਰਭਾਵ ਪਿਆ ਹੈ, ਜਿਸ ਨੂੰ ਕੁਦਰਤ ਦਾ 10 ਕਿਹਾ ਜਾਂਦਾ ਹੈ। ਵਿਗਿਆਨ 'ਤੇ ਉਨ੍ਹਾਂ ਦੇ ਰੁਖ ਤੋਂ ਕੋਈ ਫਰਕ ਨਹੀਂ ਪੈਂਦਾ, ਇਨ੍ਹਾਂ ਨਾਮਜ਼ਦ ਵਿਅਕਤੀਆਂ ਨੇ ਇੱਕ ਸਥਾਈ ਪ੍ਰਭਾਵ ਬਣਾਇਆ ਹੈ। ਕੁਦਰਤ ਦੇ ਰਿਪੋਰਟਰ ਅਤੇ ਸੰਪਾਦਕ ਉਹਨਾਂ ਲੋਕਾਂ ਦਾ ਮੁਲਾਂਕਣ ਕਰਦੇ ਹਨ ਜਿਨ੍ਹਾਂ ਦੇ ਅਹੁਦਿਆਂ ਨੇ ਵਿਗਿਆਨ ਨੂੰ ਮਹੱਤਵਪੂਰਨ ਤੌਰ 'ਤੇ ਪ੍ਰਭਾਵਿਤ ਕੀਤਾ ਹੈ ਜਾਂ ਚੋਣ ਪ੍ਰਕਿਰਿਆ ਦੇ ਹਿੱਸੇ ਵਜੋਂ ਸੰਸਾਰ 'ਤੇ ਜਿਨ੍ਹਾਂ ਦਾ ਪ੍ਰਭਾਵ ਮਹੱਤਵਪੂਰਨ ਹੈ। ਸੂਚੀ ਵਿੱਚ ਸਾਲ ਦੀਆਂ ਕੁਝ ਸਭ ਤੋਂ ਮਹੱਤਵਪੂਰਨ ਖੋਜਾਂ ਅਤੇ ਘਟਨਾਵਾਂ ਲਈ ਜ਼ਿੰਮੇਵਾਰ ਲੋਕਾਂ ਦੀਆਂ ਛੋਟੀਆਂ ਜੀਵਨੀਆਂ ਸ਼ਾਮਲ ਹਨ। ਸੰਕਲਨ ਵਿੱਚ ਆਉਣ ਵਾਲੇ ਸਾਲ ਲਈ "ਵੇਖਣ ਵਾਲੇ" ਨਾਮ ਦੇ ਪੰਜ ਲੋਕ ਵੀ ਸ਼ਾਮਲ ਕੀਤੇ ਗਏ ਹਨ। ਇਸ ਸਾਲ ਦੀ ਸੂਚੀ, ਜੋ ਕਿ 13 ਦਸੰਬਰ ਨੂੰ ਪ੍ਰਕਾਸ਼ਿਤ ਕੀਤੀ ਗਈ ਸੀ, ਨੇ ਹਰ ਭਾਰਤੀ ਨੂੰ ਮਾਣ ਮਹਿਸੂਸ ਕੀਤਾ ਕਿਉਂਕਿ ਇਸ ਵਿੱਚ ਸਾਡੀ ਕਲਪਨਾ ਕਲਾਹਸਤੀ ਨੂੰ ਦਰਸਾਇਆ ਗਿਆ ਸੀ, ਜਿਸ ਨੇ ਚੰਦਰਯਾਨ-3 ਦੇ ਚੰਦਰਮਾ 'ਤੇ ਜਿੱਤ ਨੂੰ ਯਕੀਨੀ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਪਰ ਇਸ ਸਾਲ ਦੇ ਕੁਦਰਤ ਦੇ 10 ਮਨੁੱਖੀ ਇਤਿਹਾਸ ਦੇ ਇਤਿਹਾਸ ਵਿੱਚ ਲਿਖੇ ਜਾਣਗੇ, ਜਿਵੇਂ ਕਿ ਪਹਿਲੀ ਵਾਰ, ਇਸ ਵਿੱਚ ਇੱਕ ਗੈਰ-ਮਨੁੱਖੀ ਹਸਤੀ ਨੂੰ ਪ੍ਰਦਰਸ਼ਿਤ ਕੀਤਾ ਗਿਆ ਸੀ। ਏਆਈ-ਅਧਾਰਤ ਚੈਟਜੀਪੀਟੀ ਨੇ ਮਨੁੱਖੀ ਵਿਗਿਆਨਕ ਹਮਰੁਤਬਾ ਦੇ ਨਾਲ ਸੂਚੀ ਵਿੱਚ ਇੱਕ ਸਥਾਨ ਪਾਇਆ ਹੈ। 2023 ਵਿੱਚ ਵਿਗਿਆਨ ਨੂੰ ਪ੍ਰਭਾਵਿਤ ਕਰਨ ਵਾਲੇ ਵਿਅਕਤੀਆਂ ਦੇ ਸੰਗ੍ਰਹਿ ਵਿੱਚ ਇੱਕ ਕੰਪਿਊਟਰ ਪ੍ਰੋਗਰਾਮ ਨੂੰ ਕਿਉਂ ਸ਼ਾਮਲ ਕੀਤਾ ਜਾਵੇ? ਚੈਟਜੀਪੀਟੀ ਇੱਕ ਮਨੁੱਖ ਨਹੀਂ ਹੈ, ਪਰ ਕਈ ਪਹਿਲੂਆਂ ਵਿੱਚ, ਇਸ ਸੌਫਟਵੇਅਰ ਨੇ ਪਿਛਲੇ ਸਾਲ ਦੌਰਾਨ ਵਿਗਿਆਨ ਦੇ ਖੇਤਰ ਨੂੰ ਮਹੱਤਵਪੂਰਨ ਅਤੇ ਵਿਆਪਕ ਤੌਰ 'ਤੇ ਪ੍ਰਭਾਵਿਤ ਕੀਤਾ ਹੈ।

ਚੈਟਜੀਪੀਟੀ, ਓਪਨਏਆਈ ਦੁਆਰਾ ਬਣਾਇਆ ਗਿਆ ਇੱਕ ਚੈਟਬੋਟ, 30 ਨਵੰਬਰ, 2022 ਨੂੰ ਜਾਰੀ ਕੀਤਾ ਗਿਆ ਸੀ। ਏਆਈ-ਅਧਾਰਿਤ ਬੋਟ ਚੈਟਜੀਪੀਟੀ ਨੇ 2022 ਤੋਂ ਵਿਗਿਆਨਕ ਭਾਈਚਾਰੇ ਦੇ ਨਾਲ-ਨਾਲ ਲੋਕਾਂ ਵਿੱਚ ਵਿਆਪਕ ਪ੍ਰਵਾਨਗੀ ਪ੍ਰਾਪਤ ਕੀਤੀ ਹੈ। ਲਾਂਚ ਦੇ ਸਿਰਫ਼ ਪੰਜ ਦਿਨਾਂ ਵਿੱਚ, ਚੈਟਜੀਪੀਟੀ ਨੂੰ ਪਾਰ ਕਰ ਗਿਆ ਹੈ। 1 ਮਿਲੀਅਨ ਉਪਭੋਗਤਾ। ਜਨਵਰੀ 2023 ਤੱਕ (ਇਸਦੀ ਸ਼ੁਰੂਆਤ ਤੋਂ ਦੋ ਮਹੀਨੇ ਬਾਅਦ), ਚੈਟਜੀਪੀਟੀ ਉਪਭੋਗਤਾਵਾਂ ਵਿੱਚ 9900% ਦਾ ਵਾਧਾ ਹੋਇਆ — ਭਾਵ ਇਸਨੇ 100 ਮਿਲੀਅਨ ਸਰਗਰਮ ਉਪਭੋਗਤਾ ਪ੍ਰਾਪਤ ਕੀਤੇ। ਤਾਜ਼ਾ ਉਪਲਬਧ ਅੰਕੜਿਆਂ ਦੇ ਅਨੁਸਾਰ, ਚੈਟਜੀਪੀਟੀ ਦੇ ਲਗਭਗ 180.5 ਮਿਲੀਅਨ ਉਪਭੋਗਤਾ ਹਨ। ਆਪਣੀ ਸ਼ੁਰੂ-ਆਤ ਦੇ ਥੋੜ੍ਹੇ ਸਮੇਂ ਦੇ ਅੰਦਰ, ਚੈਟਜੀਪੀਟੀ ਨੇ ਖੋਜ ਭਾਈਚਾਰੇ ਵਿੱਚ ਡੂੰਘੀ ਸਵੀਕ੍ਰਿਤੀ ਪ੍ਰਾਪਤ ਕੀਤੀ ਹੈ। ਇਹ ਵੱਖ-ਵੱਖ ਡੋਮੇਨਾਂ ਵਿੱਚ ਵਿਗਿਆਨਕ ਖੋਜ ਵਿੱਚ ਇੱਕ ਕੀਮਤੀ ਸਾਧਨ ਵਜੋਂ ਕੰਮ ਕਰਦਾ ਹੈ।

ਚੈਟਜੀਪੀਟੀ ਵਿਗਿਆਨਕ ਰਸਾਲਿਆਂ ਅਤੇ ਲੇਖਾਂ ਦੀ ਇੱਕ ਵਿਆਪਕ ਲੜੀ ਤੋਂ ਮਹੱਤਵਪੂਰਨ ਵੇਰਵਿਆਂ ਨੂੰ ਸੰਖੇਪ ਰੂਪ ਵਿੱਚ ਸੰਖੇਪ ਅਤੇ ਐਕਸਟਰੈਕਟ ਕਰਕੇ ਸਾਹਿਤ ਸਮੀਖਿਆਵਾਂ ਕਰਨ ਵਿੱਚ ਖੋਜਕਰਤਾਵਾਂ ਦੀ ਮਦਦ ਕਰ ਸਕਦਾ ਹੈ। ਇਹ ਮੌਜੂਦਾ ਖੋਜ ਦੇ ਸੰਖੇਪ ਸਾਰ ਪੇਸ਼ ਕਰਦਾ ਹੈ, ਖੋਜਕਰਤਾਵਾਂ ਨੂੰ ਸਾਹਿਤ ਵਿੱਚ ਕਮੀਆਂ ਦੀ ਪਛਾਣ ਕਰਨ ਜਾਂ ਢੁਕਵੇਂ ਅਧਿਐਨਾਂ ਦਾ ਪਤਾ ਲਗਾਉਣ ਵਿੱਚ ਸਹਾਇਤਾ ਕਰਦਾ ਹੈ। ਚੈਟਜੀਪੀਟੀ ਖੋਜਕਰਤਾਵਾਂ ਨੂੰ ਦਿੱਤੇ ਗਏ ਡੇਟਾਸੈਟਾਂ ਦੀ ਵਰਤੋਂ ਕਰਕੇ ਸੂਝ, ਅਨੁਮਾਨ, ਜਾਂ ਸਪੱਸ਼ਟੀਕਰਨ ਪ੍ਰਦਾਨ ਕਰਕੇ ਡੇਟਾ ਵਿਸ਼ਲੇਸ਼ਣ ਵਿੱਚ ਸਹਾਇਤਾ ਕਰ ਸਕਦਾ ਹੈ। ਇਹ ਗੁੰਝਲਦਾਰ ਖੋਜਾਂ ਦੀ ਵਿਆਖਿਆ ਕਰਨ, ਪੂਰਕ ਦ੍ਰਿਸ਼ਟੀਕੋਣ ਪ੍ਰਦਾਨ ਕਰਨ ਜਾਂ ਡੇਟਾ ਦੇ ਅੰਦਰ ਸੰਭਾਵਿਤ ਲਿੰਕਾਂ ਨੂੰ ਦਰਸਾਉਣ ਵਿੱਚ ਸਹਾਇਤਾ ਕਰ ਸਕਦਾ ਹੈ। ਚੈਟਜੀਪੀਟੀ ਨੂੰ ਖੋਜਕਰਤਾਵਾਂ ਦੁਆਰਾ ਅਕਸਰ ਇੱਕ ਲਿਖਤੀ ਸਹਾਇਤਾ ਵਜੋਂ ਵਰਤਿਆ ਜਾਂਦਾ ਹੈ, ਅਕਸਰ ਖੋਜ ਪੱਤਰਾਂ, ਪ੍ਰਸਤਾਵਾਂ, ਜਾਂ ਰਿਪੋਰਟਾਂ ਦੇ ਭਾਗਾਂ ਦਾ ਖਰੜਾ ਤਿਆਰ ਕਰਨ ਲਈ। ਸਮਗਰੀ ਦੀ ਉਤਪੱਤੀ ਜੋ ਇਕਸਾਰ ਅਤੇ ਚੰਗੀ ਤਰ੍ਹਾਂ ਸੰਗਠਿਤ ਹੈ ਇਸ ਦੁਆਰਾ ਸਹੂਲਤ ਦਿੱਤੀ ਜਾ ਸਕਦੀ ਹੈ। ਚੈਟਜੀਪੀਟੀ ਦਾ ਮੂਲ ਉਦੇਸ਼ ਵਿਚਾਰ-ਵਟਾਂਦਰੇ ਨੂੰ ਵਾਜਬ ਅਤੇ ਮਜਬੂਰੀ ਨਾਲ ਬਣਾਈ ਰੱਖਣਾ ਹੈ ਜੋ ਇਸਦੇ ਸਿਖਲਾਈ ਡੇਟਾ ਦੇ ਅਨੁਕੂਲ ਹਨ। ਫਿਰ ਵੀ, ਇਸ ਉਦੇਸ਼ ਨੂੰ ਪ੍ਰਾਪਤ ਕਰਨ ਦੀ ਪ੍ਰਕਿਰਿਆ ਵਿੱਚ, ਇਹ, ਹੋਰ ਜਨਰੇਟਿਵ ਆਰਟੀਫੀਸ਼ੀਅਲ ਇੰਟੈਲੀਜੈਂਸ ਪ੍ਰੋਗਰਾਮਾਂ ਦੇ ਨਾਲ, ਵਿਗਿਆਨਕ ਯਤਨਾਂ ਦੇ ਲੈਂਡਸਕੇਪ ਨੂੰ ਬਦਲ ਰਿਹਾ ਹੈ। ਇਸ ਤਬਦੀਲੀ ਦੇ ਆਗਮਨ ਨੇ ਦੀਆਂ ਸੀਮਾਵਾਂ ਬਾਰੇ ਗੱਲਬਾਤ ਨੂੰ ਮੁੜ ਜਗਾਇਆ ਹੈਨ।

ਆਰਟੀਫੀਸ਼ੀਅਲ ਇੰਟੈਲੀਜੈਂਸ, ਮਨੁੱਖੀ ਬੁੱਧੀ ਦੀ ਬੁਨਿਆਦੀ ਪ੍ਰਕਿਰਤੀ, ਅਤੇ ਦੋਵਾਂ ਵਿਚਕਾਰ ਆਪਸੀ ਤਾਲਮੇਲ ਨੂੰ ਨਿਯਮਤ ਕਰਨ ਦੇ ਸਭ ਤੋਂ ਪ੍ਰਭਾਵਸ਼ਾਲੀ ਤਰੀਕੇ। ਕੁਦਰਤ ਦੇ 10 ਦੇ ਇਸ ਸਾਲ ਦੇ ਐਡੀਸ਼ਨ ਵਿੱਚ ਸ਼ਾਮਲ ਕਰਨ ਲਈ ਇੱਕ ਗੈਰ-ਮਨੁੱਖੀ ਹਸਤੀ ਨੂੰ ਚੁਣਿਆ ਗਿਆ ਸੀ, ਇਸ ਦਾ ਇੱਕ ਕਾਰਨ ਇਹ ਹੈ। ਕੁਦਰਤ ਦੀ ਸੂਚੀ ਵੀ ਅਜਿਹੀਆਂ ਏਆਈ-ਅਧਾਰਿਤ ਤਕਨੀਕਾਂ ਦੇ ਨਿਰਮਾਤਾਵਾਂ ਨੂੰ ਮਾਨਤਾ ਦਿੰਦੀ ਹੈ। ਚੈਟਜੀਪੀਟੀ ਬਣਾਉਣ ਵਾਲੀ ਸੰਸਥਾ ਓਪਨਏਆਈ ਦੇ ਮੁੱਖ ਵਿਗਿਆਨੀ ਅਤੇ ਸਹਿ-ਸੰਸਥਾਪਕ ਇਲਿਆ ਸੁਤਸਕੇਵਰ ਨੇ ਵੀ ਨੇਚਰ ਦੇ 10 ਵਿੱਚ ਇੱਕ ਸਥਾਨ ਪਾਇਆ ਹੈ।

**– ਵਿਜੈ ਗਰਗ**

# ਦੰਦ ਵਿਹੂਣਾ ਸ਼ੇਰ ਯੂ.ਐਨ.ਓ.



ਗੁਰਮੀਤ ਪਲਾਹੀ
91-98158-02070

ਰੂਸ-ਯੂਕਰੇਨ ਅਤੇ ਇਜ਼ਰਾਈਲ-ਫਲਸਤੀਨ ਜੰਗ ਵਿੱਚ ਹੁਣ ਤੱਕ ਹਜ਼ਾਰਾਂ ਬੇਗੁਨਾਹ ਲੋਕ ਮਾਰੇ ਜਾ ਚੁੱਕੇ ਹਨ, ਪਰ ਜੰਗ ਰੋਕਣ ਲਈ ਅਤੇ ਸ਼ਾਂਤੀ ਬਹਾਲ ਕਰਨ ਲਈ ਯੂ।ਐਨ।ਓ। ਦੀ ਕੋਈ ਭੂਮਿਕਾ ਨਜ਼ਰ ਨਹੀਂ ਆ ਰਹੀ।

ਸੰਯੁਕਤ ਰਾਸ਼ਟਰ ਚਾਰਟਰ ਦੀ ਧਾਰਾ-ਇੱਕ ਵਿੱਚ ਕਿਹਾ ਗਿਆ ਹੈ ਕਿ ਇਸ ਵਿਸ਼ਵੀ ਸੰਗਠਨ ਦਾ ਮੁੱਖ ਕੰਮ ਦੁਨੀਆ ਵਿੱਚ ਸ਼ਾਂਤੀ ਸਥਾਪਿਤ ਕਰਨਾ ਹੈ। ਜੇਕਰ ਕਦੀ ਦੋ ਦੇਸ਼ਾਂ ਵਿਚਕਾਰ ਕੋਈ ਝਗੜਾ ਜਾਵੇ, ਤਾਂ ਅੰਤਰਰਾਸ਼ਟਰੀ ਕਾਨੂੰਨ ਦੀ ਸਹਾਇਤਾ ਨਾਲ ਉਸ ਨੂੰ ਸ਼ਾਂਤੀਪੂਰਵਕ ਹੱਲ ਕਰਨ ਲਈ ਯੂ।ਐਨ।ਓ। ਪ੍ਰਤੀਬੱਧ ਹੈ।

ਯੂ।ਐਨ।ਓ। ਦੇ ਮੌਜੂਦਾ ਹਾਲਾਤਾਂ ਨੂੰ ਵੇਖਦਿਆਂ ਪਿਛਲੇ ਦਿਨੀਂ ਮਲੇਸ਼ੀਆ ਦੇ ਸਾਬਕਾ ਪ੍ਰਧਾਨ ਮੰਤਰੀ ਮਹਾਤਿਰ ਮੁਹੰਮਦ ਨੇ ਤਾਂ ਇਜ਼ਰਾਈਲ-ਫਲਸਤੀਨ ਜੰਗ ਲਈ ਯੂ.ਐਨ.ਓ. ਨੂੰ ਹੀ ਜ਼ੁੰਮੇਵਾਰ ਠਹਿਰਾ ਦਿੱਤਾ ਹੈ। ਉਸ ਤੋਂ ਪਹਿਲਾਂ ਯੂ.ਐਨ.ਓ. ਦੀ ਭੂਮਿਕਾ ਉਤੇ ਸਵਾਲ ਉਠਾਉਂਦਿਆਂ ਯੂਕਰੇਨ ਦੇ ਰਾਸ਼ਟਰਪਤੀ ਜੇਲੈਂਸਕੀ ਨੇ ਤਾਂ ਯੂ।ਐਨ।ਓ। ਬਾਰੇ ਕਿਹਾ ਕਿ ਇਸ ਸੰਸਥਾ ਦਾ ਹੁਣ ਦੁਨੀਆ ਦੇ ਦੇਸ਼ਾਂ 'ਤੇ ਕੋਈ ਪ੍ਰਭਾਵ ਹੀ ਨਹੀਂ ਰਿਹਾ। ਉਹਨਾ ਨੇ ਤਾਂ ਯੂ।ਐਨ।ਓ। 'ਚ ਬੈਠੇ ਲੋਕਾਂ ਨੂੰ ਝੂਠੇ ਕਿਹਾ, ਜਿਹੜੇ ਕਈ ਦੇਸ਼ਾਂ ਦੇ ਗਲਤ ਕੰਮਾਂ ਨੂੰ ਵੀ ਜਾਇਜ਼ ਠਹਿਰਾਉਂਦੇ ਹਨ।

ਯਾਦ ਰਹੇ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਪ੍ਰੀਸ਼ਦ ਵਿੱਚ ਅਮਰੀਕਾ, ਚੀਨ, ਰੂਸ, ਫਰਾਂਸ ਅਤੇ ਬਰਤਾਨੀਆ ਸਥਾਈ ਮੈਂਬਰ ਹਨ, ਜਿਹਨਾ ਕੋਲ ਵੀਟੋ ਸ਼ਕਤੀ ਹੈ ਅਤੇ ਇਸਦੇ ਰਾਹੀਂ ਉਹ ਕਿਸੇ ਵੀ ਮਾਮਲੇ ਨੂੰ ਰੋਕ ਸਕਦੇ ਹਨ।

ਦੂਜੇ ਵਿਸ਼ਵ ਯੁੱਧ ਦੇ ਬਾਅਦ 1945 ਵਿੱਚ ਵਿਸ਼ਵ ਸ਼ਾਂਤੀ ਸਥਾਪਿਤ ਕਰਨ ਅਤੇ ਅੱਗੋਂ ਵੀ ਬਣਾਈ ਰੱਖਣ ਲਈ ਯੂ.ਐਨ.ਓ. (ਸੰਯੁਕਤ ਰਾਸ਼ਟਰ ਸੰਘ) ਦੀ ਸਥਾਪਨਾ ਹੋਈ ਸੀ। ਮੁੱਢ 'ਚ ਇਸਦੇ 50 ਮੈਂਬਰ ਸਨ ਪਰ ਹੁਣ ਇਹਨਾ ਮੈਂਬਰਾਂ ਦੀ ਗਿਣਤੀ 193 ਪੁੱਜ ਚੁੱਕੀ ਹੈ, ਇਥੇ ਇਹ ਦੱਸਣਾ ਬਣਦਾ ਹੈ ਕਿ ਯੂ.ਐਨ.ਓ. ਇੱਕ ਅੰਤਰ-ਸਰਕਾਰੀ ਸੰਗਠਨ ਹੈ। ਇਸ ਕੋਲ ਆਪਣੀ ਕੋਈ ਫੌਜ ਨਹੀਂ ਹੈ, ਪਰ ਸੁਰੱਖਿਆ ਪ੍ਰੀਸ਼ਦ ਦੇ ਮੈਂਬਰ ਦੇਸ਼ਾਂ ਦੀਆਂ ਫੌਜਾਂ ਨੂੰ ਵਿਸ਼ਵ ਸ਼ਾਂਤੀ ਲਈ ਦੂਜੇ ਦੇਸ਼ਾਂ ਵਿੱਚ ਤਾਇਨਾਤ ਕਰਨ ਦਾ ਇਸ ਕੋਲ ਹੱਕ ਹੈ।

ਯੂ.ਐਨ.ਓ. ਦੀ ਸਥਾਪਨਾ ਨੂੰ 78 ਸਾਲ ਹੋ ਚੁੱਕੇ ਹਨ। ਇਸ ਸਮੇਂ ਦੌਰਾਨ ਦੁਨੀਆ ਨੇ ਕਈ ਭਿਅੰਕਰ ਜੰਗਾਂ ਵੇਖੀਆਂ ਹਨ, ਲੇਕਿਨ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਪ੍ਰੀਸ਼ਦ ਇਹਨਾ ਜੰਗਾਂ ਅਤੇ ਇਹਨਾ ਵਿੱਚ ਹੋਏ ਲੱਖਾਂ ਲੋਕਾਂ ਦੀ ਮੌਤ ਨੂੰ ਨਹੀਂ ਰੋਕ ਸਕੀ। ਇਸ ਸੰਗਠਨ ਦੀ ਸ਼ੁਰੂਆਤ ਤੋਂ 10 ਵਰ੍ਹੇ ਬਾਅਦ ਹੀ ਅਮਰੀਕਾ ਅਤੇ ਵੀਅਤਨਾਮ ਦੀ ਜੰਗ ਹੋਈ ਜਿਹੜੀ ਲਗਭਗ ਇੱਕ ਦਹਾਕਾ ਚੱਲੀ। ਇਸ ਵਿੱਚ ਵੀਅਤਨਾਮ ਦੇ ਲਗਭਗ 20 ਲੱਖ ਲੋਕ ਅਤੇ ਅਮਰੀਕਾ ਦੇ 95000 ਸੈਨਿਕ ਮਾਰੇ ਗਏ ਜਦਕਿ 30 ਲੱਖ ਤੋਂ ਜਿਆਦਾ ਲੋਕ ਜ਼ਖ਼ਮੀ ਹੋਏ। ਪਰ ਸੰਯੁਕਤ ਰਾਸ਼ਟਰ ਉਸ ਨੂੰ ਰੋਕਣ ਲਈ ਕੁਝ ਵੀ ਨਹੀਂ ਸੀ ਕਰ ਸਕਿਆ।

ਸਾਲ 1980 ਵਿੱਚ ਇਰਾਨ ਇਰਾਕ ਦੀ ਜੰਗ ਹੋਈ, ਇਹ ਭਿਅੰਕਰ ਜੰਗ 8 ਸਾਲ ਚੱਲੀ। ਇਰਾਨ ਨੇ ਇਸ ਵਿੱਚ ਰਸਾਇਣਕ ਬੰਬ ਦੀ ਵਰਤੋਂ ਕੀਤੀ ਅਤੇ ਜੰਗ ਵਿੱਚ ਦੋਵਾਂ ਦੇਸ਼ਾਂ ਦੇ 10 ਲੱਖ ਲੋਕ ਮਾਰੇ ਗਏ ਸਨ ਪਰ ਇਸ ਜੰਗ ਨੂੰ ਰੋਕਣ ਲਈ ਵੀ ਯੂ.ਐਨ.ਓ. ਬੇਵਸ ਰਹੀ। 1994 ਵਿੱਚ ਅਫਰੀਕੀ ਦੇਸ਼ ਰਵਾਂਡਾ ਵਿੱਚ ਬਹੁ ਸੰਖਿਅਕ ਹੁਤੂ ਸੁਮਦਾਏ ਨੇ ਘੱਟ ਗਿਣਤੀ ਤੂਸੀ ਸੁਮਦਾਏ ਤੇ ਹਮਲਾ ਕੀਤਾ। ਇਹ ਜਾਤੀ ਸੰਘਰਸ਼ 100 ਦਿਨ ਚਲਿਆ। ਇਸ ਜਾਤੀ ਸੰਘਰਸ਼ 'ਚ 10 ਲੱਖ ਲੋਕਾਂ ਦੀ ਮੌਤ ਹੋ ਗਈ। ਯੂ.ਐਨ.ਓ. ਇਸ ਨੂੰ ਰੋਕਣ 'ਚ ਅਸਫਲ ਰਿਹਾ। 1992 ਵਿੱਚ ਯੂਗੋਸਲਾਵੀਆ ਦੀ ਵੰਡ ਦੇ ਬਾਅਦ ਸਰਵ ਸੁਮਦਾਏ ਅਤੇ ਮੁਸਲਿਮ ਸੁਮਦਾਏ ਵਿਚਕਾਰ ਨਵੇਂ ਰਾਸ਼ਟਰ ਨੂੰ ਲੈ ਕੇ ਝਗੜਾ ਸ਼ੁਰੂ ਹੋਇਆ। ਇਸ ਵਿਵਾਦ ਵਿੱਚ ਬਚੋਲੀਏ ਦੀ ਭੂਮਿਕਾ ਨਿਭਾਉਣ 'ਚ ਸੰਯੁਕਤ ਰਾਸ਼ਟਰ ਕਾਮਯਾਬ ਨਾ ਹੋਇਆ ਸਿੱਟੇ ਵਜੋਂ ਸਰਵ ਸੈਨਾ ਨੇ 8000 ਮੁਸਲਮਾਨਾਂ ਨੂੰ ਮਾਰ ਮੁਕਾਇਆ। ਬੋਸਤਨੀਆ ਦੀ ਇਸ ਘਰੇਲੂ ਜੰਗ ਨੂੰ ਰੋਕਣ ਅਤੇ ਸਥਿਤੀ ਕਾਬੂ ਕਰਨ ਲਈ ਆਖ਼ਿਰਕਾਰ ਨਾਟੋ ਦੇਸ਼ਾਂ ਨੂੰ ਹੀ ਆਪਣੀ ਫੌਜ ਉਤਾਰਨੀ ਪਈ।



1947 'ਚ ਭਾਰਤ ਦੇਸ਼ ਦੀ ਵੰਡ ਵੇਲੇ ਪੰਜਾਬ ਅਤੇ ਬੰਗਾਲ 'ਚ ਜੋ ਕੁਝ ਵਾਪਰਿਆ। ਲੱਖਾਂ ਲੋਕ ਮਾਰ ਦਿੱਤੇ ਗਏ, ਇਸ "ਫਿਰਕੂ ਜੰਗ" ਨੇ ਭਿਅੰਕਰ ਤਬਾਹੀ ਇਸ ਖਿੱਤੇ 'ਚ ਮਚਾਈ। ਉਸ ਵੇਲੇ ਯੂ.ਐਨ.ਓ. ਦੀ ਭੂਮਿਕਾ ਕੀ ਸੀ?

ਸੰਯੁਕਤ ਰਾਸ਼ਟਰ ਆਪਣੇ ਮੈਂਬਰ ਦੇਸ਼ਾਂ ਤੋਂ ਹਰ ਸਾਲ ਕਰੋੜਾਂ ਰੁਪਏ ਦਾ ਚੰਦਾ ਲੈਂਦਾ ਹੈ, ਇਸਦਾ ਸਲਾਨਾ ਬਜ਼ਟ 2321 ਕਰੋੜ ਰੁਪਏ ਦਾ ਹੈ, ਪਰ ਇਹ ਦੁਨੀਆ ਭਰ 'ਚ ਵਾਪਰੀਆਂ ਜੰਗਾਂ ਜਾਂ ਗ੍ਰਹਿ ਯੁੱਧਾਂ 'ਚ ਕੁਝ ਵੀ ਨਹੀਂ ਕਰ ਸਕਿਆ।

2023 ਦੇ ਅੰਕੜੇ ਵੇਖੋ ਕੁਲ 137 ਮੈਂਬਰ ਦੇਸ਼ਾਂ ਨੇ ਯੂ।ਐਨ।ਓ। ਨੂੰ ਚੰਦਾ ਦਿੱਤਾ ਅਤੇ ਸਭ ਤੋਂ ਵੱਧ ਚੰਦਾ ਅਮਰੀਕਾ ਤੋਂ ਇਸਨੂੰ ਮਿਲਿਆ। ਭਾਰਤ ਨੇ ਵੀ ਲਗਭਗ 24 ਕਰੋੜ ਰੁਪਏ ਦਾ ਯੋਗਦਾਨ ਦਿੱਤਾ, ਜੋ ਸੰਯੁਕਤ ਰਾਸ਼ਟਰ ਦੇ ਕੁਲ ਬਜਟ ਦੇ ਇੱਕ ਫ਼ੀਸਦੀ ਤੋਂ ਜ਼ਿਆਦਾ ਹੈ।

ਐਡੇ ਭਾਰੀ ਭਰਕਮ ਬਜ਼ਟ ਵਾਲੀ ਇਹ ਸੰਸਥਾ ਦੇ ਕੰਮ ਕਾਜ 'ਤੇ ਸਵਾਲ ਉਠ ਰਹੇ ਹਨ। ਇਸ ਸੰਸਥਾ ਨੂੰ ਚਿੱਟਾ ਹਾਥੀ ਜਾਂ ਬਿਨ੍ਹਾਂ ਜਵਾੜਿਆਂ ਤੋਂ ਸ਼ੇਰ ਦਾ ਖਿਤਾਬ ਮਿਲ ਰਿਹਾ ਹੈ। ਬਰਤਾਨੀਆ ਦੇ ਟਿਪਣੀਕਾਰ ਨੀਲ ਗਾਰਡਨਰ ਅਨੁਸਾਰ ਸੰਯੁਕਤ ਰਾਸ਼ਟਰ ਇਹੋ ਜਿਹੀ ਦਿਸ਼ਾਹੀਨ ਸੰਸਥਾ ਬਣ ਚੁੱਕੀ ਹੈ। ਜੋ 21 ਵੀ ਸਦੀ ਦੇ ਹਿਸਾਬ ਨਾਲ ਕੰਮ ਨਹੀਂ ਕਰ ਰਹੀ ਅਤੇ ਇਹ ਲਗਾਤਾਰ ਨਾਕਾਮ ਹੋ ਰਹੀ ਹੈ। ਉਸ ਅਨੁਸਾਰ ਇਸ ਦੀ ਅਸਫਲਤਾ ਦਾ ਮੁੱਖ ਕਾਰਨ ਕਮਜ਼ੋਰ ਲੀਡਰਸ਼ਿਪ ਹੈ, ਜੋ ਸਹੀ ਸਮੇਂ 'ਤੇ ਸਹੀ ਫੈਸਲਾ ਨਹੀਂ ਲੈ ਸਕਦੀ। ਖਰਾਬ ਪ੍ਰਬੰਧਨ ਦੇ ਕਾਰਨ ਹੀ ਯੂ.ਐਨ.ਓ. ਉਤੇ ਨਿਰੰਤਰ ਸਵਾਲ ਉੱਠ ਰਹੇ ਹਨ ਅਤੇ ਜੇਕਰ ਆਉਣ ਵਾਲੇ ਸਮੇਂ ਵਿੱਚ ਇਸਦਾ ਕੰਮ ਕਰਨ ਦਾ ਤਰੀਕਾ ਨਹੀਂ ਬਦਲੇਗਾ, ਤਾਂ ਇਹ ਵਿਸ਼ਵ ਪੱਧਰੀ ਸੰਸਥਾ ਪੂਰੀ ਤਰ੍ਹਾਂ ਅਪ੍ਰਸੰਗਿਕ ਹੋ ਜਾਏਗੀ।

ਵਿਸ਼ਵ 'ਚ ਕਰੋਨਾ ਫੈਲਿਆ। ਯੂ.ਐਨ.ਓ. ਦੀ ਭੂਮਿਕਾ ਕਿੱਡੀ ਕੁ ਰਹੀ? ਮਹਾਂਮਾਰੀ ਦੇ ਇਸ ਦੌਰ 'ਤੇ ਧੰਨ ਕੁਬੇਰਾਂ ਵੱਡਾ ਧਨ ਟੀਕਾਕਾਰਨ ਦੇ ਨਾਅ ਉਤੇ ਕਮਾਇਆ, ਉਸ ਵੇਲੇ ਯੂ.ਐਨ.ਓ. ਦੀ ਭੂਮਿਕਾ ਬੱਸ "ਚੁੱਪ ਸਾਧਣ" ਵਾਲੀ ਸੀ।

ਮਨੁੱਖੀ ਅਧਿਕਾਰਾਂ, ਗਰੀਬੀ, ਭੁੱਖਮਰੀ ਆਦਿ ਦੇ ਮਾਮਲੇ 'ਤੇ ਯੂ।ਐਨ।ਓ।, ਬਾਵਜੂਦ ਬਹੁਤ ਯਤਨਾਂ ਦੇ ਕੋਈ ਸਾਰਥਿਕ ਭੂਮਿਕਾ ਨਹੀਂ ਨਿਭਾ ਸਕੀ। ਗਰੀਬੀ ਦਾ ਪੱਧਰ ਵਿਸ਼ਵ ਭਰ 'ਚ ਵੱਧ ਰਿਹਾ ਹੈ। ਭੁੱਖਮਰੀ 'ਚ ਕੋਈ ਰੁਕਾਵਟ ਨਹੀਂ। ਮਨੁੱਖੀ ਅਧਿਕਾਰਾਂ ਦੇ ਹਨਨ ਦੇ ਮਾਮਲੇ ਇੰਨੇ ਕੁ ਵਾਪਰ ਰਹੇ ਹਨ ਕਿ ਇਹਨਾ ਦਾ ਵਿਖਿਆਨ ਨਹੀਂ ਹੋ ਸਕਦਾ ਖਾਸ ਕਰਕੇ ਔਰਤਾਂ ਨਾਲ ਦੁਰਵਿਵਹਾਰ ਅੰਤਾਂ ਦਾ ਹੈ। ਸਾਫ-ਸੁਥਰਾ, ਲੋਕ ਹਿਤੈਸ਼ੀ ਲਿਖਣ ਵਾਲੇ ਪੱਤਰਕਾਰਾਂ ਉਤੇ ਹਮਲੇ ਵਧ ਰਹੇ ਹਨ ਤਾਂ ਫਿਰ ਯੂ.ਐਨ.ਓ. ਦਾ ਰੋਲ ਕਿਥੇ ਹੈ? ਦੁਨੀਆ 'ਚ ਵਾਤਾਵਰਨ ਦੂਸ਼ਿਤ ਹੋ ਰਿਹਾ ਹੈ। ਉਸ 'ਚ ਵੱਡਾ ਰੋਲ ਵੱਡੇ ਵਿਕਸਤ ਦੇਸ਼ਾਂ ਦਾ ਹੈ। ਗਰੀਬ ਦੇਸ਼ ਇਸਦੀ ਭੇਟ ਚੜ੍ਹ ਰਹੇ ਹਨ।

700 ਮਿਲੀਅਨ (70 ਕਰੋੜ) ਲੋਕ ਦੁਨੀਆ ਭਰ ਵਿੱਚ ਔਸਤਨ 2.15 ਡਾਲਰ (175 ਰੁਪਏ) ਪ੍ਰਤੀ ਦਿਨ ਦੀ ਆਮਦਨ ਉਤੇ ਜੀਅ ਰਹੇ ਹਨ। ਯੂ.ਐਨ.ਓ. ਦੇ ਗਰੀਬੀ ਖਤਮ ਕਰਨ ਦੇ ਯਤਨਾਂ ਦੇ ਬਾਵਜੂਦ ਵੀ ਨਾ ਗਰੀਬੀ ਹਟੀ, ਨਾ ਭੁੱਖਮਰੀ, ਬੇਰੁਜ਼ਗਾਰੀ ਦਾ ਤਾਂ ਕੋਈ ਹੱਲ ਹੀ ਨਹੀਂ ਲੱਭਿਆ ਜਾ ਸਕਿਆ। ਗਰੀਬ-ਅਮੀਰ ਤੇ ਦੌਲਤ ਦੀ ਵੰਡ ਦਾ ਮਾਮਲਾ ਤਾਂ ਦੁਨੀਆ ਨੂੰ ਮੂੰਹ ਚਿੜਾ ਰਿਹਾ ਹੈ।

ਰੁਜ਼ਗਾਰ ਦੇ ਮੌਕਿਆਂ ਦੀ ਕਮੀ ਇੱਕ ਵਿਅਕਤੀ ਨੂੰ ਬੇਰੁਜ਼ਗਾਰ ਬਣਾ ਦਿੰਦੀ ਹੈ ਅਤੇ ਉਹ ਆਪਣੇ ਪਰਿਵਾਰ ਦੀ ਬੁਨਿਆਦੀ ਲੋੜਾਂ ਪੂਰੀਆਂ ਕਰਨ ਦੇ ਲਈ ਲੋੜੀਦੀ ਕਮਾਈ ਨਹੀਂ ਕਰ ਪਾਉਂਦਾ ਅਤੇ ਗਰੀਬ ਹੋ ਜਾਂਦਾ ਹੈ। ਸਿੱਖਿਆ ਦੀ ਕਮੀ ਇੱਕ ਵਿਅਕਤੀ ਨੂੰ ਘੱਟ ਉਜਰਤ ਵਾਲੀਆਂ ਨੌਕਰੀਆਂ ਕਰਨ ਲਈ ਮਜ਼ਬੂਰ ਕਰਦੀ ਹੈ ਤੇ ਉਹ ਗਰੀਬ ਬਣ ਜਾਂਦਾ ਹੈ। ਇਹ ਅੱਜ ਦੇ ਮਨੁੱਖ ਦੀ ਹੋਣੀ ਹੈ ਅਤੇ 78 ਸਾਲਾਂ 'ਚ ਅੰਤਰ ਸਰਕਾਰੀ ਸੰਸਥਾ ਯੂ.ਐਨ.ਓ. ਮਨੁੱਖ ਦੀ ਇਸ ਹੋਣੀ ਨੂੰ ਤਾਂ ਬਦਲ ਹੀ ਨਹੀਂ ਸਕੀ ਅਤੇ ਨਾ ਹੀ ਦੁਨੀਆ ਦੀ ਅੱਧੀ ਆਬਾਦੀ, ਔਰਤਾਂ ਦੀ ਸੁਰੱਖਿਆ, ਬਰਾਬਰਤਾ, ਉਸ ਨਾਲ ਹੋ ਰਹੇ ਅਣਉੱਚਿਤ ਵਿਵਹਾਰ ਨੂੰ ਥਾਂ ਸਿਰ ਕਰਨ ਲਈ ਦੇਸ਼ਾਂ ਦੀਆਂ ਸਰਕਾਰਾਂ ਨੂੰ ਸਹੀ ਦਿਸ਼ਾ ਤੇ ਲਿਆ ਸਕੀ ਹੈ।

ਯੂ.ਐਨ.ਓ., ਬਹੁਤੇ ਮੌਕਿਆਂ 'ਤੇ ਵਿਸ਼ਵ ਸ਼ਾਂਤੀ ਸਥਾਪਿਤ ਕਰਨ 'ਚ ਅਸਮਰਥ ਰਿਹਾ ਹੈ। ਬਹੁਤੇ ਚਿੰਤਕ ਇਸਦਾ ਕਾਰਨ ਪੰਜ ਸ਼ਕਤੀਆਂ ਨੂੰ ਮਿਲੀ 'ਵੀਟੋ ਤਾਕਤ' ਨੂੰ ਮੰਨਦੇ ਹਨ। ਇਸ ਕਰਕੇ ਵੀਟੋ ਪਾਵਰ' ਖ਼ਤਮ ਕਰਨ ਦੀ ਮੰਗ ਉੱਠ ਰਹੀ ਹੈ।

ਕੁਝ ਲੋਕਾਂ ਦਾ ਕਹਿਣਾ ਹੈ ਕਿ ਜੇਕਰ ਵੀਟੋ ਪਾਵਰ ਪ੍ਰਣਾਲੀ ਖ਼ਤਮ ਨਹੀਂ ਹੁੰਦੀ ਤਾਂ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਪ੍ਰੀਸ਼ਦ ਆਜ਼ਾਦਾਨਾ ਕੰਮ ਨਹੀਂ ਕਰ ਸਕੇਗੀ। ਯੂ.ਐਨ.ਓ. ਦੇ ਜਨਰਲ ਸਕੱਤਰ ਰਹੇ ਬੁਤਰਸ ਘਾਲੀ ਮੁਤਾਬਿਕ "ਵੀਟੋ ਸ਼ਕਤੀ" ਵਾਲੇ ਦੇਸ਼ ਸੰਯੁਕਤ ਰਾਸ਼ਟਰ ਨੂੰ ਆਪਣੇ ਢੰਗ ਨਾਲ ਚਲਾਉਣਾ ਚਾਹੁੰਦੇ ਹਨ। ਉਹਨਾ ਦਾ ਸਪਸ਼ਟ ਕਹਿਣਾ ਹੈ ਕਿ ਜੇਕਰ ਵੀਟੋ ਸ਼ਕਤੀ ਖ਼ਤਮ ਨਹੀਂ ਹੁੰਦੀ ਤਾਂ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਪ੍ਰੀਸ਼ਦ ਦੀ ਹੋਂਦ ਹੀ ਨਹੀਂ ਰਹੇਗੀ।

ਯੂ।ਐਨ।ਓ। ਦਾ ਮੁੱਖ ਮੰਤਵ ਵਿਸ਼ਵ ਸ਼ਾਂਤੀ ਲਈ ਯੁੱਧ ਰੋਕਣਾ ਸੀ ਪਰ ਮਨੁੱਖੀ ਅਧਿਕਾਰਾਂ ਦੀ ਰੱਖਿਆ, ਸਾਰੇ ਦੇਸ਼ਾਂ 'ਚ ਮਿੱਤਰਤਾ ਵਾਲੇ ਸਬੰਧ ਕਾਇਮ ਕਰਨਾ, ਅੰਤਰ-ਰਾਸ਼ਟਰੀ ਕਾਨੂੰਨਾਂ ਨੂੰ ਨਿਭਾਉਣ ਲਈ ਪ੍ਰਕਿਰਿਆ ਜਟਾਉਣਾ, ਸਮਾਜਿਕ ਅਤੇ ਆਰਥਿਕ ਵਿਕਾਸ, ਗਰੀਬ ਤੇ ਭੁੱਖੇ ਲੋਕਾਂ ਦੀ ਸਹਾਇਤਾ, ਉਹਨਾਂ ਦਾ ਜੀਵਨ ਸੁਧਾਰਨਾ ਅਤੇ ਬੀਮਾਰੀਆਂ ਨਾਲ ਲੜਨਾ ਵੀ। ਇਹ 1945 'ਚ ਸੰਯੁਕਤ ਰਾਸ਼ਟਰ ਵਲੋਂ ਅਪਨਾਏ ਮੁੱਖ ਉਦੇਸ਼ ਸਨ। ਪਰ ਪੂਰੀ ਦੁਨੀਆ ਵੇਖ ਰਹੀ ਹੈ ਕਿ ਯੂ.ਐਨ.ਓ. ਕਿਸ ਪ੍ਰਕਾਰ ਆਪਣੇ ਨਿਰਧਾਰਤ ਉਦੇਸ਼ਾਂ ਨੂੰ ਪੂਰਿਆ ਕਰਨ ਲਈ ਲਗਾਤਾਰ ਅਸਫ਼ਲ ਹੋ ਰਿਹਾ ਹੈ।

# ਨਵਾਂ ਸਾਲ, ਨਵੀਂ ਸਵੇਰ



ਗੋਬਿੰਦਰ ਸਿੰਘ ਢੀਂਡਸਾ
ਈਮੇਲ- bardwal.gobinder@gmail.com

ਇਨਸਾਨ ਉਮਰ ਦੇ ਕਿਸੇ ਪੜਾਅ ਤੇ ਹੋਵੇ, ਉਸ ਲਈ ਆਸਵੰਦ ਬਣੇ ਰਹਿਣਾ ਅਤਿ ਲਾਜ਼ਮੀ ਹੈ, ਜਿਵੇਂ ਕਿਹਾ ਜਾਂਦਾ ਹੈ ਕਿ 'ਉਮੀਦ ਤੇ ਹੀ ਦੁਨੀਆਂ ਕਾਇਮ ਹੈ।' ਹਰ ਇਨਸਾਨ ਦੇ ਲਈ ਨਵੇਂ ਸਾਲ ਦੇ ਅਰਥ ਅਤੇ ਨਵੇਂ ਸਾਲ ਦੀ ਮਹੱਤਤਾ ਆਪਣੀ-ਆਪਣੀ ਹੁੰਦੀ ਹੈ, ਕਈਆਂ ਲਈ ਇਹ ਪੀੜਾਦਾਇਕ ਵਾਪਰੀਆਂ ਘਟਨਾਵਾਂ ਦੇ ਦਿਨਾਂ ਨੂੰ ਮੁੜ ਯਾਦਾਂ ਦੇ ਝਰੋਖਿਆਂ ਵਿੱਚ ਤਾਜ਼ਾ ਕਰ, ਹਲੂਣ ਛੱਡਦੀ ਹੈ ਅਤੇ ਕਈਆਂ ਲਈ ਖੁਸ਼ੀਆਂ ਦਾ ਵਣਜ ਬਣਦੀ ਹੈ। ਜ਼ਿੰਦਗੀ ਵਿੱਚਉਤਾਰ-ਚੜਾਅ ਆਪਣਾ ਅਹਿਮ ਸਥਾਨ ਰੱਖਦੇ ਹਨ, ਇਹਨਾਂ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਦੁੱਖ-ਸੁੱਖ ਜ਼ਿੰਦਗੀ ਦੇ ਦੋ ਅਹਿਮ ਰੰਗ ਹਨ, ਦੋ ਅਜਿਹੇ ਰਸ ਹਨ ਜਿਹਨਾਂ ਦੀ ਗੈਰ-ਮੌਜੂਦਗੀ ਇਨਸਾਨ ਦੀ ਜ਼ਿੰਦਗੀਨੂੰ ਰਸਹੀਣ ਕਰ ਛੱਡਦੀ ਹੈ।

ਇਨਸਾਨ ਹਰ ਰੋਜ਼ ਕੁਝ ਨਵਾਂ ਸਿੱਖਦਾ ਹੈ, ਜੇ ਸਿੱਖਣ ਦੀ ਕੋਸ਼ਿਸ਼ ਕਰੇ, ਸਮਝਣ ਦਾ ਯਤਨ ਕਰੇ। ਨਵੇ ਸਾਲ ਦੀ ਨਵੀਂ ਸਵੇਰ ਨੂੰ ਹੱਸਕੇ, ਖਿੜੇ ਮੱਥੇ ਪ੍ਰਵਾਨ ਕਰਨਾ ਤੁਹਾਡੀ ਜ਼ਿੰਦਗੀ ਪ੍ਰਤੀ ਸਕਰਾਤਮਕਤਾ, ਸਾਰਥਕ ਪਹੁੰਚ ਦੀ ਨਿਸ਼ਾਨਦੇਹੀ ਕਰਦਾ ਹੈ ਅਤੇ ਤੁਹਾਡੇ ਜ਼ਿੰਦਾਦਿਲ ਇਨਸਾਨ ਹੋਣ ਦੀ ਪੁਸ਼ਟੀ ਕਰਦਾ ਹੈ। ਨਵੇਂ ਦਿਨ, ਨਵੀਂ ਊਰਜਾ ਨਾਲ ਆਪਣੇ ਟੀਚਿਆਂ ਦੀ ਪ੍ਰਾਪਤੀ ਲਈ, ਆਪਣੀ ਜ਼ਿੰਦਗੀ ਨੂੰ ਖੁਸ਼ਹਾਲ ਕਰਨ, ਆਪਣੇ ਦਿਨ ਨੂੰ ਬਿਹਤਰ ਕਰਨ ਅਤੇ ਭਵਿੱਖ ਨੂੰ ਸੰਵਾਰਨ ਦੀ ਅਣਥੱਕ ਕੋਸ਼ਿਸ਼ ਕਰਨੀ ਚਾਹੀਦੀ ਹੈ।

ਨਵੇਂ ਸਾਲ ਦੀ ਨਵੀਂ ਸਵੇਰ ਤੇ ਇੱਕ ਅਹਿਮ ਅਹਿਦ ਵੀ ਕਰਨਾ ਚਾਹੀਦਾ ਹੈ 'ਸਿਹਤ ਦੀ ਸੰਭਾਲ।' ਇੱਕ ਤੰਦਰੁਸਤ ਇਨਸਾਨ ਹੀ ਆਪਣੀ ਜ਼ਿੰਦਗੀ ਦਾ ਆਨੰਦ ਮਾਣ ਸਕਦਾ ਹੈ, ਆਪਣੀਆਂ ਜ਼ਿੰਮੇਵਾਰੀਆਂ ਨੂੰ ਚੰਗੀ ਤਰ੍ਹਾਂ ਨਿਭਾ ਸਕਦਾ ਹੈ। ਆਪਣੀ ਰੁਚੀ ਅਨੁਸਾਰ ਕੁਝ ਕਿਤਾਬਾਂ ਨੂੰ ਪੜ੍ਹਨ ਦੀ ਵੀ ਆਦਤ ਪਾਉਣੀ ਚਾਹੀਦੀ ਹੈ, ਚੰਗੀਆਂ ਕਿਤਾਬਾਂ ਇਨਸਾਨ ਦੀਆਂ ਸੱਚੀਆਂ ਮਿੱਤਰ ਸਾਬਿਤ ਹੁੰਦੀਆਂ ਹਨ। ਕਿਸੇ ਵੀ ਧਰਮ ਵਿੱਚ ਆਸਥਾ ਵਿਅਕਤੀ ਦਾ ਨਿੱਜੀ ਮਾਮਲਾ ਹੈ, ਸਾਰਥਕ ਸਮਾਜ ਦੀ ਸਿਰਜਣਾ ਲਈ ਧਾਰਮਿਕ ਫਿਰਕਪ੍ਰਸਤੀ ਨੂੰ ਪਛਾਣਨਾ ਚਾਹੀਦਾ ਹੈ ਅਤੇ ਆਪਸੀ ਭਾਈਚਾਰੇ ਨੂੰ ਬਣਾਈ ਰੱਖਣ ਦਾ ਹੰਭਲਾ ਮਾਰਨਾ ਚਾਹੀਦਾ ਹੈ।

ਗੁਰੂ ਸਾਹਿਬਾਨਾਂ ਦੀ 'ਕਿਰਤ ਕਰਨਾ, ਵੰਡ ਛਕਣਾ' ਦੀ ਦਿੱਤੀ ਸਿੱਖਿਆ ਨੂੰ ਅਮਲੀ-ਜਾਮਾ ਪਹਿਨਾਉਣਾ ਚਾਹੀਦਾ ਹੈ,ਹੱਕ ਦੀ ਕਮਾਈ ਕਰਨੀ ਚਾਹੀਦੀ ਹੈ। ਰੁਤਬਿਆਂ ਦੇ ਬਹਿ ਕੇ, ਦਾਅ ਲੱਗਦਿਆਂ ਕਿਸੇ ਦਾ ਹੱਕ ਨਹੀਂ ਮਾਰਨਾ ਚਾਹੀਦਾ, ਕਿਸੇ ਨਾਲ ਧੱਕਾ ਨਹੀਂ ਕਰਨਾ ਚਾਹੀਦਾ ਕਿਉਂਕਿ ਜੋ ਤੁਹਾਡਾ ਮੁਕਾਬਲਾ ਨਹੀਂ ਕਰ ਸਕਦਾ, ਉਸਦਾ ਸਬਰ, ਉਸਦੀ ਬਦ-ਦੁਆ ਤੁਹਾਨੂੰ ਪਾਪਾਂ ਦਾ ਭਾਗੀ ਬਣਾ ਛੱਡਦੀ ਹੈ, ਤੁਹਾਡੇ ਇਨਸਾਨ ਹੋਣ ਤੇ ਸਵਾਲ ਪੈਦਾ ਹੋ ਜਾਂਦਾ ਹੈ? ਤੁਸੀਂ ਕਦੇ ਆਪਣੀ ਆਤਮਾ ਨਾਲ ਸ਼ੀਸ਼ੇ ਵਿੱਚ ਨਜ਼ਰ ਨਹੀਂ ਮਿਲਾ ਪਾਉਂਗੇ।

ਰਾਤਾਂ ਬਾਅਦ ਦਿਨ ਚੜ੍ਹਣ ਦਾ ਸਿਲਸਿਲਾ ਜਾਰੀ ਸੀ, ਜਾਰੀ ਹੈ ਤੇ ਜਾਰੀ ਰਹੇਗਾ, ਲੋੜ ਹੈ ਤੁਹਾਡੇ ਸਮੇਂ ਸਿਰ ਜਾਗਣ ਦੀ।

# 2024 ਮੁਬਾਰਕ

ਯਾਦਾਂ ਦੀ, ਗੱਠੜੀ ਬੰਨ ਕੇ ਹੁਣ ,ਵੀਹ ਸੌ ਤੇਈ ਹੈ ਚੱਲਿਆ
ਇਸ ਦੀਆਂ ਘਟਨਾਵਾਂ ਨੇ ,ਸਾਡੇ ਜ਼ਿਹਨ 'ਚ ਥਾਂ ਅਜੇ ਮੱਲਿਆ

ਬੇਇਨਸਾਫ਼ੀ, ਜ਼ੁਲਮ ,ਤਸ਼ੱਦਦ ,ਤਨ ਮਨ ਉੱਤੇ ਝੱਲਿਆ
ਵੀਹ ਸੌ ਤੇਈ ਵਿੱਚ, ਤੁਸੀ ਵੀ ਕਿਹੜਾ, ਸੁੱਖ ਸੁਨੇਹਾ ਘੱਲਿਆ

ਮਣੀਪੁਰ ਦੀਆਂ। ਘਟਨਾਵਾਂ ਵਾਲੇ , ਅਜੇ ਵੀ ਜ਼ਖ਼ਮ ਨੇ ਅੱਲੇ
ਚਰਚਾ ਛਿੜੀ ਰਹੀ,ਉਸ ਦੁਖਾਂਤ ਦੀ , ਹਰ ਘਰ ਗਲੀ ਮੁਹੱਲੇ

ਮੋਦੀ ਸਾਹਿਬ ਜੀ ,ਹੁਣ ਕੀ ਰਹਿ ਗਿਆ ,ਆਮ ਲੋਕਾਂ ਦੇ ਪੱਲੇ
ਉਹ ਵਿਚਾਰੇ ਤਾਂ , ਸਹਿਕ ਰਹੇ ਹਨ ,ਟੈਕਸਾਂ ਦੇ ਬੋਝ ਥੱਲੇ

ਭਾਜਪਾ ਦੀ, ਬਰਮੀ 'ਚੋਂ ਨਿਕਲਿਆ, ਮਹਿੰਗਾਈ ਦਾ ਸੱਪ
ਔਖਾ ਹੋ ਗਿਆ,ਗਰੀਬ ਲਈ ਪੀਣਾ , ਚਾਹ ਦਾ ਵੀ ਇੱਕ ਕੱਪ
ਕੀਮਤਾਂ ਵਿੱਚ, ਉਛਾਲ ਆਉਂਦਾ ਤਾਂ, ਲੋਕ ਨੇ ਪਾਉਂਦੇ ਖੱਪ
ਮੁਜ਼ਾਹਰੇ ਕਰਨ , ਉਹ ਜਾਂਦੇ , ਬੈਰੀਕੇਡ ਨਹੀ ਸਕਦੇ ਟੱਪ

ਗ਼ਲਤ ਮਲਤ, ਜੋ ਹੋ ਰਿਹਾ ,ਉਸ ਨੂੰ ਕੋਈ ਨਹੀ ਸਕਿਆ ਰੋਕ
ਵਿਦਰੋਹ ਕਰਨ ,ਵਾਲਿਆਂ ਨੂੰ ਹਨ , ਹਾਕਮ ਦਿੰਦੇ ਠੋਕ

ਵੋਟਾਂ ਵੇਚਣ, ਖਰੀਦਣ ਵਾਲੇ, ਬਹੁਤ ਨੇ ਏਥੇ ਲੋਕ
ਗ਼ਰੀਬਾਂ ਨੂੰ, ਉਹ ਚੋਣਾ ਦੀ , ਭੱਠੀ ਵਿੱਚ ਦਿੰਦੇ ਝੋਕ

ਭਗਵੰਤ ਮਾਨ ਤੇ ਗਵਰਨਰ ਸਾਹਿਬ ਦਾ, ਪਿਆ ਹੀ ਰਿਹਾ ਪੰਗਾ
ਉੱਪਰ ਵਾਲੇ , ਵਗਾਉਣ ਤੁਰੇ ਸੀ, ਪੰਜਾਬ 'ਚ ਉਲਟੀ ਗੰਗਾ

ਨਾ ਕਰੋ ,ਨਾ ਹੀ ਹੋਣ ਦਿਓ ,ਮੁਲਕ 'ਚ ਕਿਤੇ ਵੀ ਦੰਗਾ
ਭਾਜਪਾ ਦਾ ,ਮਣੀਪੁਰ ਵਿੱਚ ,ਚਿਹਰਾ ਹੋ ਗਿਆ ਨੰਗਾ

ਅਕਾਲੀਆਂ , ਭਾਜਪਾਈਆਂ ਦਾ ,ਕਹਿੰਦੇ ਫਿਰ ਹੋ ਸਕਦਾ ਮੇਲ
ਮਦਾਰੀਆਂ ਨੇ ਤਾਂ, ਖੇਲਣਾ ਹੀ ਹੁੰਦਾ , ਬਦਲ ਬਦਲ ਕੇ ਖੇਲ

ਲੱਗਦਾ ਹੈ , ਇਸ ਮੁਲਕ ਦਾ ਤਾਂ , ਸਿਸਟਮ ਹੋ ਗਿਆ ਫੇ.ਲ
ਭਾਜਪਾ ਨੇ ,ਕਿਉਂ ਕਰ ਦਿੱਤਾ , ਇਸ ਮੁਲਕ ਦਾ ਕਈ ਕੁਝ ਸੇਲ

ਜਿੱਧਰ ਵੇਖੋ ,ਚਾਰ ਚੁਫੇਰੇ ,ਤੁਰੇ ਨੇ ਫਿਰਦੇ ਦੱਲੇ
ਚੈਨਲਾਂ ਵਾਲੇ , ਕਰਦੇ ਰਹਿੰਦੇ,ਫੋਕੀ ਬੱਲੇ - ਬੱਲੇ

ਮਨਪ੍ਰੀਤ ਬਾਦਲ, ਦੱਲ ਬਦਲੂ ਹੈ, ਕਿਹੜੀ ਕਿਸਮ ਦਾ ਬੰਦਾ
ਸਿਆਸਤ ਨੂੰ, ਬਣਾ ਲਿਆ ਹੈ , ਜਿਸ ਨੇ ਗੋਰਖ ਧੰਦਾ

ਹੜ੍ਹਾਂ ਦੀ ਮਾਰ ਨੇ , ਕੀਤੇ ਏਥੇ , ਕੱਖੋਂ ਹੌਲੇ ਕਿਸਾਨ
ਹੱਦੋਂ ਵੱਧ ਹੀ , ਹੋ ਗਿਆ ਏਥੇ , ਉਨ੍ਹਾਂ ਦਾ ਨੁਕਸਾਨ

ਥਾਂ -ਥਾਂ , ਜਾ ਕੇ ਵਿਲਕੇ , ਸਿੱਧੂ ਮੂਸੇਵਾਲਾ ਦੇ ਮਾਪੇ
ਗੈਂਗਸਟਰਾਂ , ਤੇ ਸਰਕਾਰਾਂ ਦੇ ਉਹ , ਕਰਦੇ ਰਹੇ ਸਿਆਪੇ

ਮਜ਼ਲੂਮਾਂ ਨੂੰ ,ਲਗਦਾ ਹੈ ਜਿਵੇਂ , ਆ ਹੀ ਗਈ ਹੋਵੇ ਪਰਲੋ
ਰਾਮ ਰਹੀਮ ਨੂੰ, ਜੇਲ੍ਹ 'ਚੋਂ ਆਉਣ ਦੀ , ਮਿਲਦੀ ਹੈ ਜਦੋਂ ਫਰਲੋ

ਮੁੰਡੇ ਕੁੜੀਆਂ , ਇਸ ਸਿਸਟਮ ਨੂੰ , ਕਰਦੇ ਨਹੀ ਪਸੰਦ
ਕਾਲਜ, ਤੇ ਯੂਨੀਵਰਸਿਟੀਆਂ ਹੀ ,ਕਿਤੇ ਹੋ ਨਾ ਜਾਣ ਬੰਦ

ਲੀਡਰ , ਠੂੱਠਾ ਫੜ ਕੇ , ਮੰਗਦੇ ਵੋਟਰਾਂ ਕੋਲੋਂ ਖੈਰ
ਜਿੱਤਣ ਪਿੱਛੋਂ ,ਵੋਟਰ ਉਨ੍ਹਾਂ ਲਈ ,ਹੋ ਜਾਂਦੇ ਹਨ ਗ਼ੈਰ

ਸੀਨੀਅਰ ਕਾਂਗਰਸੀਆਂ ਦਾ ਟੋਲਾ ਭਾਜਪਾ ਵਿੱਚ ਜਾ ਵੜ੍ਹਿਆ
ਭਾਜਪਾ ਵਾਲੇ ਪਤਾ ਨਹੀ ਕਿਹੜਾ ਦੁੱਧ ਪਿਆਉਂਦੇ ਕੜ੍ਹਿਆ

ਲੀਡਰਾਂ ਦਾ ਕੀ ਏਧਰੋਂ ਛੱਡ ਕੇ ਓਧਰ ਮੱਲਦੇ ਕੁਰਸੀ
ਮਸਲਾ ਤਾਂ ਹੈ ਵੋਟਰਾਂ ਦਾ ਜਿਹੜੇ ਕੱਟਦੇ ਤੰਗੀ ਤੁਰਸ਼ੀ

ਇਸ ਕਰਕੇ ਵੀ ,ਏਸ ਦੇਸ਼ ਦੀ ,ਪਲਟ ਨਾ ਸਕੀ ਕਾਇਆ
ਏਥੇ ਇੱਕ ਪ੍ਰਸੈਂਟ ,ਲੋਕਾਂ ਕੋਲ ਹੈ ,ਚਾਲੀ ਪ੍ਰਸੈਂਟ ਮਾਇਆ

ਹਰਜਿੰਦਰ ਸਿੰਘ ਧਾਮੀ ਵੀ ਹੋ ਗਿਆ ਸਿੱਖਾਂ ਵਿੱਚ ਮਹਾਨ
ਐੱਸ।ਜੀ।ਪੀ।ਸੀ । ਦਾ ਬਣ ਕੇ ਉਹ ਤੀਜੀ ਵਾਰ ਪ੍ਰਧਾਨ

ਜਿਸ ਅਕਾਲ ਤਖ਼ਤ, ਨੂੰ ਸੀ ਕਦੇ ,ਇੰਦਰਾ ਨੇ ਢੁਹਾਇਆ
ਓਸੇ ਤਖ਼ਤ 'ਤੇ , ਰਾਹੁਲ ਗਾਂਧੀ , ਮੱਥਾ ਟੇਕਣ ਆਇਆ

ਪੰਜਾਬ ਉੱਤੇ, ਖਰਚ ਕਰਨ ਵੇਲੇ , ਪੈਸੇ ਹੀ ਸਨ ਥੁੜ ਗਏ
ਕੇਜਰੀਵਾਲ , ਹੁਸ਼ਿਆਰਪੁਰੋਂ ,ਹੈਲੀਕਪਟਰ ਉੱਤੇ ਉੜ ਗਏ

ਕਿਸੇ ਤੋਂ ਵੀ ,ਹੱਲ ਨਹੀ ਹੋਇਆ ,ਐੱਸ।ਵਾਈ। ਐੱਲ। ਦਾ ਝਗੜਾ
ਰਲ ਮਿਲ ਕੇ ,ਪੰਜਾਬ ਨੂੰ ਹੀ , ਉਹ ਲਾਉਣਾ ਚਾਹੁੰਦੇ ਰਗੜਾ

ਤੌਬਾ ! ਤੌਬਾ !! ਪੰਜਾਬ ਦੇ ਤਾਂ , ਅੰਦਰ ਦਰਦ ਹੈ ਚੋਖਾ
ਇਸ ਦੇ ,ਰੰਗ -ਬਰੰਗੇ ਲੀਡਰਾਂ ,ਇਸ ਨਾਲ ਕੀਤਾ ਧੋਖਾ

ਇੰਡੀਆ' ਗੱਠਜੋੜ ਵਾਲਿਓ, ਜੇ ਕਿਤੇ ਵੀ ਹੋ ਗਏ ਤੁਸੀ ਫੇ.ਲ
ਦੇਖਿਓ ,ਭਾਜਪਾ ਵਾਲਿਆਂ ਨੇ ,ਤੁਹਾਡੀ ਕਿਵੇਂ ਬਣਾਉਣੀ ਰੇਲ

ਪਾਣੀ ਜੇ ਨਾ ਪਾਇਆ ਸੁੱਕ ਜਾਊ 'ਗੱਠਜੋੜ 'ਵਾਲੀ ਵੇਲ
ਭਾਜਪਾ ਨੇ ,ਫੜ ਫੜ ਕੇ ਤੁਹਾਨੂੰ ,ਭਰ ਦੇਣੀ ਹਰ ਜੇਲ੍ਹ

ਭੈੜੀ ਆਰਥਿਕਤਾ ਦਾ , ਰਿਹਾ ਏਥੇ ,ਸਦਾ ਹੀ ਰੰਡੀ ਰੋਣਾ
ਮੁੜ ਘਿੜ ਕੇ ,ਫਿਰ ਆ ਜਾਂਦੀਆਂ ਹਨ , ਏਸ ਮੁਲਕ ਵਿੱਚ ਚੋਣਾਂ

ਭ੍ਰਿਸ਼ਟਾਚਾਰ ਨੂੰ, ਲੱਗੀਆਂ ਨਹੀਂ ਅਜੇ, ਪੂਰੀ ਤਰਾਂ ਨਾਲ ਰੋਕਾਂ
ਫੜ ਫੜ ਕੇ ਹੀ, ਲਾਹੁਣੀਆਂ ਪੈਣੀਆਂ, ਲਹੂ ਪੀਣੀਆਂ ਜੋਕਾਂ

ਬਹੁਤ ਕੁਝ ਮਿੱਤਰੋ ਆਪਣੇ ਮੁਲਕ ਵਿੱਚ ਹੋ ਗਿਆ ਹੈ ਤਬਾਹ
ਚੋਰਾਂ ਨੂੰ ਤਾਂ ਚੋਰ ਕਹਿਣਾ ਵੀ ਹੋ ਗਿਆ ਏਥੇ ਗੁਨਾਹ

ਜਿਸ ਦਾ ਵੀ, ਲੱਗ ਸਕਿਆ,ਉਹ ਆਪਣਾ ਹੀ ਦਾਅ ਲਾ ਗਿਆ
ਦੂਜਿਆਂ ਦੇ ਤਾਂ ,ਪੱਲੇ ਦੁੱਖ ਮੁਸੀਬਤਾਂ ,ਹੀ ਉਹ ਪਾ ਗਿਆ

"ਟੇਰਕਿਆਨਾ" ਵੀਹ ਸੌ ਤੇਈ ,ਆਪਣੇ ਰੰਗ ਦਿਖਾ ਗਿਆ
ਹੁਣ ਤਾਂ ਯਾਰ, ਚੁਕੰਨੇ ਹੋ ਜਾਓ, ਵੀਹ ਸੌ ਚੌਵੀ ਆ ਗਿਆ

-ਰਘਵੀਰ ਸਿੰਘ ਟੇਰਕਿਆਨਾ
9814173402

### ਗੋਰਵਸ਼ਾਲੀ ਚਮਾਰ ਰੈਜੀਮੈਂਟ ਸਬੰਧੀ ਵਿਸ਼ੇਸ਼

# 1943 ਵਿੱਚ ਬਣਾਈ ਗਈ ਚਮਾਰ ਰੈਜੀਮੈਂਟ ਵਲੋਂ ਅੰਗਰੇਜਾਂ ਖਿਲਾਫ ਬਗਾਬਤ ਕਰਨ ਅਤੇ ਅਜ਼ਾਦੀ ਦੀ ਲੜਾਈ ਵਿੱਚ ਸ਼ਾਮਿਲ ਹੋਣ ਕਾਰਨ ਬ੍ਰਿਟਿਸ਼ ਸਰਕਾਰ ਵਲੋਂ 1946 ਵਿੱਚ ਭੰਗ ਕੀਤੀ ਗਈ ਸੀ



ਕੁਲਦੀਪ ਚੰਦ
91-9417563054

ਪੁਰਾਣੇ ਸਮਿਆਂ ਵਿੱਚ ਭਾਰਤੀ ਸਮਾਜ ਨੂੰ ਚਾਰ ਵਰਣਾਂ ਵਿਚ ਵੰਡਿਆ ਗਿਆ ਸੀ। ਇਸ ਵਰਣ ਵਿਵਸਥਾ ਕਾਰਨ ਕਈ ਜਾਤਾਂ ਦਾ ਜਨਮ ਹੋਇਆ ਅਤੇ ਜਾਤ ਅਧਾਰਿਤ ਕੰਮਾਂ ਦੀ ਵੰਡ ਕੀਤੀ ਗਈ। ਇਸ ਅਖੌਤੀ ਵਰਣ ਵਿਵਸਥਾ ਅਨੁਸਾਰ ਸਭ ਤੋਂ ਹੇਠਲੇ ਪੱਧਰ ਤੇ ਰੱਖੇ ਗਏ ਸ਼ੂਦਰ ਵਰਗ ਵਿੱਚੋਂ ਅਛੂਤ ਮੰਨੇ ਜਾਂਦੇ ਲੋਕਾਂ ਨੂੰ ਹਰ ਤਰਾਂ ਦੇ ਅਧਿਕਾਰਾਂ ਤੋਂ ਬਾਂਝੇ ਰੱਖਿਆ ਗਿਆ ਅਤੇ ਇਨ੍ਹਾਂ ਦਾ ਕੰਮ ਬਾਕੀ ਲੋਕਾਂ ਦੀ ਸੇਵਾ ਕਰਨਾ ਹੀ ਸੀ। ਇਨ੍ਹਾਂ ਲੋਕਾਂ ਦੀ ਕਾਬਲੀਅਤ ਨੂੰ ਵੀ ਅਕਸਰ ਨਜਰਅੰਦਾਜ਼ ਕੀਤਾ ਜਾਂਦਾ ਸੀ। ਅੰਗਰੇਜੀ ਹਕੂਮਤ ਦੌਰਾਨ ਇਨ੍ਹਾਂ ਲੋਕਾਂ ਦੇ ਜੀਵਨ ਵਿੱਚ ਬੇਸ਼ੱਕ ਕੁੱਝ ਸੁਧਾਰ ਹੋਇਆ ਪਰੰਤੂ ਅੰਗਰੇਜ਼ਾਂ ਦੁਆਰਾ ਵੀ ਵੱਖ ਵੱਖ ਜਾਤਾਂ ਨੂੰ ਮਾਰਸ਼ਲ ਅਤੇ ਗੈਰ-ਮਾਰਸ਼ਲ ਕੌਮਾਂ ਵਿੱਚ ਵੰਡਿਆ ਗਿਆ ਸੀ। ਮਾਰਸ਼ਲ ਵਰਗ ਵਿਚ ਉਹ ਜਾਤਾਂ ਸ਼ਾਮਲ ਸਨ ਜੋ ਸ਼ਰੀਰਕ ਤੌਰ ਤੇ ਮਜ਼ਬੂਤ ??ਅਤੇਬਹਾਦਰਸਨ ਅਤੇ ਅਹੀਰ, ਯਾਦਵ, ਡੋਗਰਾ, ਜਾਟ, ਗੁਜਰ, ਮੀਨਾ, ਰਾਜਪੂਤ, ਸੈਣੀ, ਗੋਰਖਾ, ਭੂਮਿਹਾਰ ਬ੍ਰਾਹਮਣ, ਮਰਾਠਾ, ਮੁਗਲ ਅਤੇ ਪਠਾਨ ਆਦਿ ਜਾਤਾਂ ਨੂੰ ਮਾਰਸ਼ਲ ਜਾਤੀਆਂ ਮੰਨਿਆ ਜਾਂਦਾ ਸੀ। ਬ੍ਰਿਟਿਸ਼ ਨੇਤਾਵਾਂ ਅਤੇ ਸਿਪਾਹੀਆਂ ਨੇ ਫੌਜ ਦੀ ਭਰਤੀ ਨੂੰ ਲੰਬਾ ਸਮਾਂ ਸਿਰਫ ਅਖੌਤੀ ਮਾਰਸ਼ਲ ਜਾਤੀਆਂ ਤੱਕ ਸੀਮਤ ਕਰ ਦਿੱਤਾ। ਇਸ ਤਰ੍ਹਾਂ ਫ਼ੌਜ ਵਿਚ ਸਿੱਖ, ਗੋਰਖਾ, ਡੋਗਰੇ, ਰਾਜਪੂਤ, ਗੜ੍ਹਵਾਲੀ ਆਦਿ ਹੀ ਫ਼ੌਜ ਦਾ ਹਿਸਾ ਸਨ। ਮਾਰਸ਼ਲ ਅਤੇ ਗੈਰ-ਮਾਰਸ਼ਲ ਦਾ ਇਹ ਵਰਗੀਕਰਨ ਅੰਗਰੇਜ਼ੀ ਕਮਾਂਡਰਾਂ ਦੇ ਨਿੱਜੀ ਤਜ਼ਰਬੇ ਤੇ ਅਧਾਰਤ ਸੀ ਜਿਨ੍ਹਾਂ ਨੇ ਯੁੱਧਾਂ ਵਿੱਚ ਲੜਿਆ ਸੀ ਜਦੋਂ ਉਹ ਆਪਣਾ ਰਾਜ ਸਥਾਪਿਤ ਕਰ ਰਹੇ ਸਨ। ਸਿੱਖਾਂ ਨੂੰ ਜਿਨ੍ਹਾਂ ਨੇ ਅੰਗਰੇਜ਼ਾਂ ਦਾ ਔਖੇ ਸਮੇਂ ਸਾਥ ਦਿਤਾ ਸੀ ਨੂੰ ਫੌਜ ਵਿੱਚ ਮਾਣ ਵਾਲੀ ਥਾਂ ਦਿੱਤੀ ਗਈ ਸੀ। ਅਜਿਹਾ ਕਈ ਵਾਰ ਹੋਇਆ ਜਦੋਂ ਅੰਗਰੇਜ਼ਾਂ ਨੇ ਜਰੂਰਤ ਅਤੇ ਮੁਸੀਬਤ ਵੇਲੇ ਗੈਰ ਮਾਰਸ਼ਲ ਜਾਤਾਂ ਵਿੱਚੋਂ ਕਈ ਜਾਤਾਂ ਨੂੰ ਮਾਰਸ਼ਲ ਜਾਤੀ ਦਾ ਦਰਜਾ ਦਿੱਤਾ ਅਤੇ ਐਮਰਜੈਂਸੀ ਖ਼ਤਮ ਹੋਣ ਤੋਂ ਬਾਅਦ ਉਨ੍ਹਾਂ ਨੂੰ ਮੁੜ ਗ਼ੈਰ-ਮਾਰਸ਼ਲ ਜਾਤੀ ਦੀ ਸ਼੍ਰੇਣੀ ਵਿੱਚ ਪਾ ਦਿੱਤਾ ਗਿਆ। ਸਾਲ 1857 ਦੇ ਵਿਦਰੋਹ ਤੋਂ ਬਾਅਦ ਬ੍ਰਿਟਿਸ਼ ਸਰਕਾਰ ਦੁਆਰਾ ਮਾਰਸ਼ਲ ਅਤੇ ਗੈਰ-ਮਾਰਸ਼ਲ ਨਸਲਾਂ ਵਿੱਚ ਵੰਡਣ ਲਈ ਭਾਰਤੀ ਫੌਜ ਵਿੱਚ ਜਾਤੀ ਅਤੇ ਖੇਤਰ ਅਧਾਰਤ ਭਰਤੀ ਕੀਤੀ ਗਈ ਸੀ। ਜੋਨਾਥਨ ਪੀਲ ਕਮਿਸ਼ਨ ਨੂੰ ਵਫ਼ਾਦਾਰ ਸਿਪਾਹੀਆਂ ਦੀ ਭਰਤੀ ਕਰਨ ਲਈ ਸਮਾਜਿਕ ਸਮੂਹਾਂ ਅਤੇ ਖੇਤਰਾਂ ਦੀ ਪਛਾਣ ਕਰਨ ਦਾ ਕੰਮ ਸੌਂਪਿਆ ਗਿਆ ਸੀ। ਕਿਉਂਕਿ 1857 ਦਾ ਵਿਦਰੋਹ ਭਾਰਤ ਦੇ ਪੂਰਬੀ ਅਤੇ ਦੱਖਣੀ ਹਿੱਸਿਆਂ ਤੋਂ ਸੀ ਇਸ ਲਈ ਬ੍ਰਿਟਿਸ਼ ਸਰਕਾਰ ਨੇ ਉਨ੍ਹਾਂ ਨੂੰ ਫੌਜ ਵਿੱਚ ਭਰਤੀ ਨਹੀਂ ਕੀਤਾ ਅਤੇ ਭਰਤੀ ਦੇ ਕੇਂਦਰ ਨੂੰ ਉੱਤਰੀ ਭਾਰਤ ਵਿੱਚ ਤਬਦੀਲ ਕਰ ਦਿੱਤਾ। ਸਾਲ 1903 ਵਿੱਚ ਗੌੜ ਬ੍ਰਾਹਮਣ ਇਨਫੈਂਟਰੀ ਦੇ ਰੂਪ ਵਿੱਚ ਇੱਕ ਜਾਤੀ-ਅਧਾਰਤ ਰੈਜੀਮੈਂਟ ਬਣਾਈ ਗਈ ਸੀ ਜਿਸਨੂੰ ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਭੰਗ ਕਰ ਦਿੱਤਾ ਗਿਆ ਸੀ। ਇਸੇ ਤਰਾਂ ਹੀ ਪਹਿਲੇ ਵਿਸ਼ਵ ਯੁੱਧ ਦੌਰਾਨ ਜਦੋਂ ਸਿਪਾਹੀਆਂ ਵਜੋਂ ਭਰਤੀ ਲਈ ਆਦਮੀਆਂ ਦੀ ਘਾਟ ਸੀ ਤਾਂ ਗੈਰ ਮਾਰਸ਼ਲ ਮੰਨੀ ਜਾਂਦੀ ਮਹਾਰ ਜਾਤ ਲਈ ਮਹਾਰ ਰੈਜੀਮੈਂਟ ਦਾ ਗਠਨ ਕੀਤਾ ਗਿਆ ਸੀ ਜਿਸਨੂੰ ਬਾਅਦ ਵਿੱਚ ਭੰਗ ਕਰ ਦਿੱਤਾ ਗਿਆ ਸੀ। ਦੂਜੇ ਵਿਸ਼ਵ ਯੁੱਧ ਦੌਰਾਨ ਮਹਾਰ ਰੈਜੀਮੈਂਟ ਦਾ ਫਿਰ ਗਠਨ ਕੀਤਾ ਗਿਆ ਅਤੇ ਫਿਰ ਇਸਨੂੰ ਕਦੇ ਵੀ ਖਤਮ ਨਹੀਂ ਕੀਤਾ ਗਿਆ ਅਤੇ ਇਹ ਅਜ਼ਾਦੀ ਤੋਂ ਬਾਦ ਅੱਜ ਵੀ ਭਾਰਤੀ ਫੌਜ ਵਿੱਚ ਮੌਜੂਦ ਹੈ। ਇਸੇ ਤਰ੍ਹਾਂ ਦੂਜੇ ਵਿਸ਼ਵ ਯੁੱਧ ਦੌਰਾਨ ਚਮਾਰ ਕੌਮ ਦੇ ਨਾਮ ਤੇ ਚਮਾਰ ਰੈਜੀਮੈਂਟ ਦਾ ਗਠਨ ਕੀਤਾ ਗਿਆ ਸੀ ਜਿਸ ਨੂੰ ਬਾਅਦ ਵਿੱਚ ਭੰਗ ਕਰ ਦਿੱਤਾ ਗਿਆ ਸੀ। ਬ੍ਰਿਟਿਸ਼ ਆਰਮੀ ਵਿੱਚ ਚਮਾਰ ਰੈਜੀਮੈਂਟ ਇੱਕ ਕਮੇਟੀ ਦੀ ਸਿਫ਼ਾਰਸ਼ ਤੇ ਬਣਾਈ ਗਈ ਸੀ ਜੋ ਕਿ ਭਾਰਤ ਵਿੱਚ ਮਾਰਸ਼ਲ ਅਤੇ ਗੈਰ-ਮਾਰਸ਼ਲ ਨਸਲਾਂ ਦਾ ਪਤਾ ਲਗਾਉਣ ਲਈ ਗਠਿਤ ਕੀਤੀ ਗਈ ਸੀ। ਚਮਾਰ ਰੈਜੀਮੈਂਟ ਦੀ ਸਥਾਪਨਾ ਤਤਕਾਲੀ ਬ੍ਰਿਟਿਸ਼ ਸਰਕਾਰ ਦੀ ਇਸ ਨੀਤੀ ਤਹਿਤ ਕੀਤੀ ਗਈ ਸੀ ਕਿ ਜਿਨ੍ਹਾਂ ਭਾਈਚਾਰਿਆਂ ਨੇ ਕਦੇ ਵੀ ਫ਼ੌਜ ਵਿੱਚ ਭਾਗ ਨਹੀਂ ਲਿਆ ਸੀ ਉਨ੍ਹਾਂ ਨੂੰ ਵੀ ਫ਼ੌਜ ਵਿੱਚ ਸ਼ਾਮਲ ਕੀਤਾ ਜਾਵੇ। ਚਮਾਰ ਰੈਜੀਮੈਂਟ ਦੇ ਗਠਨ ਦੇ ਕੁਝ ਸਮੇਂ ਬਾਦ ਹੀ ਦੂਜਾ ਵਿਸ਼ਵ ਯੁੱਧ ਤੇਜ਼ ਹੋ ਗਿਆ। ਵਿਸ਼ਵ ਯੁੱਧ ਦਾ ਪ੍ਰਭਾਵ ਏਸ਼ੀਆ ਤੱਕ ਪਹੁੰਚ ਗਿਆ ਅਤੇ ਅੰਗਰੇਜ਼ਾਂ ਵਲੋਂ ਚਮਾਰ ਰੈਜੀਮੈਂਟ ਇਸ ਵਿਸ਼ਵ ਯੁੱਧ ਵਿੱਚ ਲੜਾਈ ਲਈ ਭੇਜੀ ਗਈ। ਉਸ ਸਮੇਂ ਬ੍ਰਿਟਿਸ਼ ਇੰਡੀਅਨ ਆਰਮੀ ਵਿੱਚ ਦਲਿਤਾਂ ਦੀਆਂ ਤਿੰਨ ਰੈਜੀਮੈਂਟਾਂ ਸਨ ਮਹਾਰ ਰੈਜੀਮੈਂਟ, ਮਜ਼ਹਬੀ ਅਤੇ ਰਾਮਦਾਸੀਆ ਰੈਜੀਮੈਂਟ ਅਤੇ ਚਮਾਰ ਰੈਜੀਮੈਂਟ। ਇਹ ਸਾਰੀਆਂ ਰੈਜੀਮੈਂਟਾਂ ਦੂਜੀ ਵਿਸ਼ਵ ਜੰਗ ਵਿੱਚ ਮੈਦਾਨ ਵਿੱਚ ਉਤਰੀਆਂ ਸਨ। ਚਮਾਰ ਰੈਜੀਮੈਂਟ ਨੂੰ ਸ਼ੁਰੂ ਵਿੱਚ 268ਵੀਂ ਇੰਡੀਅਨ ਇਨਫੈਂਟਰੀ ਬ੍ਰਿਗੇਡ ਨੂੰ ਸੌਂਪਿਆ ਗਿਆ ਸੀ। ਚਮਾਰ ਰੈਜੀਮੈਂਟ ਦੀ ਪਹਿਲੀ ਬਟਾਲੀਅਨ ਨੂੰ ਸਭ ਤੋਂ ਪਹਿਲਾਂ ਉੱਤਰ-ਪੂਰਬੀ ਰਾਜ ਗੁਹਾਟੀ ਭੇਜਿਆ ਗਿਆ ਸੀ। ਇਸ ਤੋਂ ਬਾਅਦ ਇਹ ਬਟਾਲੀਅਨ ਕੋਹਿਮਾ, ਇੰਫਾਲ ਅਤੇ ਬਰਮਾ ਮੌਜੂਦਾ ਮਿਆਂਮਾਰ ਦੀਆਂ ਲੜਾਈਆਂ ਵਿਚ ਤਾਇਨਾਤ ਕੀਤੀ ਗਈ। ਚਮਾਰ ਰੈਜੀਮੈਂਟ ਨੇ ਲੜਾਈ ਦੇ ਮੈਦਾਨ ਵਿਚ ਆਪਣੀ ਵੱਖਰੀ ਪਛਾਣ ਬਣਾਈ। ਸਾਲ 1944 ਦੇ ਮੱਧ ਵਿੱਚ ਇਹ ਰੈਜੀਮੈਂਟ ਜਪਾਨੀ ਫੌਜ ਵਿਰੁੱਧ ਲੜਨ ਲਈ ਬਰਮਾ ਭੇਜੀ ਗਈ ਸੀ। ਇਸ ਲੜਾਈ ਨੂੰ ਇਤਿਹਾਸ ਦੀਆਂ ਸਭ ਤੋਂ ਭਿਆਨਕ ਲੜਾਈਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਉਸ ਸਮੇਂ ਜਾਪਾਨੀ ਫੌਜ ਨੂੰ ਦੁਨੀਆ ਦੀ ਸਭ ਤੋਂ ਤਾਕਤਵਰ ਫੌਜ ਮੰਨਿਆ ਜਾਂਦਾ ਸੀ ਜਿਸ ਨੂੰ ਹਰਾਉਣ ਲਈ ਅੰਗਰੇਜ਼ਾਂ ਨੇ ਚਮਾਰ ਰੈਜੀਮੈਂਟ ਦੀ ਹੀ ਵਰਤੋਂ ਕੀਤੀ ਸੀ। ਲੜਾਈਤਿੰਨਮਹੀਨਿਆਂਤੋਂਵੱਧਸਮੇਂ ਲਈ ਚੱਲੀ ਜਿਸ-ਦੌਰਾਨ ਇਸ ਰੈਜੀਮੈਂਟ ਨੇ ਕੋਹਿਮਾ ਦੀ ਲੜਾਈ ਵਿੱਚ ਹਿੱਸਾ ਲਿਆ। ਚਮਾਰ ਰੈਜੀਮੈਂਟ ਨੇ ਲੜਾਈ ਦੇ ਮੈਦਾਨ ਵਿਚ ਆਪਣੀ ਵੱਖਰੀ ਪਛਾਣ ਬਣਾਈ। ਇਸਨੇ ਇੰਫਾਲ ਦੀ ਘੇਰਾਬੰਦੀ ਹਟਾਈ ਅਤੇ ਫੌਜ ਦੀਆਂ ਹੋਰ ਇਕਾਈਆਂ ਦੇ ਨਾਲ ਬਰਮਾ ਨੂੰ ਆਜ਼ਾਦ ਕਰਵਾਇਆ। ਸਾਲ 1945 ਦੇ ਅੱਧ ਤੱਕ ਚਮਾਰ ਰੈਜੀਮੈਂਟ ਨੇ ਪੂਰੇ ਬਰਮਾ ਨੂੰ ਜਾਪਾਨੀ ਕਬਜ਼ੇ ਤੋਂ ਮੁਕਤ ਕਰਵਾਉਣ ਵਿੱਚ ਮੱਦਦ ਕੀਤੀ ਸੀ ਅਤੇ 15 ਅਗਸਤ 1945 ਨੂੰ ਜਾਪਾਨ ਨੇ





ਆਤਮ ਸਮਰਪਣ ਕਰ ਦਿੱਤਾ ਅਤੇ 02 ਸਤੰਬਰ 1945 ਨੂੰ ਯੁੱਧ ਖਤਮ ਹੋ ਗਿਆ। 'ਕੋਹਿਮਾ ਦੇ ਮੋਰਚੇ' ਤੇ ਇਸ ਰੈਜੀਮੈਂਟ ਦੁ-ਆਰਾ ਦਿਖਾਈ ਗਈ ਅਥਾਹ ਹਿੰਮਤ ਅਤੇ ਬਹਾਦਰੀ ਲਈ ਇਸਨੂੰ 'ਕੋਹਿਮਾ ਦੀ ਲੜਾਈ' ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ। ਚਮਾਰ ਰੈਜੀਮੈਂਟ ਦਾ ਸਭ ਤੋਂ ਪ੍ਰਮੁੱਖ ਮੈਂਬਰ ਕੈਪਟਨ ਮੋਹਨ ਲਾਲ ਕੁਰੀਲਸੀ ਅਤੇ ਸਾਬਕਾ ਪਾਕਿਸਤਾਨੀ ਨੇਤਾ ਅਯੂਬ ਖਾਨ ਚਮਾਰ ਰੈਜੀਮੈਂਟ ਦੇ ਅਧਿਕਾਰੀ ਸਨ। ਬ੍ਰਿਟਿਸ਼ ਇੰਡੀਅਨ ਆਰਮੀ ਨੂੰ ਚਮਾਰ ਰੈਜੀਮੈਂਟ ਦੇ ਗਠਨ ਤੋਂ ਬਾਅਦ ਕਦੇ ਹਾਰ ਦਾ ਸਾਹਮਣਾ ਨਹੀਂ ਕਰਨਾ ਪਿਆ। ਚਮਾਰ ਰੈਜੀਮੈਂਟ ਦੇ ਬਹਾਦਰ ਸੈਨਿਕਾਂ ਵਲੋਂ ਲੜੀਆਂ ਗਈਆਂ ਲੜਾਈਆਂ ਵਿੱਚ ਕੋਹਿਮਾ, ਕਾਮੋ, ਟੋਕੀਓ, ਇੰਫਾਲ, ਮੰਡਲਾ, ਰੰਗੂਨ, ਸਿੰਗਾਪੁਰ, ਬਰਮਾ ਆਦਿ ਦੀਆਂ ਲੜਾਈਆਂ ਸ਼ਾਮਿਲ ਹਨ। ਦੂਜੇ ਵਿਸ਼ਵ ਯੁੱਧ ਵਿੱਚ ਇਸ ਰੈਜੀਮੈਂਟ ਦੇ ਕੁੱਲ 42 ਸੈਨਿਕ ਸ਼ਹੀਦ ਹੋਏ ਸਨ ਜਿਨ੍ਹਾਂ ਦੇ ਨਾਮ ਦਿੱਲੀ, ਇੰਫਾਲ, ਕੋਹਿਮਾ, ਰੰਗੂਨ ਆਦਿ ਦੀਆਂ ਜੰਗੀ ਯਾਦਗਾਰਾਂ ਵਿੱਚ ਦਰਜ ਹਨ। ਇੰਨਾ ਹੀ ਨਹੀਂ ਚਮਾਰ ਰੈਜੀਮੈਂਟ ਦੇ 7 ਜਵਾਨਾਂ ਨੂੰ ਕਈ ਬਹਾਦਰੀ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਰੈਜੀਮੈਂਟ ਦੀ ਪਹਿਲੀ ਬਟਾਲੀਅਨ ਨੂੰ ਬੈਟਲ ਆਨਰ ਆਫ ਕੋਹਿਮਾ ਐਵਾਰਡ, ਬ੍ਰਿਟਿਸ਼ ਸਾਮਰਾਜ ਮੈਡਲ, ਮਿਲਟਰੀ ਮੈਡਲ, ਮਿਲਟਰੀ ਕਰਾਸ, ਬਰਮਾ ਸਟਾਰ, ਯੁੱਧ ਮੈਡਲ, ਪ੍ਰਸ਼ਾਂਤ ਸਟਾਰ, ਲੜਾਈ ਦਾ ਸਨਮਾਨ ਆਦਿ ਨਾਲ ਵੀ ਸਨਮਾਨਿਤ ਕੀਤਾ ਗਿਆ ਸੀ। ਚਮਾਰ ਰੈਜੀਮੈਂਟ ਨੂੰ ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਅਗਵਾਈ ਵਾਲੀ ਆਜ਼ਾਦ ਹਿੰਦ ਫ਼ੌਜ ਜੋਕਿ ਭਾਰਤ ਦੀ ਅਜ਼ਾਦੀ ਲਈ ਲੜ ਰਹੀ ਸੀ ਵਿਰੁੱਧ ਲੜਨ ਲਈ ਸਿੰਘਾਪੁਰ ਭੇਜਿਆ ਗਿਆ ਪਰ ਚਮਾਰ ਰੈਜੀਮੈਂਟ ਨੇ ਆਜ਼ਾਦ ਹਿੰਦ ਫ਼ੌਜ ਵਿਰੁੱਧ ਲੜਨ ਤੋਂ ਇਨਕਾਰ ਕਰ ਦਿੱਤਾ। ਨੇਤਾ ਜੀ ਸੁਭਾਸ਼ ਚੰਦਰ ਬੋਸ ਤੋਂ ਪ੍ਰਭਾਵਿਤ ਹੋ ਕੇ ਇਸ ਦੇ ਸਿਪਾਹੀ ਆਈ ਐਨ ਏ ਵਿੱਚ ਸ਼ਾਮਲ ਹੋ ਗਏ ਸਨ ਜਿਸ ਤੋਂ ਬਾਦ ਅੰਗਰੇਜ਼ਾਂ ਨੇ ਅਨੁਸ਼ਾਸਨੀ ਕਾਰਵਾਈ ਕੀਤੀ ਅਤੇ ਚਮਾਰ ਰੈਜੀਮੈਂਟ ਨੂੰ ਭੰਗ ਕਰ ਦਿੱਤਾ। ਅੰਗਰੇਜ਼ਾਂ ਨੇ 1946 ਵਿੱਚ ਇਸ ਰੈਜੀਮੈਂਟ ਤੇ ਮੁਕੰਮਲ ਪਾਬੰਦੀ ਲਗਾ ਦਿੱਤੀ। ਚਮਾਰ ਰੈਜੀਮੈਂਟ ਦੇ ਸੈਂਕੜੇ ਜਵਾਨਾਂ ਨੇ ਅੰਗਰੇਜ਼ਾਂ ਵਿਰੁੱਧ ਜੰਗ ਦੌਰਾਨ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਕੁਝ ਜਵਾਨਮਿਆਂਮਾਰ ਅਤੇ ਥਾਈਲੈਂਡ ਦੇ ਜੰਗਲਾਂ ਵਿੱਚ ਗੁਆਚ ਗਏ। ਜਿਹੜੇ ਜਵਾਨਫੜੇ ਗਏ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਕੈਪਟਨ ਮੋਹਨ ਕੁਰੀਲ ਦੀ ਅਗਵਾਈ ਵਿੱਚ ਇਸ ਰੈਜੀਮੈਂਟ ਦੇ ਫੌਜੀਆਂ ਨੇ ਬਗਾਬਤ ਕੀਤੀ ਤੇ ਅਜ਼ਾਦ ਹਿੰਦ ਫੌਜ ਨਾਲ ਮਿਲਕੇ ਅਜ਼ਾਦੀ ਦੀ ਲੜਾਈ ਲੜੀ। ਕੈਪਟਨ ਮੋਹਨ ਕੁਰੀਲ ਸਮੇਤ ਕਈ ਸੈਨਿਕਾਂ ਨੂੰ ਸਜ਼ਾ ਦਿਤੀ ਗਈ ਅਤੇ ਜੇਲ ਵਿੱਚ ਰੱਖਿਆ ਗਿਆ ਸੀ। ਅਜ਼ਾਦੀ ਬਾਦ ਇਨ੍ਹਾਂ ਨੂੰ ਰਿਹਾਅ ਕੀਤਾ ਗਿਆ ਹੈ। ਇਹ ਰੈਜੀਮੈਂਟ 1943 ਤੋਂ 1946 ਤੱਕ ਸਿਰਫ ਤਿੰਨ ਸਾਲ ਹੀ ਮੌਜੂਦ ਰਹੀ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਮਹਾਰ ਰੈਜੀਮੈਂਟ ਨੂੰ ਬਰਕਰਾਰ ਰੱਖਿਆ ਗਿਆ ਅਤੇ ਮਜ਼ਹਬੀ ਅਤੇ ਰਾਮਦਾਸੀਆ ਰੈਜੀਮੈਂਟ ਦਾ ਨਾਂ ਬਦਲ ਕੇ ਸਿੱਖ ਲਾਈਟ ਇਨਫੈਂਟਰੀ ਕਰ ਦਿੱਤਾ ਗਿਆ ਸੀ ਪਰੰਤੂ ਚਮਾਰ ਰੈਜੀਮੈਂਟ ਨੂੰ 1946 ਵਿਚ ਭੰਗ ਕਰ ਦਿੱਤਾ ਗਿਆ ਸੀਅਤੇ ਉਸ ਤੋਂ ਬਾਦ ਕਦੇ ਵੀ ਇਸ ਰੈਜੀਮੈਂਟ ਨੂੰ ਬਹਾਲ ਨਹੀਂ ਕੀਤਾ ਗਿਆ ਹੈ। ਆਧੁਨਿਕ ਭਾਰਤੀ ਫੌਜ ਆਪਣੇ ਇਤਿਹਾਸ ਨੂੰ ਈਸਟ ਇੰਡੀਆ ਕੰਪਨੀ ਦੀ ਫੌਜ ਅਤੇ ਬਾਅਦ ਵਿੱਚ ਬ੍ਰਿਟਿਸ਼ ਭਾਰਤੀ ਫੌਜ ਦੇ ਦਿਨਾਂ ਤੱਕ ਸਮੋਈ ਬੈਠੀ ਹੈ। ਮੌਜੂਦਾ ਭਾਰਤੀ ਫੌਜ ਦੀ ਨੀਂਹ ਰੱਖਣ ਦਾ ਸਿਹਰਾ ਵੀ ਅੰਗਰੇਜ਼ਾਂ ਨੂੰ ਹੀ ਜਾਂਦਾ ਹੈ। ਇਹ ਪਹਿਲਾਂ ਕੰਪਨੀ ਫੋਰਸ ਵਜੋਂ ਜਾਣੀ ਜਾਂਦੀ ਸੀ ਇਹ 1858 ਤੋਂ ਬਾਅਦ ਬ੍ਰਿਟਿਸ਼ ਭਾਰਤੀ ਫੌਜ ਵਿੱਚ ਰੂਪਾਂਤਰਿਤ ਹੋਈਅਤੇ ਲੱਗਭਗ 250 ਸਾਲਾਂ ਤੱਕ ਅੰਗਰੇਜਾਂ ਦੀ ਸੇਵਾ ਕੀਤੀ ਹੈ। ਭਾਰਤ 15 ਅਗਸਤ 1947 ਨੂੰ ਆਜ਼ਾਦ ਹੋਇਆ ਅਤੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਐਂਗਲੋ ਫਾਈਲ ਬ੍ਰਿਟਿਸ਼ ਪਰੰਪਰਾਵਾਂ ਨੂੰ ਜਾਰੀ ਰੱਖਣਾ ਚਾਹੁੰਦੇ ਸੀ। ਭਾਰਤੀ ਫ਼ੌਜ ਦੇ ਉੱਚ ਅਧਿਕਾਰੀ ਜੋ ਬ੍ਰਿਟਿਸ਼ ਸੱਭਿਆਚਾਰ ਅਤੇ ਪ੍ਰਭਾਵ ਵਿੱਚ ਸਨ ਜਾਤ ਆਧਾਰਿਤ ਫ਼ੌਜ ਤੋਂ ਅੱਗੇ ਨਹੀਂ ਸੋਚ ਸਕਦੇ ਸਨ। ਇਸ ਤਰ੍ਹਾਂ ਆਜ਼ਾਦ ਭਾਰਤ ਵਿੱਚ ਵੀ ਜਾਤਅਧਾਰਤ ਰੈਜੀਮੈਂਟਾਂ ਕਾਇਮ ਰਹੀਆਂ ਪਰੰਤੂ ਚਮਾਰ ਰੈਜੀਮੈਂਟ ਨੂੰ ਮੁੜ ਸੁਰਜੀਤ ਕਰਨ ਤਜਵੀਜ਼ ਕਦੇ ਵੀ ਨਹੀਂ ਬਣਾਈ ਗਈ। 15 ਜਨਵਰੀ 1949 ਨੂੰ ਫੀਲਡ ਮਾਰਸ਼ਲ ਕੇ.ਐਮ. ਕਰਿਅੱਪਾ ਨੇ ਭਾਰਤੀ ਫੌਜ ਦੇ ਕਮਾਂਡਰ ਇਨ ਚੀਫ਼ ਦਾ ਚਾਰਜ ਸੰਭਾਲਿਆ ਸੀ। ਚਮਾਰ ਰੈਜੀਮੈਂਟ ਦੇਕੈਪਟਨ ਮੋਹਨ ਲਾਲ ਕੁਰੀਲ ਜਿਨ੍ਹਾਂ ਨੂੰ ਜੰਗੀ ਕੈਦੀ ਬਣਾਇਆ ਗਿਆ ਸੀ ਜਿਨ੍ਹਾਂ ਨੂੰ ਆਜ਼ਾਦੀ ਤੋਂ ਬਾਅਦ ਰਿਹਾਅ ਕਰ ਦਿੱਤਾ ਗਿਆ ਸੀ। ਉਹ 1952 ਵਿੱਚ ਉਨਾਓ ਦੀ ਸਫੀਪੁਰ ਵਿਧਾਨ ਸਭਾ ਤੋਂ ਵਿਧਾਇਕ ਵੀ ਰਹੇ। ਬ੍ਰਿਟਿਸ਼ ਇੰਡੀਅਨ ਆਰਮੀ ਵਿੱਚ ਚਮਾਰ ਸਿਰਫ 3.8% ਸੀ ਪਰ ਇਸਦੇ ਬਾਵਜੂਦ ਬ੍ਰਿਟਿਸ਼ ਸਰਕਾਰ ਨੇ ਉਹਨਾਂ ਲਈ ਇੱਕ ਵੱਖਰੀ ਰੈਜੀਮੈਂਟ ਬਣਾਈ ਕਿਉਂਕਿ ਉਹ ਇਸਦੇ ਹੱਕਦਾਰ ਸਨ।ਅੰਗਰੇਜ਼ਾਂ ਦਾ ਵਿਚਾਰ ਸੀ ਕਿ ਫੌਜ ਦੀਆਂ ਕੁਝ ਰੈਜੀਮੈਂਟਾਂ ਨੂੰ ਜਾਤੀ ਵਰਗੀਕਰਣ ਦੀ ਤਰਜ਼ ਤੇ ਸੰਗਠਿਤ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਸਮਾਜਿਕ, ਸੱਭਿਆਚਾਰਕ ਅਤੇ ਭਾਸ਼ਾਈ ਸਮਰੂਪਤਾ ਨੂੰ ਲੜਾਈ ਜਿੱਤਣ ਵਾਲੇ ਕਾਰਕ ਵਜੋਂ ਤਾਕਤ ਦੇ ਗੁਣਕ ਵਜੋਂ ਦੇਖਿਆ ਗਿਆ ਹੈ, ਭਾਸ਼ਾ ਅਤੇ ਸੱਭਿਆਚਾਰ ਦੀ ਸਮਾਨਤਾ ਹੋਰ ਵਧਦੀ ਹੈ। ਅਜ਼ਾਦੀ ਤੋਂ ਬਾਦ ਭਾਰਤੀ ਫੌਜ ਵਿੱਚ ਹੁਣ22 ਆਰਮੀ ਰੈਜੀਮੈਂਟਾਂ ਹਨ ਜੋ ਜਾਤ, ਖੇਤਰ ਅਤੇ ਧਰਮ ਦੇ ਅਧਾਰ ਤੇ ਪੁਰਾਣੇ ਸਮੇਂ ਤੋਂ ਜਾਰੀ ਹਨ ਜਿਨ੍ਹਾਂ ਵਿੱਚ ਮਰਾਠਾ ਲਾਈਟ ਇਨਫੈਂਟਰੀ, ਰਾਜਪੂਤਾਨਾ ਰਾਈਫਲਜ਼, ਰਾਜਪੂਤ ਰੈਜੀਮੈਂਟ, ਜਾਟ ਰੈਜੀਮੈਂਟ, ਸਿੱਖ ਰੈਜੀਮੈਂਟ, ਡੋਗਰਾ ਰੈਜੀਮੈਂਟ, ਨਾਗਾ ਰੈਜੀਮੈਂਟ, ਗੋਰਖਾ ਰੈਜੀਮੈਂਟ, ਪੰਜਾਬ ਰੈਜੀਮੈਂਟ, ਮਦਰਾਸ ਰੈਜੀਮੈਂਟ, ਸਿੱਖ ਲਾਈਟ ਇਨਫੈਂਟਰੀ, ਗੜ੍ਹਵਾਲ ਰਾਈਫਲਜ਼, ਕੁਮਾਉਂ ਰੈਜੀਮੈਂਟ, ਅਸਾਮ ਰੈਜੀਮੈਂਟ, ਬਿਹਾਰ ਰੈਜੀਮੈਂਟ, ਜੰਮੂ ਅਤੇ ਕਸ਼ਮੀਰ ਰਾਈਫਲਜ਼, ਜੰਮੂ ਅਤੇ ਕਸ਼ਮੀਰ ਲਾਈਟ ਇਨਫੈਂਟਰੀ, ਨਾਗਾ ਰੈਜੀਮੈਂਟ, ਗੋਰਖਾ ਰਾਈਫਲਜ਼, ਲੱਦਾਖ ਸਕਾਊਟਸ, ਮਹਾਰ ਰੈਜੀਮੈਂਟ, ਅਰੁਣਾਚਲ ਸਕਾਊਟਸ, ਸਿੱਕਮ ਸਕਾਊਟਸ ਆਦਿ ਸ਼ਾਮਿਲ ਹਨ। ਭਾਰਤੀ ਰਾਸ਼ਟਰਪਤੀ ਦੇ ਅੰਗ ਰੱਖਿਅਕਾਂ ਦੀ ਵੀ ਇੱਕ ਛੋਟੀ ਯੂਨਿਟ ਹੈ ਜਿਸ ਵਿੱਚ ਲਗਭਗ 150 ਸੈਨਿਕ ਹਨ ਜੋ ਅਜੇ ਵੀ ਤਿੰਨ ਜਾਤਾਂ ਹਿੰਦੂ ਜਾਟ, ਜਾਟ ਸਿੱਖ ਅਤੇ ਰਾਜਪੂਤ ਵਿੱਚੋਂ ਚੁਣੇ ਜਾਂਦੇ ਹਨ। ਇਤਿਹਾਸਕ ਤੋਰ ਤੇ ਕੰਮ ਕਰਨ ਅਤੇ ਲੜਣ ਵਾਲੀ ਚਮਾਰ ਰੈਜੀਮੈਂਟ ਦੀ ਬਹਾਲੀ ਲਈ ਪਿਛਲੇ ਲੰਬੇ ਸਮੇਂ ਤੋਂ ਲੋਕ ਮੰਗਅਤੇ ਸੰਘਰਸ਼ ਕਰ ਰਹੇ ਹਨ। ਦਲਿਤ ਆਗੂ ਸ਼ਾਂਤ ਪ੍ਰਕਾਸ਼ ਜਾਟਵ ਦਾ ਕਹਿਣਾ ਹੈ ਕਿ ਇਹ ਰੈਜੀਮੈਂਟ ਬਹੁਤ ਪਹਿਲਾਂ ਤੋਂ ਹੋਂਦ ਵਿੱਚ ਸੀ। ਚਮਾਰ ਰੈਜੀਮੈਂਟ ਨੂੰ ਬਹਾਲ ਕਰਨ ਦੀ ਮੰਗ ਕਰਨ ਵਾਲੇ ਦਲਿਤ ਨੇਤਾ ਆਰ ਐਸ ਪੂਨੀਆ ਦਾ ਕਹਿਣਾ ਹੈ ਕਿ ਮਹਾਰ ਸੈਨਿਕਾਂ ਵਲੋਂ ਲੜੀ ਗਈ ਭੀਮਾ-ਕੋਰੇਗਾਂਵ ਦੀ ਲੜਾਈ ਅਤੇ ਚਮਾਰ ਰੈਜੀਮੈਂਟ ਵਿਚ ਇਕ ਵੱਡਾ ਅੰਤਰ ਇਹ ਹੈ ਕਿ ਮਹਾਰ ਅੰਗਰੇਜ਼ਾਂ ਦੇ ਪੱਖ ਵਿਚ ਲੜੇ ਪਰ ਚਮਾਰ ਰੈਜੀਮੈਂਟ ਨੇ ਆਜ਼ਾਦ ਹਿੰਦ ਫੌਜ ਲਈ ਅੰਗਰੇਜ਼ਾਂ ਵਿਰੁੱਧ ਬਗਾਵਤ ਕੀਤੀ ਸੀ। ਦਲਿਤਾਂ ਨੇ ਇਸ ਰੈਜੀਮੈਂਟ ਦੀ ਬਹਾਲੀ ਲਈ ਕਈ ਰਾਜਾਂ ਵਿੱਚ ਪ੍ਰਦਰਸ਼ਨ ਕੀਤੇ ਹਨ। ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ ਨੇ ਇਸ ਦਾ ਨੋਟਿਸ ਲਿਆ ਅਤੇ ਕਮਿਸ਼ਨ ਦੇ ਸਾਬਕਾ ਮੈਂਬਰ ਈਸ਼ਵਰ ਸਿੰਘ ਨੇ ਰੱਖਿਆ ਸਕੱਤਰ ਭਾਰਤ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਸੀ ਜਿਸ ਵਿੱਚ ਪੁੱਛਿਆ ਗਿਆ ਕਿ ਇਸ ਰੈਜੀਮੈਂਟ ਨੂੰ ਖਤਮ ਕਿਉਂ ਕੀਤਾ ਗਿਆ। ਉਨ੍ਹਾਂ ਅਨੁਸਾਰਦਲਿਤ ਮਾੜੀ ਸਥਿਤੀ ਵਿੱਚ ਰਹਿੰਦੇ ਹਨ ਫਿਰ ਵੀ ਉਨ੍ਹਾਂ ਦੀ ਰੈਜੀਮੈਂਟ ਨੂੰ ਫੌਜ ਵਿੱਚ ਬਹਾਲ ਕਿਉਂ ਨਹੀਂ ਕੀਤਾ ਜਾ ਰਿਹਾ ਹੈ। ਸ਼ਾਂਤ ਪ੍ਰਕਾਸ਼ ਜਾਟਵ ਨੇ ਅਕਤੂਬਰ 2015 ਵਿੱਚ ਕੇਂਦਰ ਸਰਕਾਰ ਤੋਂ ਇਸ ਰੈਜੀਮੈਂਟ ਨੂੰ ਬਹਾਲ ਕਰਨ ਦੀ ਮੰਗ ਕੀਤੀ ਸੀ। ਉਸ ਦਾ ਦਾਅਵਾ ਹੈ ਕਿ ਇਸ ਮੰਗ ਤੇ ਨਵੰਬਰ 2015 ਵਿੱਚ ਸਾਬਕਾ ਰੱਖਿਆ ਮੰਤਰੀ ਮਨੋਹਰ ਪਾਰੀਕਰ ਨੇ ਲਿਖਿਆ ਸੀ ਕਿ ਮੈਂ ਮਾਮਲੇ ਦੀ ਜਾਂਚ ਕਰਵਾ ਰਿਹਾ ਹਾਂ। ਉਨ੍ਹਾਂ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਚਮਾਰ ਰੈਜੀਮੈਂਟ ਦੀ ਗੌਰਵਸ਼ਾਲੀ ਕਹਾਣੀ ਨੂੰ ਪਾਠ ਪੁਸਤਕਾਂ ਵਿੱਚ ਸ਼ਾਮਲ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਚਮਾਰ ਰੈਜੀਮੈਂਟ ਫੋਰਮ ਬਣਾ ਕੇ ਅਸੀਂ ਦਲਿਤਾਂ ਨੂੰ ਜਾਗਰੁਕ ਕਰ ਰਹੇ ਹਾਂ ਕਿ ਉਨ੍ਹਾਂ ਦਾ ਇਤਿਹਾਸ ਕਿੰਨਾ ਗੌਰਵਮਈ ਰਿਹਾ ਹੈ। ਉਨ੍ਹਾਂ ਅਨੁਸਾਰ ਇਸਦੇ ਸੈਨਿਕ ਜਿਨ੍ਹਾਂ ਨੂੰ ਅੰਗਰੇਜ਼ਾਂ ਦੁਆਰਾ ਬਾਗੀ ਘੋਸ਼ਿਤ ਕੀਤਾ ਗਿਆ, ਕੈਦ ਅਤੇ ਤਸੀਹੇ ਦਿੱਤੇ ਗਏ ਸਨ ਨੂੰ ਮਿਲਟਰੀ ਬੋਰਡ ਦੁਆਰਾ ਸੂਚੀਬੱਧ ਕੀਤਾ ਜਾਣਾ ਚਾਹੀਦਾ ਹੈ ਅਤੇ ਆਜ਼ਾਦੀ ਘੁਲਾਟੀਆਂ ਦਾ ਦਰਜਾ ਦਿੱਤਾ ਜਾਣਾ ਚਾਹੀਦਾ ਹੈ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਆਧੁਨਿਕ ਇਤਿਹਾਸ ਵਿਭਾਗ ਵਿੱਚ "ਚਮਾਰ ਰੈਜੀਮੈਂਟ ਬ੍ਰਿਟਿਸ਼ ਕਾਲ ਦੌਰਾਨ ਭਾਰਤੀ ਫੌਜ ਦੇ ਢਾਂਚੇ ਵਿੱਚ ਇੱਕ ਇਤਿਹਾਸਕ ਅਧਿਐਨ" ਵਿਸ਼ੇ ਤੇ ਖੋਜ ਚੱਲ ਰਹੀ ਹੈ। ਜਾਤ ਜਾਂ ਧਰਮ ਦੇ ਅਧਾਰ ਤੇ ਬਣੀ ਸਿੱਖ ਰੈਜੀਮੈਂਟ, ਜਾਟ ਰੈਜੀਮੈਂਟ, ਗੋਰਖਾ ਰੈਜੀਮੈਂਟ, ਮਹਾਰ ਰੈਜੀਮੈਂਟ, ਡੋਗਰਾ ਰੈਜੀਮੈਂਟ ਆਦਿ ਦੀ ਹੋਂਦ ਜਾਰੀ ਹੈ ਪਰੰਤੂ ਚਮਾਰ ਰੈਜੀਮੈਂਟ ਨੂੰ ਅਜੇ ਤੱਕ ਬਹਾਲ ਨਹੀਂ ਕੀਤਾ ਗਿਆ ਹੈ। ਸਮੇਂ-ਸਮੇਂ ਤੇ ਚਮਾਰ ਰੈਜੀਮੈਂਟ ਨੂੰ ਦੁਬਾਰਾ ਬਣਾਉਣ ਦੀ ਚਰਚਾ ਹੁੰਦੀ ਰਹੀ ਹੈ ਜ਼ਿਆਦਾਤਰ ਲੋਕ ਚਰਚਾ ਵਿੱਚ ਇਹ ਕਹਿੰਦੇ ਨਜ਼ਰ ਆਏ ਕਿ ਜਦੋਂ ਫੌਜ ਵਿੱਚ ਜਾਤ ਦੇ ਨਾਂ ਤੇ ਰੈਜੀਮੈਂਟਾਂ ਬਣ ਸਕਦੀਆਂ ਹਨ ਤਾਂ ਚਮਾਰ ਰੈਜੀਮੈਂਟ ਕਿਉਂ ਨਹੀਂ। ਦਲਿਤ ਨੇਤਾ ਆਰ ਐਸ ਪੂਨੀਆ, ਚੰਦਰ ਸ਼ੇਖਰ ਆਜ਼ਾਦ ਰਾਵਣ, ਰਾਸ਼ਟਰੀ ਜਨਤਾ ਦਲ ਦੇ ਨੇਤਾ ਡਾਕਟਰ ਰਘੂਵੰਸ਼ ਪ੍ਰਸਾਦ ਸਿੰਘ, ਉਦਿਤਰਾਜ, ਰਾਜੇਸ਼ ਬਾਘਾ ਵਰਗੇ ਕਈ ਨੇਤਾਵਾਂ ਨੇ ਸੁਝਾਅ ਦਿੱਤਾ ਹੈ ਕਿ ਚਮਾਰ ਰੈਜੀਮੈਂਟ ਨੂੰ ਦੁਬਾਰਾ ਬਹਾਲ ਕੀਤਾ ਜਾਵੇ। ਸਾਲ 1998-2004 ਤੱਕ ਜਨਤਾ ਸਰਕਾਰ ਦੇ ਸਮੇਂ ਦੌਰਾਨ ਕੁਝ ਪੱਛੜੀਆਂ ਜਾਤੀਆਂ ਦੇ ਰਾਜਨੀਤਿਕ ਨੇਤਾਵਾਂ ਦੁਆਰਾ ਚਮਾਰ ਰੈਜੀਮੈਂਟ ਨੂੰ ਮੁੜ ਸੁਰਜੀਤ ਕਰਨ ਲਈ ਇੱਕ ਪ੍ਰਸਤਾਵ ਰੱਖਿਆ ਗਿਆ ਸੀ। ਭਾਰਤੀ ਫੌਜ ਨੇ ਹਾਲਾਂਕਿ ਇਹ ਫੈਸਲਾ ਕੀਤਾ ਹੈ ਕਿ ਮੌਜੂਦਾ ਰੈਜੀਮੈਂਟਾਂ ਵਿੱਚ ਕੋਈ ਹੋਰ ਜਾਤੀ ਅਧਾਰਤ ਰੈਜੀਮੈਂਟ ਨਹੀਂ ਜੋੜੀ ਜਾਵੇਗੀ ਅਤੇ ਇਸ ਲਈ ਵਾਜਪਾਈ ਸਰਕਾਰ ਦੁਆਰਾ ਪ੍ਰਸਤਾਵ ਨੂੰ ਮੰਨਜ਼ੂਰੀ ਨਹੀਂ ਦਿੱਤੀ ਗਈ ਸੀ। ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਮਾਰ ਰੈਜੀਮੈਂਟ ਦੀਆਂ ਪ੍ਰਾਪਤੀਆਂ ਨੂੰ ਉਜਾਗਰ ਕਰਨ ਲਈ ਕਿਸੇ ਯੂਨੀਵਰਸਿਟੀ ਵਿੱਚ ਇੱਕ ਚੇਅਰ ਸਥਾਪਤ ਕਰਨ ਦੀ ਵੀ ਬੇਨਤੀ ਕੀਤੀ ਹੈ। ਭਾਰਤੀ ਫੌਜ ਨੇ ਸੁਪਰੀਮ ਕੋਰਟ ਵਿੱਚ ਹਵਾਲਾ ਦਿੱਤਾ ਹੈ ਕਿ ਵੱਖ ਵੱਖ ਜਾਤਾਂ ਦੀ ਫੌਜ ਵਿੱਚ ਭਰਤੀ ਪੂਰੀ ਤਰ੍ਹਾਂ ਕਾਰਜਸ਼ੀਲ ਲੋੜਾਂ ਦੇ ਆਧਾਰ ਤੇ ਕੀਤੀ ਜਾਂਦੀ ਹੈ। ਚਮਾਰ ਰੈਜੀਮੈਂਟ ਨਾਲ ਜੁੜੇ ਸੈਨਿਕਾਂ ਦੇ ਪਰਿਵਾਰਾਂ ਵਲੋਂ ਚਮਾਰ ਰੈਜੀਮੈਂਟ ਦਾ ਸਮਾਰਕ ਹਰਿਆਣਾ ਦੇ ਹਾਂਸੀ ਦੇ ਬੀੜ ਫਾਰਮ ਵਿੱਚ ਬਣਾਇਆ ਗਿਆ ਹੈ ਅਤੇ ਹੋਰ ਬਣਾਉਣ ਲਈ ਕੰਮ ਚੱਲ ਰਿਹਾ ਹੈ। ਚਮਾਰ ਰੈਜੀਮੈਂਟ ਜਿਸਨੂੰ ਅੰਗਰੇਜ਼ਾਂ ਵਲੋਂ ਸਿਰਫ ਅੰਗਰੇਜਾਂ ਵਿਰੁੱਧ ਵਿਦਰੋਹ ਕਰਨ ਅਤੇ ਅਜ਼ਾਦੀ ਦੀ ਲੜਾਈ ਵਿੱਚ ਸ਼ਾਮਿਲ ਹੋਣ ਲਈ ਖਤਮ ਕੀਤਾ ਗਿਆ ਹੈ ਨੂੰ ਮੁੜ ਬਹਾਲ ਕਰਨ ਲਈ ਸਰਕਾਰ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਅਤੇ ਚਮਾਰ ਰੈਜੀਮੈਂਟ ਦੇ ਗੋਰਵਸ਼ਾਲੀ ਇਤਿਹਾਸ ਬਾਰੇ ਜਾਗਰੂਕ ਕਰਨ ਲਈ ਕੋਈ ਠੋਸ ਯੋਜਨਾ ਬਣਾਉਣੀ ਚਾਹੀਦੀ ਹੈ।

# ਭਾਰਤ ਵਿੱਚ ਕੰਨਿਆ ਪਾਠਸ਼ਾਲਾ ਖੋਲਣ ਵਾਲੀ ਪਹਿਲੀ ਮਹਿਲਾ ਅਧਿਆਪਕਾ, ਸਮਾਜ ਸੁਧਾਰਿਕਾ ਅਤੇ ਮਰਾਠੀ ਕਵਿਤਰੀ ਸਾਵਿਤਰੀ ਬਾਈ ਫੂਲੇ



ਕੁਲਦੀਪ ਚੰਦ
91-9417563054

ਕੁੱਝ ਸਮਾਜਿਕ ਕੁਪ੍ਰਥਾਵਾਂ ਕਾਰਨ ਭਾਰਤ ਵਿੱਚ ਲੰਬਾ ਸਮਾਂ ਮਹਿਲਾਵਾਂ ਸਮਾਜਿਕ ਅਤੇ ਧਾਰਮਿਕ ਕੁਰਿਤੀਆਂ ਅਤੇ ਵਿਤਕਰੇ ਦਾ ਸ਼ਿਕਾਰ ਰਹੀਆਂ ਹਨ ਅਤੇ ਦਲਿਤ ਮਹਿਲਾਵਾਂ ਨੂੰ ਹੋਰ ਵੀ ਵੱਧ ਅੱਤਿਆਚਾਰਾਂ ਦਾ ਸ਼ਿਕਾਰ ਹੋਣਾ ਪਿਆ ਹੈ। ਭਾਰਤ ਵਿੱਚ ਮਹਿਲਾਵਾਂ ਨਾਲ ਹੋ ਰਹੇ ਇਸ ਵਿੱਤਕਰੇ ਨੂੰ ਖਤਮ ਕਰਨ ਲਈ ਸਮੇਂ ਸਮੇਂ ਤੇ ਕਈ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਸਮਾਜ ਸੁਧਾਰਕਾਂ ਨੇ ਮੁਹਿੰਮ ਚਲਾਈ ਹੈ ਜਿਨ੍ਹਾਂ ਵਿੱਚੋਂ ਰਾਜਾ ਰਾਮ ਮੋਹਨ ਰਾਏ, ਸਵਾਮੀ ਵਿਵੇਕਾਨੰਦ, ਦਇਆ ਨੰਦ ਸਰਸਵਤੀ, ਸਯੱਦ ਅਹਿਮਦ ਖ਼ਾਨ, ਪੰਡਿਤਾ ਰਮਾਬਾਈ, ਪੇਰੀਆਰ ਈ ਵੀ ਰਾਮਾਸਾਮੀ, ਜਯੋਤੀਬਾ ਫੂਲੇ , ਸਾਵਿੱਤਰੀ ਬਾਈ ਫੂਲੇ, ਡਾਕਟਰ ਭੀਮ ਰਾਓ ਅੰਬੇਡਕਰ ਆਦਿ ਦਾ ਵਿਸ਼ੇਸ਼ ਨਾਮ ਸ਼ਾਮਿਲ ਹਨ। ਇਨ੍ਹਾਂ ਸਮਾਜ ਸੁਧਾਰਕਾਂ ਵਿੱਚ ਸ਼ਾਮਿਲ ਪਹਿਲੀ ਮਹਿਲਾ ਅਧਿਆਪਕ ਸਾਵਿਤਰੀ ਬਾਈ ਫੂਲੇ ਦਾ ਜਨਮ 03 ਜਨਵਰੀ 1831 ਨੂੰ ਹੋਇਆ ਸੀ। ਆਪ ਦੇ ਪਿਤਾ ਦਾ ਨਾਮ ਖੰਦੋਜੀ ਨੇਵਸੇ ਪਾਟਿਲ ਅਤੇ ਮਾਤਾ ਦਾ ਨਾਮ ਲਕਸ਼ਮੀ ਸੀ ਅਤੇ ਆਪ ਦਾ ਪਰਿਵਾਰ ਖੇਤੀਬਾੜੀ ਕਰਦਾ ਸੀ। ਉਹ ਪਰਿਵਾਰ ਦੀ ਸਭ ਤੋਂ ਵੱਡੀ ਧੀ ਸੀ। 1840 ਵਿੱਚ ਜਦੋਂ ਉਸਦੀ ਉਮਰ ਸਿਰਫ 09 ਸਾਲ ਦੀ ਸੀ ਦਾ ਵਿਆਹ 13ਸਾਲਾ ਮਾਲੀ ਪਰਿਵਾਰ ਦੇ ਜੋਤੀਬਾ ਫੂਲੇ ਨਾਲ ਹੋਇਆ ਸੀ। ਵਿਆਹ ਤੋਂ ਬਾਦ ਉਹ ਅਪਣੇ ਪਤੀ ਨਾਲ ਪੂਨੇ ਆ ਗਈ। ਵਿਆਹ ਤੋਂ ਪਹਿਲਾਂ ਉਹ ਅਨਪੜ੍ਹ ਸੀ ਪਰ ਉਸਦੇ ਪਤੀ ਜੋਤੀਬਾ ਫੂਲੇ ਨੇ ਉਸਨੂੰ ਪੜ੍ਹਾਇਆ। ਉਸਨੇ ਪੂਨੇ ਅਤੇ ਅਹਿਮਦਨਗਰ ਵਿੱਚ ਅਧਿਆਪਕਾ ਦੀ ਟਰੇਨਿਗ ਲਈ ਅਤੇ ਇੱਕ ਯੋਗ ਅਧਿਆਪਕਾ ਬਣੀ। 03 ਜਨਵਰੀ 1848 ਨੂੰ ਪੂਨੇ ਵਿੱਚ ਉਸਨੇ ਅਪਣੇ ਪਤੀ ਨਾਲ ਮਿਲਕੇ ਵੱਖ ਵੱਖ ਜਾਤਾਂ ਦੀਆਂ 09 ਲੜਕੀਆਂ ਲਈ ਪਹਿਲਾ ਸਕੂਲ ਚਲਾਇਆ ਅਤੇ ਇੱਕ ਸਾਲ ਵਿੱਚ ਹੀ 05 ਸਕੂਲ ਖੋਲ ਦਿੱਤੇ। ਉਸ ਵੇਲੇ ਬਾਲ-ਵਿਆਹ ਪ੍ਰਥਾ, ਸਤੀ, ਲੜਕੀਆਂ ਨੂੰ ਜੰਮਦੇ ਹੀ ਮਾਰ ਦੇਣ, ਵਿਧਵਾ ਇਸਤਰੀਆਂ ਨਾਲ ਗੈਰ ਮਨੁੱਖੀ ਵਤੀਰਾ, ਬੇਮੇਲ ਵਿਆਹ, ਬਹੁਪਤਨੀ ਵਿਆਹ ਆਦਿ ਕੁਪ੍ਰਥਾਵਾਂ ਸਿਖਰ ਤੇ ਸਨ। ਉਸਨੇ ਨਾ ਸਿਰਫ਼ ਸਿੱਖਿਆ ਲਈ ਲੜਾਈ ਲੜੀ ਸਗੋਂ ਦੇਸ਼ ਵਿੱਚ ਫੈਲੀਆਂ ਕੁਪ੍ਰਥਾਵਾਂ ਵਿਰੁੱਧ ਵੀ ਆਵਾਜ਼ ਉਠਾਈ। ਉਸਨੇ ਛੂਤ-ਛਾਤ, ਬਾਲ-ਵਿਆਹ, ਸਤੀ ਪ੍ਰਥਾ ਅਤੇ ਵਿਧਵਾ ਪੁਨਰ-ਵਿਆਹ ਦੀ ਮਨਾਹੀ ਵਰਗੀਆਂ ਬੁਰਾਈਆਂ ਦਾ ਵਿਰੋਧ ਕੀਤਾ ਅਤੇ ਉਨ੍ਹਾਂ ਵਿਰੁੱਧ ਅਵਾਜ਼ ਬੁਲੰਦ ਕੀਤੀ। ਉਹ ਸਾਰੀ ਉਮਰ ਔਰਤਾਂ ਦੇ ਹੱਕਾਂ ਲਈ ਲੜਦੀ ਰਹੀ। ਉਸਨੇ ਮਹਿਲਾਵਾਂ ਦੇ ਅਧਿਕਾਰਾਂ ਅਤੇ ਸਿੱਖਿਆ ਸਬੰਧੀ ਬਹੁਤ ਸਾਰੇ ਮਹੱਤਵਪੂਰਨ ਕੰਮ ਕੀਤੇ। 1849 ਤੱਕ ਸਾਵਿਤਰੀ ਬਾਈ ਅਤੇ ਜੋਤੀਰਾਓ ਫੂਲੇ ਜੋਤੀਬਾ ਰਾਓ ਦੇ ਪਿਤਾ ਦੇ ਘਰ ਰਹਿ ਰਹੇ ਸਨ। ਉਨ੍ਹਾਂ ਦੇ ਇਸ ਸਮਾਜਿਕ ਅੰਦੋਲਨ ਦੇ ਵਿਰੋਧ ਨੂੰ ਵੇਖਕੇ 1849 ਵਿੱਚ ਜੋਤੀਬਾ ਰਾਓ ਦੇ ਪਿਤਾ ਨੇ ਉਨ੍ਹਾਂ ਨੂੰ ਅਪਣੇ ਘਰੋਂ ਕੱਢ ਦਿਤਾ ਕਿਉਕਿ ਉਨ੍ਹਾਂ ਦੇ ਸਮਾਜ ਸੁਧਾਰ ਦੇ ਕੰਮਾਂ ਨੂੰ ਉਸ ਵੇਲੇ ਸਮਾਜ ਵਿੱਚ ਮਾਨਤਾ ਨਹੀਂ ਸੀ। ਉਸ ਤੋ ਬਾਅਦ ਉਹ ਅਪਣੇ ਇੱਕ ਦੋਸਤ ਉਸਮਾਨ ਸ਼ੇਖ ਦੇ ਪਰਿਵਾਰ ਦੇ ਕੋਲ ਚਲੇ ਗਏ। ਉੱਥੇ ਹੀ ਸਾਵਿਤਰੀ ਬਾਈ ਫਾਤਿਮਾ ਬੇਗਮ ਸ਼ੇਖ ਨਾਂ ਦੀ ਕਰੀਬੀ ਦੋਸਤ ਅਤੇ ਸਹਿਯੋਗੀ ਨੂੰ ਮਿਲੀ ਜੋਕਿ ਪੜ੍ਹਨਾ ਲਿਖਣਾ ਜਾਣਦੀ ਸੀ ਅਤੇ ਉਸਦਾ ਭਰਾ ਉਸਮਾਨ ਜੋਕਿ ਜੋਤੀਬਾ ਦਾ ਦੋਸਤ ਸੀ ਨੇ ਫਾਤਿਮਾ ਨੂੰ ਅਧਿਆਪਕ ਸਿਖਲਾਈ ਕੋਰਸ ਕਰਨ ਲਈ ਉਤਸ਼ਾਹਿਤ ਕੀਤਾ ਸੀ। ਸਾਵਿੱਤਰੀ ਬਾਈ ਫੂਲੇ ਭਾਰਤ ਵਿੱਚ ਪਹਿਲੀ ਦਲਿਤ ਅਧਿਆਪਕਾ ਸੀ ਅਤੇ ਫਾਤਿਮਾ ਸ਼ੇਖ ਪਹਿਲੀ ਮੁਸਲਮਾਨ ਅਧਿਆਪਕਾ ਸੀ। ਫਾਤਿਮਾ ਅਤੇ ਸਾਵਿਤਰੀ ਬਾਈ ਨੇ 1849 ਵਿੱਚ ਘਰ ਵਿੱਚ ਹੀ ਇੱਕ ਸਕੂਲ ਖੋਲ੍ਹਿਆ। 1850 ਵਿੱਚ ਬਿਮਾਰੀ ਦੀ ਹਾਲਤ ਵਿੱਚ ਸਾਵਿੱਤਰੀ ਬਾਈ ਫੂਲੇ ਨੂੰ ਮਾਪਿਆਂ ਦੇ ਘਰ ਆਉਣਾ ਪਿਆ। ਭਰਾ ਨਾਲ ਤਿੱਖੀ ਵਿਚਾਰਧਾਰਕ ਝੜਪ ਹੁੰਦੀ ਰਹੀ। ਸਾਲ1850 ਦੇ ਦਹਾਕੇ ਵਿੱਚ ਸਾਵਿਤਰੀ ਬਾਈ ਅਤੇ ਜੋਤੀਬਾ ਰਾਓ ਫੂਲੇ ਨੇ ਦੋ ਵਿੱਦਿਅਕ ਟਰੱਸਟਾਂ ਦੀ ਸਥਾਪਨਾ ਕੀਤੀ। ਸਾਲ 1852 ਵਿੱਚ ਉਸ ਨੇ ਅਛੂਤ ਲੜਕੀਆਂ ਲਈ ਇੱਕ ਪਾਠਸ਼ਾਲਾ ਦੀ ਸਥਾਪਨਾ ਕੀਤੀ। ਉਸ ਨੇ ਮਹਿਲਾਵਾਂ ਲਈ ਵਿਧਵਾ ਵਿਆਹ ਕਰਵਾਉਣ, ਛੂਆਛਾਤ ਮਿਟਾਉਣ, ਔਰਤਾਂ ਦੀ ਮੁਕਤੀ ਅਤੇ ਦਲਿਤ ਔਰਤਾਂ ਨੂੰ ਸਿੱਖਿਅਤ ਕਰਨ ਲਈ ਜੋਰਦਾਰ ਸੰਘਰਸ਼ ਕੀਤਾ। ਸਾਲ 1852 ਵਿੱਚ ਤਿੰਨ ਸਕੂਲ ਚਲਾਏ ਗਏ ਸਨ। ਉਸੇ ਸਾਲ 16 ਨਵੰਬਰ ਨੂੰ ਬ੍ਰਿਟਿਸ਼ ਸਰਕਾਰ ਨੇ ਫੂਲੇ ਪਰਿਵਾਰ ਨੂੰ ਸਿੱਖਿਆ ਵਿੱਚ ਉਨ੍ਹਾਂ ਦੇ ਯੋਗਦਾਨ ਲਈ ਸਨਮਾਨਿਤ ਕੀਤਾ ਅਤੇ ਸਾਵਿਤਰੀਬਾਈ ਨੂੰ ਸਰਵੋਤਮ ਅਧਿਆਪਕ ਦਾ ਨਾਮ ਦਿੱਤਾ ਗਿਆ। ਉਸਨੇ ਔਰਤਾਂ ਨੂੰ ਉਨ੍ਹਾਂ ਦੇ ਅਧਿਕਾਰਾਂ, ਸਨਮਾਨ ਅਤੇ ਹੋਰ ਸਮਾਜਿਕ ਮੁੱਦਿਆਂ ਬਾਰੇ ਜਾਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ




ਮਹਿਲਾ ਸੇਵਾ ਮੰਡਲ ਵੀ ਸ਼ੁਰੂ ਕੀਤਾ। ਉਹ ਅਪਣੇ ਸਹਿਯੋਗੀਆਂ ਨਾਲ ਵਿਧਵਾਵਾਂ ਦੇ ਵਾਲ ਕਟਵਾਉਣ ਦੀ ਮੌਜੂਦਾ ਪ੍ਰਥਾ ਦੇ ਵਿਰੋਧ ਵਿੱਚ ਮੁੰਬਈ ਅਤੇ ਪੂਨਾ ਵਿੱਚ ਨਾਈਆਂ ਦੀਆਂ ਹੜਤਾਲਾਂ ਦਾ ਆਯੋਜਨ ਕਰਨ ਵਿੱਚ ਸਫਲ ਰਹੀ। ਉਹ ਇੱਕ ਕਵਿਤਰੀ ਸੀ ਉਸ ਨੂੰ ਮਰਾਠੀ ਦੀ ਆਦਿ ਕਵਿਤਰੀ ਵਜੋਂ ਜਾਣਿਆ ਜਾਂਦਾ ਹੈ। ਸਾਵਿਤਰੀਬਾਈ ਨੇ ਉਸ ਦੌਰ ਵਿੱਚ ਕੰਮ ਕੀਤਾ ਜਦੋ ਧਾਰਮਿਕ ਅੰਧਵਿਸ਼ਵਾਸ, ਰੂੜੀਵਾਦ, ਛੂਆਛਾਤ, ਦਲਿਤਾਂ ਅਤੇ ਇਸਤਰੀਆਂ ਉੱਤੇ ਮਾਨਸਿਕ ਅਤੇ ਸਰੀਰਕ ਜ਼ੁਲਮ ਆਪਣੀ ਸਿਖਰ ਤੇ ਸੀ। ਇਹ ਆਪਣੇ ਆਪ ਵਿੱਚ ਇਕ ਉਦਾਹਰਣ ਹੈ ਕਿ 19ਵੀਂ ਸਦੀ ਦੇ ਅੱਧ ਵਿਚ ਜੋਤੀਬਾ ਰਾਓ ਫੂਲ ਨੇ ਅਪਣੀ ਪਤਨੀ ਸਾਵਿੱਤਰੀ ਬਾਈ ਫੂਲੇ ਨੂੰ ਪੜ੍ਹਾਇਆ ਅਤੇ ਅਧਿਆਪਕਾ ਦੇ ਅਹੁਦੇ ਤਕ ਪਹੁੰਚਾਇਆ। ਅਛੂਤਾਂ ਨੂੰ ਪੜ੍ਹਾਉਣ ਕਰਕੇ ਉਨ੍ਹਾਂ ਨੂੰ ਕਾਫੀ ਅੱਤਿਆਚਾਰ ਸਹਿਣੇ ਪਏ ਪਰ ਉਨ੍ਹਾਂ ਹੋਰ ਸਕੂਲਾਂ ਦੀ ਸ਼ੁਰੂਆਤ ਕੀਤੀ ਅਤੇ ਦਿਹਾੜੀਦਾਰ ਕਾਮਿਆਂ ਲਈ ਰਾਤ ਦਾ ਸਕੂਲ ਖੋਲ੍ਹਿਆ। ਉਨ੍ਹਾਂ ਨੇ ਵਿਧਵਾਵਾਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਆਸ਼ਰਮ ਬਣਾਇਆ। ਪਾਣੀ ਦੇ ਸ੍ਰੋਤ ਲਈ ਅਪਣਾ ਘਰ ਖੋਲ੍ਹ ਦਿੱਤਾ। ਪੜ੍ਹਾਈ ਪੂਰੀ ਕਰਨ ਤੋ ਬਾਅਦ ਸਾਵਿਤਰੀ ਬਾਈ ਫੂਲੇ ਨੇ ਮਹਾਰਵਾੜਾ ਵਿਖੇ ਲੜਕੀਆਂ ਨੂੰ ਪੜ੍ਹਾਉਣਾ ਸ਼ੁਰੂ ਕੀਤਾ। ਉਸ ਨੇ ਇੱਕ ਕ੍ਰਾਂਤੀਕਾਰੀ ਨਾਰੀਵਾਦੀ ਅਤੇ ਜੋਤੀ ਰਾਓ ਦੀ ਸਲਾਹਕਾਰ ਸਗੁਨਾ ਬਾਈ ਨਾਲ ਮਿਲਕੇ ਇਹ ਸਭ ਕੁੱਝ ਕੀਤਾ ਸੀ। 1851 ਦੇ ਅੰਤ ਤੱਕ ਸਾਵਿਤਰੀ ਬਾਈ ਅਤੇ ਜੋਤੀਬਾ ਰਾਓ ਫੂਲੇਪੂਨਾ ਵਿੱਚ ਲੜਕੀਆਂ ਲਈ ਤਿੰਨ ਵੱਖ-ਵੱਖ ਸਕੂਲ ਚਲਾ ਰਹੇ ਸਨ ਜਿਨ੍ਹਾਂ ਵਿੱਚ ਲਗਭਗ ਡੇਢ ਸੌ ਵਿਦਿਆਰਥੀ ਦਾਖਲ ਹੋਏ ਸਨ। ਜਨਵਰੀ 1848 ਤੋਂ ਲੈ ਕੇ 15 ਮਾਰਚ 1852 ਦੇ ਸਮੇਂ ਦੌਰਾਨ ਸਾਵਿਤਰੀਬਾਈ ਫੂਲੇ ਨੇ ਆਪਣੇ ਪਤੀ ਨਾਲ ਮਿਲ ਕੇ ਕੁੜੀਆਂ ਲਈ 18 ਸਕੂਲ ਖੋਲੇ।ਉਹ ਅੰਗਰੇਜ਼ੀ ਸਿੱਖਿਆ ਦੇ ਪ੍ਰਬਲ ਸਮਰਥਕ ਸਨ। ਉਹ ਮੰਨਦੇ ਸੀ ਕਿ ਅੰਗਰੇਜ਼ੀ ਸਿੱਖਿਆ ਦੱਬੇ-ਕੁਚਲੇ ਲੋਕਾਂ ਖਾਸ ਕਰਕੇ ਔਰਤਾਂ ਨੂੰ ਮੁਕਤ ਕਰ ਸਕਦੀ ਹੈ। ਫੂਲੇ ਜੋੜੇ ਵੱਲੋ ਚਲਾਇਆ ਗਿਆ ਸਕੂਲ ਹਿਸਾਬ, ਸਾਇੰਸ ਤੇ ਸਮਾਜਿਕ ਵਿਗਿਆਨ ਦੀ ਸਿੱਖਿਆ ਵੀ ਦਿੰਦਾ ਸੀ, ਜਿਸ ਦੀ ਸਿੱਖਿਆ ਘਰਾਂ ਵਿੱਚ ਚਲਾਏ ਗਏ ਸਕੂਲਾਂ ਵਿੱਚ ਨਹੀਂ ਮਿਲਦੀ ਸੀ। ਉਹ ਵਿਧਵਾਵਾਂ ਲਈ ਆਸ਼ਰਮ ਵਿੱਚ ਉਨ੍ਹਾਂ ਦੇ ਬੱਚਿਆਂ ਨੂੰ ਸੰਭਾਲਦੀ ਸੀ। ਉਸਨੇ ਮਾਪਿਆਂ ਵਿੱਚ ਸਿੱਖਿਆ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਨਿਯਮਤ ਮਾਪੇ-ਅਧਿਆਪਕ ਮੀਟਿੰਗਾਂ ਦਾ ਆਯੋਜਨ ਕੀਤਾ ਤਾਂ ਜੋ ਉਹ ਆਪਣੇ ਬੱਚਿਆਂ ਨੂੰ ਨਿਯਮਤ ਤੌਰ ਤੇ ਸਕੂਲ ਭੇਜਣ। ਸਾਵਿਤਰੀਬਾਈ ਅਤੇ ਜੋਤੀਬਾ ਰਾਓ ਫੂਲੇ ਦੀ ਇਸ ਮੁਹਿੰਮ ਨੂੰ ਰੂੜ੍ਹੀਵਾਦੀ ਵਿਚਾਰਧਾਰਾ ਵਾਲੇ ਸਥਾਨਕ ਲੋਕਾਂ ਦੇ ਕੱਟੜ ਵਿਰੋਧ ਦਾ ਸਾਹਮਣਾ ਕਰਨਾ ਪਿਆ। ਉਸ ਨੂੰ ਰਸਤੇ ਵਿੱਚ ਪ੍ਰੇਸਾਨ ਕੀਤਾ ਜਾਂਦਾ ਸੀ। ਰੂੜੀਵਾਦੀ ਵਿਚਾਰਧਾਰਾ ਵਾਲੇ ਅਤੇ ਵਿਰੋਧ ਕਰਨ ਵਾਲੇ ਵਿਅਕਤੀਆਂ ਦੁਆਰਾ ਪੱਥਰ, ਗੋਬਰ ਚਿੱਕੜ ਆਦਿ ਉਸ ਤੇ ਸੁੱਟਿਆ ਜਾਂਦਾ ਸੀ। ਉਹ ਅਕਸਰ ਇੱਕ ਵਾਧੂ ਸਾੜੀ ਲੈ ਕੇ ਆਪਣੇ ਸਕੂਲ ਜਾਂਦੀ ਸੀ ਅਤੇ ਅਪਣੀ ਖਰਾਬ ਸਾੜੀ ਸਕੂਲ ਵਿੱਚ ਬਦਲਦੀ ਸੀ। ਸ਼ੂਦਰ ਵਰਗ ਨਾਲ ਸਬੰਧਿਤ ਹੋਣ ਕਾਰਨ ਪਾਖੰਡੀਆਂ ਦੇ ਸੱਖਤ ਵਿਰੋਧ ਦਾ ਸਾਹਮਣਾ ਕਰਨਾ ਪਿਆ ਪਰੰਤੂ ਉਨਾਂ ਨੇ ਅਪਣਾ ਅੰਦੋਲਨ ਜਾਰੀ ਰੱਖਿਆ। ਉਸਨੇ ਅੰਤਰ-ਜਾਤੀ ਵਿਆਹਾਂ ਨੂੰ ਉਤਸ਼ਾਹਿਤ ਕਰਨ ਲਈ ਕਈ ਕਦਮ ਚੁੱਕੇ ਅਤੇ ਅਪਣੇ ਪਤੀ ਨਾਲ ਮਿਲਕੇ 'ਸਤਿਆਸ਼ੋਧਕ ਸਮਾਜ' ਦੀ ਸਥਾਪਨਾ ਕੀਤੀ। ਉਹ ਬਿਨਾਂ ਪੁਜਾਰੀ ਅਤੇ ਦਾਜ ਦੇ ਵਿਆਹ ਦਾ ਪ੍ਰਬੰਧ ਕਰਦੇ ਸੀ। ਇੱਕ ਉੱਚ ਜਾਤੀ ਦੀ ਵਿਧਵਾ ਗਰਭਵਤੀ ਮਹਿਲਾ ਕਾਸ਼ੀਬਾਈ ਲੋਕਾਂ ਦੇ ਗੁੱਸੇ ਤੋਂ ਡਰ ਕੇ ਆਤਮਹੱਤਿਆ ਕਰਨ ਵਾਲੀ ਸੀ ਪਰ ਸਾਬਿਤਰੀਬਾਈ ਨੇ ਉਸ ਨੂੰ ਇਹ ਭਿਆਨਕ ਕਦਮ ਚੁੱਕਣ ਤੋਂ ਰੋਕ ਦਿੱਤਾ। ਉਹ ਕਾਸ਼ੀਬਾਈ ਦੇ ਘਰ ਆਈ ਅਤੇ ਇੱਥੇ ਹੀ ਇੱਕ ਲੜਕੇ ਨੂੰ ਜਨਮ ਦਿਤਾ ਜਿਸਦਾ ਨਾਮ ਯਸ਼ਵੰਤ ਰੱਖਿਆ। 1874 ਵਿੱਚ ਜੋਤੀਬਾ ਰਾਓ ਫੂਲੇ ਅਤੇ ਸਾਵਿਤਰੀ ਬਾਈ ਨੇ ਇਸ ਬੱਚੇ ਨੂੰ ਗੋਦ ਲਿਆ। ਇਹ ਗੋਦ ਲਿਆ ਪੁੱਤਰ ਯਸ਼ਵੰਤ ਰਾਓ ਵੱਡਾ ਹੋ ਕੇ ਡਾਕਟਰ ਬਣ ਗਿਆ। ਯਸ਼ਵੰਤ ਫੂਲੇ ਜੋ ਉਨ੍ਹਾਂ ਦਾ ਵਾਰਿਸ ਬਣਿਆ ਇਸੇ ਵਿਧਵਾ ਆਸ਼ਰਮ ਵਿੱਚ ਪੈਦਾ ਹੋਇਆ ਸੀ। ਉਸਦਾ ਵਿਆਹ ਫਰਵਰੀ 1889 ਵਿੱਚ ਸਾਵਿਤਰੀਬਾਈ ਨੇ ਆਪਣੇ ਸਮੂਹ ਦੀ ਇੱਕ ਮੈਂਬਰ ਡਾਇਨੋਬਾ ਸਾਸਾਨੇ ਨਾਲ ਕਰਵਾਇਆ ਸੀ। 1890 ਵਿੱਚ ਉਸਦੇ ਪਤੀਜੋਤੀਬਾ ਰਾਓ ਫੂਲੇ ਦੀ ਮੌਤ ਹੋ ਗਈ ਅਤੇ ਉਸਨੇ ਆਪ ਪਤੀ ਦਾ ਸੰਸਕਾਰ ਕੀਤਾ। ਜੋਤੀਬਾ ਰਾਓ ਫੂਲੇ ਤੋ ਬਾਅਦ ਸਤਿਆਸ਼ੋਧਕ ਸਮਾਜ ਦਾ ਕੰਮ ਸਾਵਿੱਤਰੀ ਬਾਈ ਫੂਲੇ ਨੇ ਹੀ ਦੇਖਿਆ। ਸਾਵਿਤਰੀ ਬਾਈ ਅਤੇ ਉਸ ਦੇ ਗੋਦ ਲਏ ਪੁੱਤਰ ਯਸ਼ਵੰਤ ਨੇ 1897 ਵਿੱਚ ਪਲੇਗ ਦੀ ਮਹਾਂਮਾਰੀ ਨਾਲ ਪ੍ਰਭਾਵਿਤ ਲੋਕਾਂ ਦੇ ਇਲਾਜ ਲਈ ਇੱਕ ਕਲੀਨਿਕ ਖੋਲ੍ਹਿਆ। ਪਲੇਗ ਦੇ ਮਰੀਜ਼ਾਂ ਦੀ ਦੇਖ ਰੇਖ ਕਰਦੀ ਉਹ ਆਪ ਵੀ ਪਲੇਗ ਦੀ ਗ੍ਰਿਫ਼ਤ ਵਿਚ ਆ ਗਈ ਅਤੇ 10 ਮਾਰਚ 1897 ਨੂੰ ਉਸ ਦੀ ਮੌਤ ਹੋਈ। ਉਸ ਨੇ ਔਰਤਾਂ ਦੀ ਸਮਾਜਿਕ ਸਥਿਤੀ ਤੇ ਕਈ ਕਵਿਤਾਵਾਂ ਲਿਖੀਆਂ ਅਤੇ ਉਨ੍ਹਾਂ ਦੀ ਭੈੜੀ ਸਥਿਤੀ ਲਈ ਜ਼ਿੰਮੇਦਾਰ ਧਰਮ, ਜਾਤੀ ਅਤੇ ਪਿੱਤਰੀ ਸੱਤਾ ਤੇ ਤਿੱਖਾ ਹਮਲਾ ਕੀਤਾ। ਸਾਵਿੱਤਰੀ ਬਾਈ ਫੂਲੇ ਇੱਕ ਲੇਖਕ ਅਤੇ ਕਵੀ ਵੀ ਸੀ। ਦੋ ਕਾਵਿ-ਸੰਗ੍ਰਹਿ 'ਕਾਵਯਾ ਫੂਲੇ' ਅਤੇ ਦੂਸਰਾ ''ਬਾਵਨ ਕਾਸ਼ੀ ਸੁਬੋਧ ਰਤਨਾਕਰ' ਛਪੇ। ਪਹਿਲਾ ਕਾਵਿ-ਸੰਗ੍ਰਹਿ ਛਪਣ ਸਮੇਂ ਸਾਵਿੱਤਰੀ ਬਾਈ ਫੂਲੇ ਦੀ ਉਮਰ 23 ਸਾਲ ਸੀ। ਇਸ ਸੰਗ੍ਰਹਿ ਵਿੱਚ ਧਰਮ, ਧਰਮ ਸ਼ਾਸਤਰ, ਧਾਰਮਿਕ ਪਾਖੰਡਾਂ ਤੇ ਕੁਰੀਤੀਆਂ ਖਿਲਾਫ਼ ਲਿਖਿਆ ਗਿਆ ਹੈ। ਦੂਜਾ ਕਾਵਿ ਸੰਗ੍ਰਹਿ ਬਾਵਨਕਸ਼ੀ ਸੁਬੋਧ ਰਤਨਾਕਰ ਸਮੁੱਚੇ ਤੌਰ ਤੇ ਜਯੋਤੀ ਰਾਉ ਫੂਲੇ ਨੂੰ ਸਮ-ਰਪਿਤ ਹੈ ਜਿਸ ਵਿੱਚ ਫੂਲੇ ਦੀਆਂ ਪ੍ਰਮੁੱਖ ਘਟਨਾਵਾਂ ਨੂੰ ਤੇ ਵਿਚਾਰਾਂ ਨੂੰ ਕਾਵਿ ਦਾ ਰੂਪ ਦਿੱਤਾ ਗਿਆ ਹੈ। ਸਾਵਿੱਤਰੀ ਬਾਈ ਫੂਲੇ ਦੀ ਸਾਰੀ ਰਚਨਾ ਮਰਾਠੀ ਵਿਚ ਹੈ। ਤਿੰਨ ਖ਼ੱਤ ਪੰਜਾਬੀ ਵਿੱਚ ਅਨੁਵਾਦ ਕਰਕੇ ਛਾਪੇ ਜਾ ਚੁੱਕੇ ਹਨ ਅਤੇ ਕਵਿਤਾਵਾਂ ਬਾਰੇ ਕੁਝ ਲੇਖ ਹਿੰਦੀ ਵਿਚ ਆਏ ਹਨ। ਸਾਵਿੱਤਰੀ ਬਾਈ ਫੂਲੇ ਦਾ ਨਾਅਰਾ ਸੀ 'ਜਾਗੋ, ਉਠੋ, ਪੜ੍ਹੋ', 'ਤੋੜ ਦਿਉ ਪਰੰਪਰਾਵਾਂ ਹੋਵੋ ਆਜ਼ਾਦ-ਨੀਂਦ ਤਿਆਗੋ, ਰਣਭੇਰੀ ਬਜਾਉ ਛੇਤੀ ਉਠੋ।' ਸਾਵਿਤਰੀ ਬਾਈ ਫੂਲੇ ਇੱਕ ਸਮਾਜ ਸੁਧਾਰਿਕਾ, ਇੱਕ ਅਧਿਆਪਿਕਾ ਅਤੇ ਕਵੀ ਸੀ ਜਿਸਨੇ19ਵੀਂ ਸਦੀ ਵਿੱਚ ਮਹਿਲਾ ਸਿੱਖਿਆ, ਅਤੇ ਸ਼ਸ਼ਕਤੀਕਰਣ ਲਈ ਕੰਮ ਕੀਤਾ ਹੈ। ਉਹ ਉਨ੍ਹਾਂ ਨੌਜਵਾਨ ਕੁੜੀਆਂ ਲਈ ਪ੍ਰੇਰਨਾ ਸਰੋਤ ਬਣੀ ਰਹੀ ਜਿਨ੍ਹਾਂ ਨੂੰ ਉਸਨੇ ਪੜ੍ਹਾਇਆ, ਲਿਖਣ ਅਤੇ ਪੇਂਟਿੰਗ ਵਰਗੀਆਂ ਗਤੀਵਿਧੀਆਂ ਲਈ ਪ੍ਰੇਰਿਤ ਕੀਤਾ। ਸਮਾਜ ਦੀਆਂ ਸਦੀਆਂ ਪੁਰਾਣੀਆਂ ਬੁਰਾਈਆਂ ਨੂੰ ਰੋਕਣ ਲਈ ਸਾਵਿਤਰੀ ਬਾਈ ਦੇ ਅਣਥੱਕ ਯਤਨ ਅਤੇ ਉਨ੍ਹਾਂ ਦੁਆਰਾ ਛੱਡੇ ਗਏ ਸੁਧਾਰਾਂ ਦੀ ਅਮੀਰ ਵਿਰਾਸਤ ਪ੍ਰੇਰਿਤ ਕਰਦੀ ਰਹੇਗੀ। ਭਾਰਤ ਦੇ ਵੱਖ-ਵੱਖ ਰਾਜਾਂ ਅਤੇ ਵਿਭਾਗਾਂ ਨੇ ਸਾਵਿਤਰੀ ਬਾਈ ਫੂਲੇ ਨੂੰ ਉਚਿਤ ਮਾਨਤਾ ਦਿੱਤੀ ਹੈ ਅਤੇ ਉਨ੍ਹਾਂ ਦੇ ਨਾਮ ਤੇ ਪੁਰਸਕਾਰ ਅਤੇ ਫੈਲੋਸ਼ਿਪ ਦਿਤੇ ਜਾਂਦੇ ਹਨ ਜਿਨ੍ਹਾਂ ਵਿੱਚ ਮਹਾਰਾਸ਼ਟਰ ਸਰਕਾਰ ਰਾਜ ਦੀਆਂ ਮਹਿਲਾ ਅਧਿਆਪਕਾਂ ਨੂੰ ਕ੍ਰਾਂਤੀ ਜਯੋਤੀ ਸਾਵਿਤਰੀ ਬਾਈ ਫੂਲੇ ਪੁਰਸਕਾਰ ਦਿੰਦੀ ਹੈ। ਆਂਧਰਾ ਪ੍ਰਦੇਸ਼ ਦੇ ਮਿਉਂਸਪਲ ਸਕੂਲਾਂ ਦੇ ਅਧਿਆਪਕਾਂ ਨੂੰ ਹਰ ਸਾਲ ਸਾਵਿਤਰੀਬਾਈ ਫੂਲੇ ਐਕਸੀਲੈਂਸ ਐਵਾਰਡ ਨਾਲ ਸਨਮਾਨਿਤ ਕੀਤਾ ਜਾਂਦਾ ਹੈ। ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੁਆਰਾ ਸਾਵਿਤਰੀਬਾਈ ਜਯੋਤੀਰਾਓ ਫੂਲੇ ਬੱਚੀ ਫੈਲੋਸ਼ਿਪ ਸਪਾਂਸਰ ਕੀਤੀ ਗਈ ਹੈ ਇਸ ਯੋਜਨਾ ਅਧੀਨ ਇੱਕ ਪਰਿਵਾਰ ਵਿੱਚ ਇੱਕ ਕੁਆਰੀ ਲੜਕੀ ਨੂੰ ਫੈਲੋਸ਼ਿਪ ਪ੍ਰਦਾਨ ਕੀਤਾ ਜਾਂਦਾ ਹੈ। ਯੂਜੀਸੀ ਨੇ ਇਸ ਸਕੀਮ ਨੂੰ ਵਿਗਿਆਨ ਅਤੇ ਤਕਨਾਲੋਜੀ ਵਿੱਚ ਖੋਜ ਕਰ ਰਹੇ ਵਿਦਿਆਰਥੀਆਂ ਲਈ ਵਧਾ ਦਿੱਤਾ ਹੈ। ਝਾਰਖੰਡ ਸਰਕਾਰ ਦੁਆਰਾ ਫੰਡ ਕੀਤੀ ਗਈ ਯੋਜਨਾ ਸਾਵਿਤਰੀ ਬਾਈ ਫੂਲੇ ਕਿਸ਼ੋਰੀ ਸਮ੍ਰਿਧੀ ਯੋਜਨਾ ਅਧੀਨ ਕਿਸ਼ੋਰ ਲੜਕੀਆਂ ਨੂੰ ਚੰਗੀ ਸਿੱਖਿਆ ਲਈ ਵਿੱਤੀ ਸਹਾਇਤਾ ਪ੍ਰਦਾਨ ਕਰਦੀ ਹੈ। ਇਹ ਸਪੱਸ਼ਟ ਹੈ ਕਿ ਸਾਵਿਤਰੀਬਾਈ ਫੂਲੇ ਦੀ ਵਿਰਾਸਤ ਨੂੰ ਉਸ ਅਸਪਸ਼ਟਤਾ ਤੋਂ ਮੁੜ ਸੁਰਜੀਤ ਕੀਤਾ ਗਿਆ ਹੈ ਜਿਸ ਵਿੱਚ ਪੱਖਪਾਤੀ ਇਤਿਹਾਸਕਾਰਾਂ ਨੇ ਉਸਨੂੰ ਧੱਕ ਦਿੱਤਾ ਸੀ। ਨਿਰਸਵਾਰਥ ਸਮਾਜਿਕ ਕਾਰਕੁਨ ਅਤੇ ਬੁੱਧੀਜੀਵੀ ਉਨ੍ਹਾਂ ਦੇ ਯਤਨਾਂ ਲਈ ਸ਼ਲਾਘਾ ਦੇ ਹੱਕਦਾਰ ਹਨ। ਸਾਵਿਤਰੀ ਬਾਈ ਫੂਲੇ ਦੀ ਵਿਰਾਸਤ ਅੱਜ ਵੀ ਜਿਉਂਦੀ ਹੈ ਔਰਤਾਂ ਦੀ ਸਿੱਖਿਆ ਲਈ ਉਹਨਾਂ ਦਾ ਕੰਮ ਬਹੁਤ ਸਤਿਕਾਰਿਆ ਜਾਂਦਾ ਹੈ। ਸਾਲ 1983 ਵਿੱਚ ਪੁਣੇ ਸਿਟੀ ਕਾਰਪੋਰੇਸ਼ਨ ਦੁਆਰਾ ਉਸਦੇ ਸਨਮਾਨ ਵਿੱਚ ਇੱਕ ਯਾਦਗਾਰ ਬਣਾਈ ਗਈ ਸੀ। ਡਾਕ ਵਿਭਾਗ ਨੇ 10 ਮਾਰਚ 1998 ਨੂੰ ਉਸਦੇ ਸਨਮਾਨ ਵਿੱਚ ਇੱਕ ਡਾਕ ਟਿਕਟ ਜਾਰੀ ਕੀਤੀ। ਸਾਵਿਤਰੀਬਾਈ ਦਾ ਜਨਮਦਿਨ 03 ਜਨਵਰੀ ਪੂਰੇ ਮਹਾਰਾਸ਼ਟਰ ਵਿੱਚ ਬਾਲਿਕਾ ਦਿਵਸ ਵਜੋਂ ਮਨਾਇਆ ਜਾਂਦਾ ਹੈ।

2015 ਵਿੱਚ ਪੁਣੇ ਯੂਨੀਵਰਸਿਟੀ ਦਾ ਨਾਂ ਬਦਲ ਕੇ ਸਾਵਿਤਰੀਬਾਈ ਫੂਲੇ ਪੁਣੇ ਯੂਨੀਵਰਸਿਟੀ ਰੱਖਿਆ ਗਿਆ। ਉੱਤਰ ਪ੍ਰਦੇਸ ਵਿੱਚ ਵੀ ਸਰਕਾਰ ਦੁਆਰਾ ਬਣਾਏ ਗਏ ਪਾਰਕ ਵਿੱਚ ਸਾਵਿਤਰੀਬਾਈ ਫੂਲੇ ਦੇ ਬੁੱਤ ਲਗਾਏ ਗਏ ਹਨ। ਸਰਚ ਇੰਜਨ ਗੂਗਲ ਨੇ 3 ਜਨਵਰੀ 2017 ਨੂੰ ਗੂਗਲ ਡੂਡਲ ਨਾਲ 186ਵੀਂ ਜਯੰਤੀ ਮਨਾਈ। ਮਹਾਰਾਸ਼ਟਰ ਵਿੱਚ ਮਹਿਲਾ ਸਮਾਜ ਸੁਧਾਰਕਾਂ ਨੂੰ ਸਾਵਿਤਰੀਬਾਈ ਫੂਲੇ ਪੁਰਸਕਾਰ ਦਿੱਤਾ ਜਾਂਦਾ ਹੈ। ਇੱਕ ਭਾਰਤੀ ਡਰਾਮਾ ਟੈਲੀਵਿਜ਼ਨ ਲੜੀ ਕ੍ਰਾਂਤੀਜਯੋਤੀ ਸਾਵਿਤਰੀਬਾਈ ਫੂਲੇ ਨੂੰ ਉਸਦੇ ਜੀਵਨ ਤੇ ਅਧਾਰਤ 2016 ਵਿੱਚ ਡੀਡੀ ਨੈਸ਼ਨਲ ਤੇ ਪ੍ਰਸਾਰਿਤ ਕੀਤਾ ਗਿਆ ਸੀ। ਸਾਵਿਤਰੀਬਾਈ ਫੂਲੇ ਅਤੇ ਜੋਤੀਬਾ ਫੂਲੇ ਦੇ ਜੀਵਨ ਅਤੇ ਕੰਮ ਤੇ ਆਧਾਰਿਤ ਇੱਕ ਮਰਾਠੀ ਡਰਾਮਾ ਟੈਲੀਵਿਜ਼ਨ ਲੜੀ ਸਾਵਿਤਰੀ ਜੋਤੀ 2019-2020 ਵਿੱਚ ਸੋਨੀ ਮਰਾਠੀ ਤੇ ਪ੍ਰਸਾਰਿਤ ਕੀਤੀ ਗਈ ਸੀ।

ਫੂਲੇ ਬਾਰੇ ਇੱਕ ਭਾਰਤੀ ਕੰਨੜ ਭਾਸ਼ਾ ਦੀ ਬਾਇਓਪਿਕ ਸਾਵਿਤਰੀ ਬਾਈ ਫੂਲੇ 2018 ਵਿੱਚ ਬਣਾਈ ਗਈ ਸੀ। ਸਾਲ 2021 ਵਿੱਚ ਪੁਣੇ ਯੂਨੀਵਰਸਿਟੀ ਨੇ ਫੂਲੇ ਦੀ ਇੱਕ 12.5 ਫੁੱਟ ਜੀਵਨ-ਆਕਾਰ ਵਾਲੀ ਕਾਂਸੀ ਦੀ ਧਾਤ ਦੀ ਮੂਰਤੀ ਬਣਾਈ। ਅੱਜ ਇਸ ਮਹਾਨ ਸੁਧਾਰਿਕਾ ਦੇ ਜਨਮ ਦਿਨ ਤੇ ਦੇਸ਼ ਵਿਦੇਸ਼ ਵਿੱਚ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਜਾ ਰਹੀ ਹੈ।

## ਮਸ਼ਹੂਰ ਤਾਮਿਲ ਅਦਾਕਾਰ ਤੇ ਡੀਐੱਮਡੀਕੇ ਦੇ ਸੰਸਥਾਪਕ ਵਿਜੈਕਾਂਤ ਦਾ ਦੇਹਾਂਤ



**ਚੇਨਈ-** ਤਾਮਿਲਨਾਡੂ ਦੇ ਮੁੱਖ ਮੰਤਰੀ ਐੱਮਕੇ ਸਟਾਲਿਨ ਨੇ ਅੱਜ ਦੇਸੀਆ ਮੁਰਪੋਕੂ ਦ੍ਰਵਿੜ ਕੜਗਮ (ਡੀਐੱਮਡੀਕੇ) ਦੇ ਸੰਸਥਾਪਕ ਨੇਤਾ ਵਿਜੈਕਾਂਤ ਦਾ ਪੂਰੇ ਸਰਕਾਰੀ ਸਨਮਾਨਾਂ ਨਾਲ ਸਸਕਾਰ ਕਰਨ ਦਾ ਐਲਾਨ ਕੀਤਾ। ਪੁਰਾਣੇ ਤਮਿਲ ਅਭਿਨੇਤਾ ਵਿਜੈਕਾਂਤ ਦਾ ਅੱਜ ਚੇਨਈ ਦੇ ਹਸਪਤਾਲ ਵਿੱਚ ਦੇਹਾਂਤ ਹੋ ਗਿਆ। ਉਹ 71 ਸਾਲ ਦੇ ਸਨ। ਸਟਾਲਿਨ ਨੇ ਮੌਤ 'ਤੇ ਦੁੱਖ ਪ੍ਰਗਟ ਕੀਤਾ ਤੇ ਕਿਹਾ ਕਿ ਉਹ ਅਦਾਕਾਰ ਤੇ ਸਿਆਸਤਦਾਨ ਵਜੋਂ ਸਫ਼ਲ ਸਨ। ਉਨ੍ਹਾਂ ਦਾ ਸਰਕਾਰੀ ਸਨਮਾਨ ਨਾਲ ਸਸਕਾਰ ਕੀਤਾ ਜਾਵੇਗਾ।

## ਪੁਸਤਕ ਸਮੀਖਿਆ

# ਪ੍ਰੋ: ਜਸਵੰਤ ਸਿੰਘ ਗੰਡਮ ਦੀ ਪੁਸਤਕ 'ਉੱਗਦੇ ਸੂਰਜ ਦੀ ਅੱਖ' ਪੰਜਾਬੀ ਵਾਰਤਕ 'ਚ ਨਵੇਂ ਦਿਸਹੱਦੇ ਸਿਰਜਣ ਅਤੇ ਨਵੀਆਂ ਪੈੜਾਂ ਪਾਉਣ ਯੋਗ ਪੁਸਤਕ

**ਪੁਸਤਕ – ਉੱਗਦੇ ਸੂਰਜ ਦੀ ਅੱਖ**
**ਲੇਖਕ – ਪ੍ਰੋ: ਜਸਵੰਤ ਸਿੰਘ ਗੰਡਮ**
**ਪ੍ਰਕਾਸ਼ਕ – ਪੰਜਾਬੀ ਵਿਰਸਾ ਟਰੱਸਟ (ਰਜਿ:) ਪਲਾਹੀ (ਫਗਵਾੜਾ)**
**ਕੀਮਤ – 200 ਰੁਪਏ (ਭਾਰਤ), £ 3, $5, ਪੰਨੇ – 176**

ਦੋ ਪੁਸਤਕਾਂ "ਕੁਝ ਤੇਰੀਆਂ ਕੁਝ ਮੇਰੀਆਂ" ਅਤੇ "ਸੁੱਤੇ ਸ਼ਹਿਰ ਦਾ ਸਫ਼ਰ" ਤੋਂ ਬਾਅਦ ਪ੍ਰੋ: ਜਸਵੰਤ ਸਿੰਘ ਗੰਡਮ ਦੀ ਪੁਸਤਕ "ਉੱਗਦੇ ਸੂਰਜ ਦੀ ਅੱਖ" ਉਸਦੀ ਤੀਸਰੀ ਪੁਸਤਕ ਹੈ, ਜਿਸ ਵਿੱਚ 33 ਲੇਖ ਸ਼ਾਮਲ ਹਨ। ਪੁਸਤਕ ਵਿੱਚ ਵਿਚਾਰਕ ਅਤੇ ਵਿਅੰਗ ਲੇਖਾਂ ਤੋਂ ਇਲਾਵਾ ਫਲਾਂ ਬਾਰੇ ਲੇਖ ਤਾਂ ਸ਼ਾਮਲ ਹਨ ਹੀ, ਨਾਲ-ਨਾਲ ਲੇਖਕ ਦੇ ਸ਼ਬਦਾਂ 'ਚ "ਮਾਂ-ਪਨ ਦੀ ਰੱਬਤਾ ਅਤੇ ਮਾਂ ਦੀ ਕਰਤਾਰੀ ਮਮਤਾ ਦੀ ਮਹਿਮਾਂ, ਸੂਰਜ-ਚੰਨ ਦੀ ਊਰਜਾ 'ਤੇ ਪ੍ਰਕਾਸ਼ ਦੀ ਗਾਥਾ ਅਤੇ ਹੋਰ ਵੱਖ-ਵੱਖ ਵਿਸ਼ਿਆਂ ਬਾਰੇ ਲੇਖਾਂ ਤੋਂ ਇਲਾਵਾ ਇਸ ਪੁਸਤਕ ਵਿੱਚ ਮੇਰੇ ਇੱਕ ਰੂਹ ਦੇ ਰਿਸ਼ਤੇਦਾਰ (ਸੋਲਮੇਟ) ਸਬੰਧੀ ਵੀ ਲੇਖ ਹੈ"।



ਪ੍ਰੋ: ਜਸਵੰਤ ਸਿੰਘ ਗੰਡਮ ਪਾਇਦਾਰ ਵਾਰਤਕ ਲਿਖਣ ਵਾਲਾ ਲੇਖਕ ਹੈ ਅਤੇ ਉਸ ਲੜੀ ਦੇ ਪ੍ਰਸਿੱਧ ਲੇਖਕਾਂ 'ਚ ਖੜਾ ਦਿਸਦਾ ਹੈ, ਜਿਹਨਾ ਨੇ ਪੰਜਾਬੀ ਸਾਹਿਤ ਜਗਤ ਵਿੱਚ ਪੰਜਾਬੀ ਸਭਿਆਚਾਰ ਨੂੰ ਰੂਪਮਾਨ ਕਰਨ ਦਾ ਵੱਡਾ ਉਪਰਾਲਾ ਕੀਤਾ ਹੈ। ਬਿਨ੍ਹਾਂ ਸ਼ੱਕ ਗੁਰਬਾਣੀ ਉਸਦੀ ਲੇਖਣੀ ਦਾ ਧੁਰਾ ਹੈ।

ਪੰਜਾਬੀਆਂ ਦੀ ਜੀਵਨ ਸ਼ੈਲੀ, ਜੀਵਨ ਜਾਚ, ਬੋਲਬਾਣੀ, ਅਦਬ-ਅਦਾਬ, ਖਾਣ-ਪੀਣ, ਉੱਠਣ-ਬੈਠਣ, ਰੀਤੀ-ਰਿਵਾਜ਼, ਮਹਿਮਾਨ-ਨਿਵਾਜ਼ੀ ਨੂੰ ਜਿਸ ਸ਼ਿੱਦਤ ਨਾਲ ਉਸਨੇ ਆਪਣੇ ਲੇਖਾਂ ਵਿੱਚ ਸਿਰਜਿਆ ਹੈ, ਉਹ ਆਪਣੀ ਮਿਸਾਲ ਆਪ ਹੈ। ਬਹੁਤ ਘੱਟ ਲੇਖਕ ਇਹੋ ਜਿਹੇ ਦ੍ਰਿਸ਼ਟੀਕੋਨ ਨਾਲ ਲਿਖਣ ਦਾ ਹੀਆ ਕਰਦੇ ਹਨ। ਕਿਸੇ ਵੀ ਵਿਸ਼ੇ ਨੂੰ ਲੇਖ ਦੇ ਸੀਮਤ ਸ਼ਬਦਾਂ ਵਿੱਚ ਸਿਮੇਟਣਾ ਸੌਖਾ ਨਹੀਂ ਹੁੰਦਾ ਅਤੇ ਉਹ ਵੀ ਰੌਚਕ ਢੰਗ ਨਾਲ ਤਾਂ ਕਿ ਪਾਠਕ, ਲੇਖਕ ਕਲਮ ਦੀ ਤੋਰ ਨਾਲ ਤੁਰਦਾ ਰਹੇ। ਇੱਕ ਸਧਾਰਨ ਉਦਾਹਰਨ ਵੇਖੋ ਲੇਖਕ ਦੀ ਲੇਖਣੀ ਦੀ, "ਗੁਠਲੀ ਅੰਬ ਦਾ ਦਿਲ ਹੈ। ਜਿਨ੍ਹਾਂ ਚਿਰ ਇਸ ਵਿੱਚ ਦੰਦ ਗੱਡ ਗੱਡ, ਆਪਣਾ ਮੂੰਹ-ਸਿਰ ਅਤੇ ਕੱਪੜੇ ਨਾ ਲਿਬਰਨ ਤਾਂ ਫਿਰ ਕੀ ਚੂਪੇ ਅੰਬ!" ਲੇਖਕ ਹਰ ਵਿਸ਼ੇ ਨੂੰ ਇਵੇਂ ਹੀ ਨਿਭਾਉਂਦਾ ਹੈ, ਹਰ ਵਿਸ਼ੇ 'ਚ ਪੂਰੀ ਤਰ੍ਹਾਂ ਖੁਭ ਕੇ। ਲੇਖ ਦਾ ਉਹ ਵਿਸ਼ਾ ਭਾਵੇਂ ਵਿਚਾਰਕ ਹੋਵੇ ਜਾਂ ਫਿਰ ਵਿਅੰਗਮਈ।




'ਮਾਂਵਾਂ ਠੰਡੀਆਂ ਛਾਂਵਾਂ', 'ਕਿਰਤ ਵਿਰਤਿ ਕਰ ਧਰਮ ਦੀ', ਅੱਖ ਚੁੱਭੀ ਅਮਨ ਦੀ, 'ਕਾਲੇ ਕਾਲੇ ਰਸ-ਭਰੇ ਜਾਮਣੂ', 'ਸਾਗ ਮੱਥੇ ਦੇ ਭਾਗ, ਰੋਟੀ ਬਨਾਮ ਪਰੌਂਠਾ, "ਬੜੀ ਲੱਸੀ ਹੋਈ ਦਹੀਂ ਦੀ', ਵਰਗੇ ਲੇਖ, ਉਸਦੇ ਸਿਰਲੇਖ ਤੋਂ ਹੀ ਲੇਖਕ ਦੇ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹਨ। ਲੇਖਕ ਦੀ ਸਿੱਧੀ-ਸਾਦੀ, ਰਵਾਨਗੀ ਭਰੀ ਬੋਲੀ, ਪਰ ਵਿਚਾਰਾਂ ਨਾਲ ਭਰੀ ਹੋਈ ਦੀ ਉਦਾਹਰਨ ਵੇਖੋ, "ਕੁੱਤਾ ਵਫ਼ਾਦਾਰੀ, ਨਿਰਛਲ ਪਿਆਰ, ਮਾਲਕ ਉਪਰ ਜਾਨ ਛਿੜਕਣ ਵਾਲਾ ਜਾਨਵਰ ਹੈ"।

ਪ੍ਰੋ: ਜਸਵੰਤ ਸਿੰਘ ਗੰਡਮ ਦੀ ਲੇਖਣੀ ਜਿੱਤ-ਹਾਰ, ਖੁਸ਼ੀ-ਉਦਾਸੀ ਦੇ ਵਰਤਾਰੇ ਨਾਲ ਗੜੁੰਦ ਹੈ। ਸੰਵਾਦ ਰਚਾਉਂਦੀ ਹੈ। ਜ਼ਿੰਦਗੀ ਜੀਊਣ ਦਾ ਹੁਲਾਰਾ ਦਿੰਦੀ ਹੈ। ਉਸ ਦੀ ਲੇਖਣੀ ਸਮਾਜ, ਇਤਿਹਾਸ ਅਤੇ ਦਰਸ਼ਨ ਦੇ ਦੀਦਾਰੇ ਕਰਵਾਉਂਦੀ ਹੈ। ਇੱਕ ਇਹੋ ਜਿਹਾ ਵਰਤਾਰਾ ਸਿਰਜਦੀ ਹੈ ਜਿਹੜਾ ਇਹ ਦਰਸਾਉਂਦਾ ਹੈ ਕਿ ਮਨੁੱਖ ਪੈਦਾ ਹੋਣ ਅਤੇ ਸਮਸ਼ਾਨਘਾਟ ਵਿੱਚ ਜਲ ਬਲ ਜਾਣ ਲਈ ਹੀ ਨਹੀਂ ਜਿਉਂਦਾ ਸਗੋਂ ਉਸ ਦੇ ਜੀਊਣ ਦੇ ਅਰਥ ਵਿਸ਼ਾਲ ਹਨ। ਮਨੁੱਖ ਇੱਕ ਸਿਰਜਨਾਤਮਕ ਮੈਟਾਫਰ ਹੈ, ਕੋਈ ਕੰਧਰੀਂ ਲੁਕਿਆ ਮਨ-ਬਚਨੀ ਸਾਧ ਨਹੀਂ। ਇਹ ਕੋਈ ਪੱਥਰਾਂ ਦੀ ਓਟ'ਚ ਉੱਗਿਆ ਬਿਨਫਸ਼ਾ ਦਾ ਫੁੱਲ ਵੀ ਨਹੀਂ। ਪ੍ਰੋ: ਜਸਵੰਤ ਸਿੰਘ ਗੰਡਮ ਸੱਚ ਲਿਖਦਾ ਹੈ। ਭੈੜੀ ਰਾਜਨੀਤੀ ਅਤੇ ਵਿਸ਼ਵੀਕਰਨ ਦੇ ਬਾਜ਼ਾਰੂ ਸੰਕਲਪਾਂ ਦੇ ਉਹ ਪਰਖੱਚੇ ਉਡਾਉਂਦਾ ਹੈ। ਬੇਢੰਗੇ, ਕੁਢੱਬ, ਕਰੂਪ, ਕਰੂਰ, ਕਮੀਨਗੀ ਭਰੇ ਮਨੁੱਖੀ ਵਰਤਾਰੇ ਨੂੰ ਉਹ ਆਪਣੀ ਕਲਮ 'ਚ ਵਿਅੰਗਾਤਮਕ ਢੰਗ ਨਾਲ ਇਵੇਂ ਪੇਸ਼ ਕਰਦਾ ਹੈ, ਜਿਵੇਂ ਉਹ ਇਸ ਤਾਣੇ-ਬਾਣੇ ਨੂੰ ਆਪਣੀ ਕਲਮ ਦੇ ਦੰਦਾਂ ਨਾਲ ਖਰੋਚਣਾ ਚਾਹੁੰਦਾ ਹੋਵੇ। 'ਅੱਖ' ਤਾਂ ਹਰ ਲੇਖਕ ਕੋਲ ਹੁੰਦੀ ਹੈ। ਪਰ ਲੇਖਕ ਦੀ ਜਿਹੜੀ ਅੱਖ ਰੂੜੀਵਾਦੀ ਸੋਚ ਨੂੰ ਸੱਟ ਮਾਰਦੀ ਹੈ, ਲੋਕ -ਸੂਝ ਨੂੰ ਪ੍ਰਚੰਡ ਕਰਦੀ ਹੈ, ਉਹ ਹੀ ਅਸਲ ਮਾਅਨਿਆਂ 'ਚ ਪ੍ਰਸੰਗਕ ਸੱਚ ਨੂੰ ਬਿਆਨ ਕਰਦੀ ਹੈ ਅਤੇ ਇਸ ਪ੍ਰਸੰਗਕਤਾ ਦੀ ਸਥਿਤੀ 'ਚੋਂ ਲੋਕਾਂ ਨੂੰ ਮੁਕਤ ਕਰਨ ਦਾ ਰਾਹ ਉਲੀਕਦੀ ਹੈ। ਪ੍ਰੋ: ਜਸਵੰਤ ਸਿੰਘ ਗੰਡਮ ਦੀ ਕਲਮ ਇਸੇ ਰਾਹ ਤੁਰਦੀ ਹੈ। ਪ੍ਰੋ: ਜਸਵੰਤ ਸਿੰਘ ਗੰਡਮ ਜਾਣਦਾ ਹੈ ਕਿ ਚਾਨਣ-ਹਨ੍ਹੇਰਾ, ਨਰਮ-ਕਠੋਰ, ਹਾਸਾ-ਹੰਝੂ, ਪੈਲ-ਤੜਫ, ਘੁਗੀ-ਮੋਰ, ਸੰਝ-ਭੋਰ ਦੇ ਵਿਰੋਧ ਜੁੱਟ ਇਸ ਦੁਨੀਆਂ ਦਾ ਸੱਚ ਹਨ। ਇਸੇ ਲਈ ਉਹ ਕਦੇ ਗੰਭੀਰ ਹੁੰਦਾ ਹੈ ਵਿਚਾਰਕ ਲੇਖ ਲਿਖਕੇ ਅਤੇ ਕਦੇ ਉਹ ਹੱਸਦਾ ਹੈ (ਆਪਣੇ-ਆਪ ਉਤੇ ਵੀ) ਵਿਅੰਗ ਲਿਖਕੇ ਅਤੇ ਲੋਕਾਂ ਦੇ ਸੁਭਾਅ ਦੀ ਥਾਹ ਪਾਉਂਦਾ ਹੈ। ਅਸਲ 'ਚ ਉਸਦਾ ਲਿਖਿਆ ਇਹ ਸਾਹਿੱਤ ਰੂਪ, ਸਮਾਜਕ ਸਰੋਕਾਰ ਨੂੰ ਮਾਨਤਾ ਦੇਣ ਸਮਾਨ ਹੈ।

ਲੇਖਕ ਪ੍ਰੋ: ਜਸਵੰਤ ਸਿੰਘ ਗੰਡਮ ਕੁਦਰਤ ਪ੍ਰੇਮੀ ਹੈ। ਚੰਨ, ਤਾਰੇ, ਸੂਰਜ, ਪੌਣ, ਦਿਨ, ਰਾਤ, ਗਰਮੀ, ਸਰਦੀ, ਧਰਤ,ਅਕਾਸ਼ ਅਤੇ ਧਰਤ ਅਕਾਸ਼ 'ਚ ਵਸਦੇ ਪਸ਼ੂ, ਪੰਛੀ, ਜਾਨਵਰ, ਮਨੁੱਖ, ਉਸਦੀ ਕਲਮ ਦਾ ਵਿਸ਼ਾ ਬਣੇ ਹਨ। ਉਸਦੀ ਧਾਰਨਾ ਹੈ ਕਿ ਜੀਵਨ ਅਤੇ ਰਚਨਾ ਇੱਕ ਦੂਜੇ ਤੋਂ ਨਖੇੜੇ ਨਹੀਂ ਜਾ ਸਕਦੇ। ਸਾਹਿਤ ਦਾ ਸੋਮਾ ਅਸਲ 'ਚ ਹੈ ਹੀ ਜੀਵਨ ਧਾਰਾ ਦਾ ਵੇਗ।

ਪ੍ਰੋ: ਜਸਵੰਤ ਸਿੰਘ ਗੰਡਮ ਦੀ ਪੁਸਤਕ 'ਉੱਗਦੇ ਸੂਰਜ ਦੀ ਅੱਖ' ਪੰਜਾਬੀ ਵਾਰਤਕ 'ਚ ਨਵੇਂ ਦਿਸਹੱਦੇ ਸਿਰਜਣ ਅਤੇ ਨਵੀਆਂ ਪੈੜਾਂ ਪਾਉਣ ਯੋਗ ਪੁਸਤਕ ਹੈ। ਪੁਸਤਕ "ਉੱਗਦੇ ਸੂਰਜ ਦੀ ਅੱਖ" ਨੂੰ ਪੰਜਾਬੀ ਸਾਹਿਤ ਜਗਤ 'ਚ ਨਿੱਘੀ 'ਜੀ ਆਇਆਂ'।

**–ਗੁਰਮੀਤ ਸਿੰਘ ਪਲਾਹੀ**

# ਉਦੋਂ ਅਸੀਂ ਵੀ ਧੜੰਮ ਕਰਕੇ ਡਿਗਦੇ ਹਾਂ!

ਇੱਕ ਪਿੰਡ 'ਚ ਮਾਈ ਰਹਿੰਦੀ ਸੀ ਜੋ ਆਪਣੇ 'ਸੰਤੀ' ਨਾਂ ਦੇ ਮੁਤਾਬਕ ਸੰਤਾਂ ਦੀ ਬੜੀ ਸ਼ਰਧਾਲੂ ਸੀ।ਇੱਕ ਬਾਬਾ ਜੀ ਆਪਣੇ ਚੇਲਿਆਂ ਬਾਲਕਿਆਂ ਨਾਲ ਜਦ ਉਹਦੇ ਘਰ ਆਉਂਦੇ ਤਾਂ ਮਾਈ ਨੂੰ ਚਾਅ ਚੜ੍ਹ ਜਾਂਦਾ ! ਸੰਤਾਂ ਦੇ ਛਕਣ ਛਕਾਉਣ ਲਈ ਉਹ ਬੜੀ ਸ਼ਰਧਾ ਨਾਲ ਰਸੋਈ 'ਚ ਕੰਮ-ਕਾਜ ਕਰਦੀ।

ਘਰੇ ਆਏ ਸੱਤ-ਅੱਠ ਜਾਂ ਕਈ ਵਾਰ ਇਸਤੋਂ ਵੀ ਵੱਧ ਜਣਿਆਂ ਵਾਸਤੇ ਉਹ ਬੜੀ ਸਾਰੀ ਪ੍ਰਾਤ ਵਿੱਚ ਆਟਾ ਗੁੰਨ੍ਹ ਗੁੰਨ੍ਹ ਤੌਣਾ ਲਾਉਂਦੀ ਅਤੇ ਮਿੱਠੇ ਪਦਾਰਥਾਂ ਦੇ ਨਾਲ ਨਾਲ ਸਬਜ਼ੀ-ਭਾਜੀ ਤਿਆਰ ਕਰਦੀ।

ਭੋਲ਼ੀ ਮਾਈ ਇੱਕ ਵਾਰ ਸੰਤਾਂ ਨੂੰ ਕਹਿਣ ਲੱਗੀ ਕਿ ਬਾਬਾ ਜੀ ਤੁਸੀਂ ਸੱਚਖੰਡ ਦਾ ਬੜਾ ਜਿਕਰ ਕਰਦੇ ਰਹਿੰਦੇ ਹੋ ਕਿਤੇ ਇਸ ਦਾਸਣ ਨੂੰ ਦਰਸ਼ਣ ਕਰਵਾ ਦਿਉ ਓਹਦੇ?

ਸੰਤ ਪਸੀਜ ਗਏ! ਕਹਿੰਦੇ ਮਾਤਾ ਕੱਲ੍ਹ ਸਵੇਰੇ ਮੈਂ ਸੱਚਖੰਡ ਜਾਣਾ ਐ ਉਦੋਂ ਤੂੰ ਮੇਰੇ ਪੈਰ ਘੁੱਟ ਕੇ ਫੜ ਲਈਂ,ਤੈਨੂੰ ਸੱਚਖੰਡ ਲੈ ਚਲਾਂਗੇ! ਪਰ ਸ਼ਰਤ ਇਹ ਹੋਵੇ ਗੀ ਕਿ ਤੂੰ ਆਲ਼ਾ ਦੁਆਲ਼ਾ ਨਾ ਦੇਖੀਂ ਤੇ ਦੂਜਾ ਮੂੰਹ ਨਾ ਖੋਲ੍ਹੀਂ, ਭਾਵ ਬੋਲੀਂ ਨਾ!

ਲਉ ਜੀ ਦੂਜੇ ਦਿਨ ਸਾਰਾ ਪਿੰਡ ਕੀ ਦੇਖਦਾ ਐ- ਸੰਤ ਜੀ ਅਕਾਸ਼ ਵੱਲ੍ਹ ਨੂੰ ਉਡਦੇ ਜਾ ਰਹੇ ਨੇ ਮਾਈ ਸੰਤੀ ਉਨ੍ਹਾਂ ਦੇ ਚਰਨ ਫੜੀ 'ਸੱਚਖੰਡ' ਨੂੰ ਜਾ ਰਹੀ ਐ !!

ਥੱਲੇ ਕੋਠਿਆਂ 'ਤੇ ਚੜ੍ਹੀਆਂ ਪਿੰਡ ਦੀਆਂ ਬੀਬੀਆਂ, 'ਤਾਂਹ ਨੂੰ ਮੂੰਹ ਕਰਕੇ ਇਹ ਅਲੌਕਿਕ ਨਜ਼ਾਰਾ ਦੇਖ ਕੇ ਹੈਰਾਨ ਹੁੰਦਿਆਂ ਗੱਲਾਂ ਕਰਨ- 'ਹੈਅ ਹੈਅ ਕੁੜੇ ਸਦਕੇ ਜਾਈਏ ਮਾਈ ਸੰਤੀ ਦੇ, ਭਾਗਾਂ ਵਾ਼ਲੀ ਸੱਚਖੰਡ ਨੂੰ ਜਾ ਰਹੀ ਐ !'

"ਐਵੇਂ ਈ ਨੀ ਚੱਲੀ ਸੱਚਖੰਡ ਨੂੰ...! ਆਪਣੀ ਵੱਡੀ ਚੌੜੀ ਪਰਾਤ ਦਾ ਆਕਾਰ ਦਰਸਾਉਣ ਲਈ ਆ਼ਲੇ ਦੁਆ਼ਲੇ ਨੂੰ ਹੱਥ ਫੈਲਾਉਂਦੀ ਉੱਤੋਂ ਮਾਈ ਸੰਤੀ ਦੀ ਅਵਾਜ਼ ਆਈ- "ਐਡੀ ਸਾਰੀ ਪਰਾਤ ਵਿੱਚ ਤੌਣਾ ਗੁੰਨ੍ਹ ਗੁੰਨ੍ਹ ਕੇ ਰੋਟੀਆਂ ਵੀ ਮੈਂ ਹੀ ਪਕਾਉਂਦੀ ਹੁੰਦੀ ਤੀ......!"

(ਆਪਣੀ ਸੋਭਾ-ਵਡਿਆਈ ਦੀ ਜਦ ਅਸੀਂ ਖੁਦ ਹੀ ਉਹਦੀ ਤਾਈਦ ਕਰਨ ਲਗਦੇ ਹਾਂ ਤਦ ਅਸੀਂ ਵੀ ਏਦਾਂ ਈ 'ਧੜੰਮ-ਧੜੰਮ' ਕਰਦੇ ਥੱਲੇ ਡਿਗਦੇ ਸਮਝੋ!)



**ਤਰਲੋਚਨ ਸਿੰਘ 'ਦੁਪਾਲ ਪੁਰ'**
**78146-92724**

ਸਤਿਕਾਰ ਯੋਗ ਪ੍ਰੇਮ ਕੁਮਾਰ ਚੁੰਬਰ ਜੀ
ਮੁੱਖ ਸੰਪਾਦਕ, ਦੇਸ਼ ਦੁਆਬਾ
"ਜੀ ਆਇਆਂ ਨੂੰ 2024"
ਨਵਾਂ ਸਾਲ ਮੁਬਾਰਕ

ਇਹ ਨਵਾਂ ਸਾਲ ਪਿਆਰ, ਹਾਸੇ ਅਤੇ ਖੁਸ਼ੀਆਂ ਨਾਲ ਭਰਿਆ ਹੋਵੇ। ਪ੍ਰਮਾਤਮਾ ਇਸ ਨਵੇਂ ਸਾਲ ਵਿੱਚ ਤੁਹਾਡੇ ਲਈ ਖੁਸ਼ੀਆਂ, ਸਫਲਤਾ ਅਤੇ ਖੁਸ਼ਹਾਲੀ ਦੇ ਦਰਵਾਜ਼ੇ ਖੋਲ੍ਹੇ। ਮੈਨੂੰ ਉਮੀਦ ਹੈ ਕਿ ਤੁਹਾਨੂੰ ਉਹ ਸਭ ਕੁਝ ਮਿਲੇਗਾ ਜਿਸ ਲਈ ਤੁਸੀਂ ਇਸ ਨਵੇਂ ਸਾਲ ਵਿੱਚ ਪ੍ਰਾਰਥਨਾ ਕੀਤੀ ਹੈ। ਤੁਹਾਨੂੰ ਤੇ ਤੁਹਾਡੇ ਪਰਿਵਾਰ, ਦੇਸ਼ ਦੁਆਬਾ ਦੇ ਸਮੂਹ ਸਟਾਫ, ਸਮੂਹ ਪੱਤਰਕਾਰਾ ਨੂੰ ਬਹੁਤ ਸਾਰੀਆਂ ਸ਼ੁਭਕਾਮਨਾਵਾਂ। ਤੁਹਾਡੇ ਲਈ ਖੁਸ਼ਹਾਲ ਨਵੇਂ ਸਾਲ ਦੀ ਕਾਮਨਾ ਕਰਦਾ ਹਾਂ।

ਸ਼ੁਭਚਿੰਤਕ
ਲੇਖਕ: ਰਾਜਿੰਦਰ ਸਿੰਘ ਰਾਜਨ ਪਠਾਨਕੋਟ
ਮੋਬਾਇਲ ਫੋਨ ਨੰਬਰ 9417427656
email : rajan_pathankot@yahoo.com

## ਚੌਵੀ ਨੂੰ ਸਤਿ ਸ੍ਰੀ ਅਕਾਲ!

ਚੰਦ ਅਤੇ ਸੂਰਜ ਬਣਾਈ ਜਾਂਦੇ ਰਾਤ-ਦਿਨ
ਆਈ ਜਾਣ ਰੁੱਤਾਂ ਕਦੇ ਗਰਮੀ ਸਿਆ਼ਲ ਜੀ।

ਹਫਤੇ ਮਹੀਨੇ ਰ਼ਲ-ਮਿ਼ਲ ਕੇ ਬਣਾਓਂਦੇ ਸਾਲ
ਆਦਿ ਕਾਲ ਤੋਂ ਹੀ ਲੀਲ੍ਹਾ ਬਣੀ ਏ ਕਮਾਲ ਜੀ।

'ਟਿੱਕ ਟਿੱਕ' ਘੜੀ ਵਾ਼ਲੀ ਦੇਂਦੀ ਏ ਚਿਤਾਵਨੀ
ਪਲਾਂ ਦਾ 'ਵਰਤਮਾਨ' ਬਣੇ 'ਭੂਤ-ਕਾਲ' ਜੀ।

ਸੂਰਜ ਪਿਆਰਾ ਨਿੱਘਾ ਲਗਦਾ ਸਿਆ਼ਲ ਵਿੱਚ
ਰੋਹੀ ਵਿੱਚ ਕਰਦਾ ਏ ਜਿਊਣਾ ਈ ਮੁਹਾਲ ਜੀ।

ਪਹਿਲਾਂ ਨਾ਼ਲੋਂ 'ਵੱਖਰਾ' ਕਰਕੇ ਦਿਖਾਈਏ ਕੁੱਝ
ਨਫਰਤਾਂ ਤੇ ਸਾੜੇ ਵਾ਼ਲੇ ਲਾਹੀਏ 'ਜੰਗਾਲ' ਜੀ।

'ਬਾਏ ਬਾਏ' ਜਾਂਦੇ ਹੋਏ 'ਤੇਈ' ਵੱਲ ਕਰਕੇ 'ਤੇ
'ਚੌਵੀ' ਤਾਈਂ ਆਖੀਏ 'ਸਤਿ ਸ੍ਰੀ ਅਕਾਲ' ਜੀ!

**– ਤਰਲੋਚਨ ਸਿੰਘ 'ਦੁਪਾਲ ਪੁਰ'**
**91-78146-92724**

## ਪੁਸਤਕ ਸਮੀਖਿਆ/ ਦਾਦਾ ਜੀ ਦੇ ਸਬਕ

**ਬਲਜਿੰਦਰ ਮਾਨ 98150-18947**

ਦਾਦੇ ਪੋਤੇ ਦੀ ਯਾਰੀ ਸਭ ਤੋਂ ਉੱਤਮ ਮੰਨੀ ਗਈ ਹੈ। ਇਸ ਵਿਚ ਕੋਈ ਸ਼ੱਕ ਵੀ ਨਹੀਂ ਕਿ ਬੱਚੇ ਨੇ ਜਿਹੜੀਆਂ ਗੱਲਾਂ ਦਾਦਾ ਦਾਦੀ ਜਾਂ ਨਾਨਾ ਨਾਨੀ ਦੀ ਗੋਦੀ ਵਿਚ ਖੇਡਦਿਆਂ ਸਿੱਖੀਆਂ ਹੁੰਦੀਆਂ ਹਨ ਉਹ ਉਮਰ ਭਰ ਸਾਥ ਨਿਭਾਉਂਦੀਆਂ ਹਨ। ਭਾਵ ਜੀਵਨ ਵਿਚ ਸਫ਼ਲਤਾ ਦਾ ਰਾਹ ਦਿਖਾਉਂਦੀਆਂ ਹਨ। ਲੋਰੀਆਂ ਮਾਣਦਾ ਬਚਪਨ ਜਦੋਂ ਵੱਡਾ ਹੁੰਦਾ ਹੈ ਤਾਂ ਉਸਨੂੰ ਪਰਿਵਾਰ ਦੇ ਵੱਡੇ ਜੀਆਂ ਦਾ ਸੰਗ ਮਿਲਦਾ ਹੈ। ਇਹ ਸਾਥ ਹੀ ਉਸਦੇ ਜੀਵਨ ਦੀ ਬੁਨਿਆਦ ਬਣਦਾ ਹੈ। ਮੇਰੇ ਬਚਪਨ ਦਾ ਸਮਾਂ ਵੀਹਵੀਂ ਸਦੀ ਦੇ ਸੰਨ 1970-75 ਦਾ ਬਣਦਾ ਹੈ। ਜਿਵੇਂ ਹੀ ਸੋਝੀ ਸੰਭਾਲੀ ਤਾਂ ਦਾਦੇ ਦੀ ਸੰਗਤ ਨੇ ਉਚੀਆਂ ਮੰਜ਼ਿਲਾਂ ਦੇ ਰਾਹ ਦਿਖਾਉਣੇ ਆਰੰਭ ਕਰ ਦਿੱਤੇ।

ਮੇਰੇ ਦਾਦਾ ਦਲੀਪਾ ਰਾਮ ਧਾਰਮਿਕ ਬਿਰਤੀ ਦੇ ਮਾਲਕ ਹੋਣ ਕਰਕੇ ਕਿਸੇ ਕਾਬਲ ਗੁਰੂ ਦੀ ਭਾ਼ਲ ਵਿਚ ਸਨ। ਇਸ ਉਦੇਸ਼ ਦੀ ਪੂਰਤੀ ਵਾਸਤੇ ਉਹ ਦੂਰ ਨੇੜੇ ਦਾ ਸਧੂ ਸੰਤਾਂ ਕੋਲ ਅਕਸਰ ਜਾਂਦੇ ਅਤੇ ਉਹਨਾਂ ਨਾਲ ਵਾਰਤਾਲਾਪ ਕਰਕੇ ਆਪਣੇ ਮਨ ਦੀਆਂ ਉਲਝਣਾਂ ਨੂੰ ਸਲਝਾਉਣ ਦੇ ਯਤਨ ਕਰਦੇ। ਸਾਡਾ ਪਿੰਡ ਮਹਿਮਦੂਵਾਲ, ਹੁਸ਼ਿਆਰਪੁਰ ਜ਼ਿਲ੍ਹੇ ਦਾ ਕੰਢੀ ਇਲਾਕੇ ਦਾ ਪਿੰਡ ਕੁਦਰਤੀ ਨਜ਼ਾਰਿਆ ਨਾਲ ਭਰਪੂਰ ਸ਼ਿਵਾਲਿਕ ਦੀਆਂ ਪਹਾੜੀਆਂ ਦੀ ਗੋਦੀ ਵਿਚ ਵਸਿਆ ਹੋਇਆ ਹੈ। ਉਸ ਵੇਲੇ ਆਲੇ-ਦੁਆਲੇ ਜੰਗਲ ਬੇਲਾ ਬਹੁਤ ਸੀ। ਇਹਨਾਂ ਝਿੜੀਆਂ ਵਿਚ ਕੋਈ ਨਾ ਕੋਈ ਡੇਰਾ ਹੁੰਦਾ ਜਿਥੇ ਸੰਤਾਂ ਮਹਾਤਮਾ ਦਾ ਵਾਸਾ ਹੁੰਦਾ ਹੈ। ਨਾਲ ਲਗਦੇ ਪਹਾੜਾਂ ਦੀਆਂ ਕੁੰਦਰਾਂ ਅਤੇ ਜੰਗਲਾਂ ਵਿਚ ਧਾਰਮਿਕ ਵਿਅਕਤੀ ਪ੍ਰਭੂ ਭਗਤੀ ਵਿਚ ਲੀਨ ਦਿਖਾਈ ਦਿੰਦੇ।

ਹਰ ਐਤਵਾਰ ਦਾਦਾ ਜੀ ਨੇ ਮੈਨੂੰ ਆਪਣੀ ਉਂਗਲੀ ਫੜਾਉਣੀ ਅਤੇ ਕਿਸੇ ਨਾ ਕਿਸੇ ਡੇਰੇ ਵੱਲ ਨੂੰ ਚਾਲੇ ਪਾ ਲੈਣੇ। ਮੇਰੇ ਲਈ ਇਹ ਯਾਤਰਾ ਤੀਆਂ ਦੇ ਮੇਲੇ ਵਰਗਾ ਆਨੰਦ ਦਿੰਦੀ। ਉਸ ਜ਼ਮਾਨੇ ਸੜਕਾਂ ਕੱਚੀਆਂ ਸਨ। ਗੋਰ੍ਹੀਆਂ ਅਤੇ ਪਗਡੰਡੀਆਂ ਰਾਹੀਂ ਅਸੀਂ ਆਪਣੀ ਮੰਜ਼ਿਲ ਤੇ ਨੇੜੇ ਦੇ ਰਾਹਾਂ ਰਾਹੀਂ ਪੁੱਜ ਜਾਂਦੇ ।ਬੱਚੇ ਦਾ ਮਨ ਤਾਂ ਉਡਾਰੀਆਂ ਮਾਰਨ ਲਈ ਸਦਾ ਤਿਆਰ ਰਹਿੰਦਾ। ਸਾਡੇ ਪਿੰਡ ਲਗਲਾ ਡੇਰਾ ਝਬਾਲਾ ਵਿਚ ਪਹਿਲਵਾਨ ਕੁਸ਼ਤੀਆਂ ਦੀ ਜ਼ੋਰ ਅਜ਼ਮਾਈ ਦਾ ਅਭਿਆਸ ਕਰਦੇ। ਡੇਰਾ ਕੱਲਰਾਂ, ਬਣਾ ਸਾਹਿਬ, ਬੀਬੀਆਂ ਦਾ ਡੇਰਾ, ਰਤਨ ਪੁਰੀ, ਸੰਤ ਰਾਂਝੂ ਦਾਸ ਦਾ ਡੇਰਾ ਤੇ ਪਤਾ ਨਹੀਂ ਹੋਰ ਕਿੰਨੇ ਡੇਰੇ ਸਨ ਜਿਥੇ ਮੈਂ ਆਪਣੇ ਦਾਦਾ ਜੀ ਨਾਲ ਜਾਂਦਾ ਰਿਹਾ। ਜਦੋਂ ਇਹਨਾਂ ਡੇਰਿਆਂ ਵਿਚ ਮਹਾਂਪੁਰਸ਼ਾ ਦੇ ਪ੍ਰਵਚਨ ਹੁੰਦੇ ਤਾਂ ਦਾਦਾ ਜੀ ਮੈਨੂੰ ਕਹਿੰਦੇ, 'ਅੰਤਰ ਧਿਆਨ ਹੋ ਕੇ ਬੈਠ। ਜੋ ਬੋਲਿਆਂ ਜਾ ਰਿਹਾ ਉਸਨੂੰ ਧਿਆਨ ਨਾਲ ਸੁਣ।

ਚੌਕੜੀ ਮਾਰਕੇ ਬੈਠਣਾ, ਕੰਨਾਂ ਵਿਚ ਉਂਗਲ ਨਹੀਂ ਪਾਉਣੀ, ਮੂੰਹ ਨਹੀਂ ਅੱਡਣਾ, ਉੱਚੀ ਨਹੀ ਬੋਲਣਾ ਤੇ ਨਾਹੀਂ ਕਿਸੇ ਨਾਲ ਗੱਲ ਕਰਨੀ'। ਇਹ ਸਾਰੀਆਂ ਗੱਲਾਂ ਸਭਾ ਵਿਚ ਬੈਠਣ ਦਾ ਸਲੀਕਾ ਸਿਖਾਉਂਦੀਆਂ ਸਨ। ਮੇਰੇ ਬਾਲ ਮਨ ਅੰਦਰ ਇਹ ਗੱਲਾਂ ਘਰ ਕੀਤੀਆਂ ਤਾਂ ਮੈਨੂੰ ਆਪਣੇ ਤੋਂ ਵੱਡਿਆਂ ਨੂੰ ਚੰਗੀ ਤਰ੍ਹਾਂ ਸੁਣਨ ਦੀ ਆਦਤ ਬਣ ਗਈ।

ਉਹ ਅੱਗੇ ਆਖਦੇ ,'ਜਦੋਂ ਕੋਈ ਗੱਲ ਕਰਦਾ ਹੋਵੇ ਤਾਂ ਉਸਨੂੰ ਵਿਚੋਂ ਨਹੀਂ ਟੋਕਣਾ। ਆਪ ਤੋਂ ਵੱਡੇ ਦੇ ਪੈਰੀਂ ਹੱਥ ਲਾਉਣਾ ਹੈ। ਇਥੋਂ ਤਕ ਕਿ ਘਰ ਆਏ ਮਹਿਮਾਨ ਦੇ ਮੰਜੇ ਤੇ ਸਿਰ੍ਹਾਣੇ ਵੱਲ ਵੀ ਨਹੀਂ ਬੈਠਣਾ'। ਇਹ ਸਭ ਕੁੱਝ ਆਦਰ ਮਾਣ ਸਿਖਾਉਣ ਵਾਲੀਆਂ ਕੀਮਤੀ ਬਾਤਾਂ ਸਨ।

ਦਾਦਾ ਜੀ ਦੁਆਰਾ ਕਾਂ ਤੇ ਚਿੜੀ ਦੀ ਸੁਣਾਈ ਕਹਾਣੀ ਅਜ ਵੀ ਇਹੀ ਦਰਸਾਉਂਦੀ ਹੈ ਕਿ ਆਲਸੀ ਬੰਦਾ ਕੁੱਝ ਵੀ ਹਾਸਲ ਨਹੀਂ ਕਰ ਸਕਦਾ। ਇਸ ਤਰ੍ਹਾਂ ਸੰਤ ਮਹਾਤਮਾ ਆਪਣੇ ਪ੍ਰਵਚਨਾਂ ਰਾਹੀਂ ਮਹਾਂਭਾਰਤ, ਰਮਾਇਣ ਅਤੇ ਗੁਰੂ ਗਰੰਥ ਸਾਹਿਬ ਦੇ ਵਿਚਾਰਾਂ ਦੀ ਵਿਆਖਿਆ ਸੰਗਤ ਨੂੰ ਸੁਣਾਉਂਦੇ। ਵਿਚਾਰਾਂ ਨੂੰ ਚੰਗੀ ਤਰ੍ਹਾਂ ਸੁਣਨ ਅਤੇ ਬਾਅਦ ਵਿਚ ਸਮਝਣ ਦੀ ਸਮਰੱਥਾ ਮੇਰੇ ਅੰਦਰ ਉਪਜਦੀ ਗਈ। ਜੋ ਬਾਅਦ ਵਿਚ ਸ਼ੁੱਧ ਵਿਚਾਰਾਂ ਦਾ ਰੂਪ ਧਾਰਨ ਕਰਨ ਲੱਗੀ। ਦਾਦਾ ਜੀ ਦੀਆਂ ਸਿੱਖਿਆਵਾਂ ਨੂੰ ਸ਼ਬਦੀ ਰੂਪ ਦੇਣ ਦੀ ਸੋਝੀ ਮੇਰੇ ਅਧਿਆਪਕ ਤਾਂ ਮਨਮੋਹਨ ਸਿੰਘ ਤੀਰ ਅਤੇ ਐਸ. ਅਸ਼ੋਕ ਭੌਰਾ ਨੇ ਬਖਸ਼ ਦਿੱਤੀ ਸੀ। ਦਾਦਾ ਜੀ ਦੀ ਸਿੱਖਿਆ ਨੇ ਵਧੀਆ ਬੋਲ ਬਾਣੀ ਦਾ ਵੀ ਸਬਕ ਸਿਖਾਇਆ ਜਿਸ ਆਸਰੇ ਮੈਨੂੰ ਮੇਲਿਆ ਅਤੇ ਦੂਰਦਰਸ਼ਨ ਦੇ ਵਧੀਆ ਐਂਕਰਾਂ ਵਿਚ ਵੀ ਥਾਂ ਮਿਲੀ। ਧਾਰਮਿਕ ਸੰਗਤ ਨੇ ਗੁਰੂ ਨਾਨਕ ਦੇਵ ਜੀ ਦੇ ਕਿਰਤ ਦੇ ਉਪਦੇਸ਼ ਨੂੰ ਅਤੇ ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਏ ਦੇ ਮਹਾਂਵਾਕ ਨੂੰ ਜੀਵਨ ਦਾ ਅਧਾਰ ਬਣਾ ਲਿਆ।

ਜੀਵਨ ਦੀਆਂ ਬੁਨਿਆਦੀ ਕਲਾਵਾਂ ਨੂੰ ਪਣਪਣ ਅਤੇ ਵਿਗਸਣ ਵਿਚ ਦਾਦਾ ਜੀ ਦੀ ਯਾਰੀ ਨੇ ਅਹਿਮ ਭੂਮਿਕਾ ਅਦਾ ਕੀਤੀ। ਉਹ ਅਕਸਰ ਆਖਦੇ ਬਿਨਾ ਸੱਦੇ ਕਿਸੇ ਦੇ ਘਰ ਨਾ ਜਾਓ ਤੇ ਡੰਡੇ ਸੱਟੇ ਬਿਨਾ ਰਾਤ ਨੂੰ ਬਾਹਰ ਨਾ ਜਾਓ। ਇਹ ਨਿੱਕੀਆਂ ਗੱਲਾਂ ਸਨ ਪਰ ਅਰਥ ਵੱਡੇ ਸਨ ਜਿਨਾ ਮੇਰੇ ਜੀਵਨ ਨੂੰ ਸ਼ਿੰਗਾਰਨ ਤੇ ਸੁਆਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਹੁਣ ਗੱਲ ਤੁਰਦੀ ਹੈ ਅਜੋਕੇ ਸਮੇਂ ਦੀ।ਅਸੀਂ ਸਾਰੇ ਆਪੋ ਆਪਣੇ ਫੋਨਾਂ ਨਾਲ ਚਿੰਬੜੇ ਹੋਏ ਹਾਂ। ਨੈਟ ਨੇ ਜਿਹੜੀਆਂ ਕਦਰਾਂ-ਕੀਮਤਾਂ ਸਾਨੂੰ ਸਿਖਾਉਣੀਆ ਹਨ। ਉਹਨਾਂ ਬਾਰੇ ਅਸੀਂ ਭਲੀ ਭਾਂਤ ਵਾਕਿਫ ਹਾਂ।

ਇਹ ਸਾਨੂੰ ਮਨੁੱਖ ਨਹੀਂ ਸਗੋਂ ਇਕ ਮਸ਼ੀਨ ਬਣਾ ਰਿਹਾ ਹੈ। ਸੋ, ਆਓ ਆਪਾ ਅਜ ਵੀ ਆਪਣੇ ਦਾਦੇ ਦਾਦੀਆਂ ਅਤੇ ਨਾਨੇ ਨਾਨੀਆਂ ਦਾ ਸਤਿਕਾਰ ਕਰਦੇ ਹੋਏ ਰੋਬੋਟ ਬਣਨ ਤੋਂ ਬਚੀਏ ਅਤੇ ਮਨੁੱਖ ਬਣਕੇ ਇਸ ਧਰਤੀ ਦੇ ਰਸ ਰੰਗ ਮਾਣੀਏ।ਉਹਨਾਂ ਦੇ ਜੀਵਨ ਤਜਰਬਿਆਂ ਦਾ ਲਾਭ ਲਈਏ। ਉਹਨਾਂ ਦਾ ਸਾਥ ਸਾਡੇ ਜੀਵਨ ਦਾ ਰੰਗਲਾ ਪੰਘੂੜਾ ਹੈ। ਅਜ ਵੀ ਮੈਂ ਆਪਣੇ ਦਾਦਾ ਜੀ ਦੇ ਕਹੇ ਸ਼ਬਦਾਂ ਨੂੰ ਯਾਦ ਕਰਦਾ ਹੋਇਆ ਉਹਨਾਂ ਨੂੰ ਪ੍ਰਣਾਮ ਕਰਦਾ ਹਾਂ।



# ਚੜ੍ਹਿਆ ਸਾਲ ਨਵਾਂ

ਜ਼ਿੰਦ ਝੋਰਿਆਂ ਖਾਧੀ ਕੁਝ ਨਾ ਹਾਲ ਨਵਾਂ,
ਪਿਛਲੇ ਸਾਲਾਂ ਵਾਂਗ ਹੀ ਚੜ੍ਹਿਆ ਸਾਲ ਨਵਾਂ ।

ਉਲਝਿਆ ਪਿਆ ਸੰਗੀਤ ਪੂਰੇ ਪ੍ਰਬੰਧਾਂ ਦਾ,
ਨਾ ਹੀ ਕੋਈ ਸੁਰ ਤੇ ਨਾ ਕੋਈ ਤਾਲ ਨਵਾਂ ।

ਪੌਣੀ ਸਦੀ ਤੋਂ ਜੋ ਪਰੋਸਿਆ ਉਹੀ ਏ,
ਅਸਾਂ ਖੋਲ ਕੇ ਦੇਖਿਆ ਕੇਵਲ ਥਾਲ ਨਵਾਂ ।

ਬੇਈਮਾਨ ਸਿਆਸਤ ਲੋਕੀਂ ਸਮਝਣ ਨਾ,
ਗਲ਼ਿਆ ਪਿਆ ਪੁਰਾਣਾ ਨਾ ਕੋਈ ਮਾਲ ਨਵਾਂ।

ਲੋਕ ਵਿਚਾਰੇ ਉਸਨੂੰ ਨਾ ਪਹਿਚਾਣ ਸਕੇ
ਚਿਹਰਾ ਢੱਕੀ ਉਹ ਬੈਠੀ ਲੈ ਕੇ ਸ਼ਾਲ ਨਵਾਂ ।

ਪਿਛਲਿਆਂ ਨੂੰ ਉਹ ਭੰਡ ਕੇ ਆਏ ਸਤਹ 'ਚ,
ਲੋਕਾਂ ਲਈ ਉਹ ਬੁਣ ਲੈ ਆਏ ਜਾਲ ਨਵਾਂ ।

ਨਸ਼ਾਖੋਰੀ ਦੇ ਮੌਸਮ ਜਕੜ ਪੰਜਾਬ ਲਿਆ,
ਖੁਸ਼ੀ ਦਾ ਨਾ ਕੋਈ ਆਇਆ ਹਾੜ ਸਿਆਲ ਨਵਾਂ ।

ਲੋੜ ਵੰਦਾਂ ਦਾ ਆਟਾ ਦਾਲ ਜੋ ਖਾ ਜਾਵਣ,
ਭਰੇ ਭੰਡਾਰੇ ਵਾਲਿਆਂ ਦਾ ਇਹ ਹਾਲ ਨਵਾਂ।

ਡੇਢ ਲੱਖ ਤਨਖਾਹ ਤੇ ਸਫਰ ਅਧਾਰਾਂ ਤੇ,
ਲੋਕ ਭਲਾਈ ਦਾ ਹੈ ਇਹ ਖਿਆਲ ਨਵਾਂ ।

ਨੂੰਹਾਂ ਪੁੱਤ ਜਹਾਜ਼ੀਂ ਚੜ੍ਹ ਵਿਦੇਸ਼ ਗਏ,
ਬੁੱਢੀਆਂ ਅੱਖਾਂ ਤਰਸਣ ਨਾ ਕੋਈ ਬਾਲ ਨਵਾਂ ।

ਰੁੜ੍ਹਦਾ ਪਿਆ ਹੈ ਧੰਨ ਫਲੈਕਸਾਂ ਫੋਟੋਆਂ ਤੇ,
ਹੁੰਦੇ ਪਏ ਉਦਘਾਟਨ ਕਰਨ ਸੁਆਲ ਨਵਾਂ ।

ਕਤਲ ਹੁੰਦੇ ਰਹੇ ਸੁਪਨੇ ਚਿਰਾਂ ਤੋਂ ਜਨਤਾ ਦੇ,
ਫਿਰੇ ਡਰਾਉਂਦਾ ਉਨ੍ਹਾਂ ਨੂੰ ਕੋਈ ਕਾਲ ਨਵਾਂ।

ਬੰਦਾ ਹੁਣ ਇਹ ਆਮ ਤੋਂ ਅੱਜਕੱਲ੍ਹ ਖਾਸ ਹੋਇਆ
,
ਰੰਗ ਬਦਲ ਕੇ ਕਰ ਗਿਆ ਕੋਈ ਕਮਾਲ ਨਵਾਂ।

ਹੱਕ ਪਛਾਣੇ ਜਿਸ ਦਿਨ ਲੋਕਾਂ ਏਕੇ ਨਾਲ,
ਹਰ ਹਾਲਾਤ ਵਿੱਚ ਚੜ੍ਹਨਾ ਹੈ ਫਿਰ ਸਾਲ ਨਵਾਂ ।

ਅੱਖ ਜਗਾਉਣ ਲਈ ਇੰਨਾ ਹੀ ਬੱਸ ਕਾਫੀ ਹੈ ,
ਨਹੀਂ ਤਾਂ ਲੋਕੀਂ ਰਸਤਾ ਲੈਣਗੇ ਭਾਲ ਨਵਾਂ।

ਕੁਦਰਤ ਰਾਣੀ ਮਿਹਰਬਾਨ ਹੋ ਸਾਡੇ ਤੇ ,
ਉਸ ਨੂੰ ਆਖਾਂ ਤੂੰ ਹੀ ਰੰਗ ਦਿਖਾਲ ਨਵਾਂ ।

ਊਚ ਨੀਚ ਦਾ ਫਰਕ "ਲੰਗੇਰੀ" ਮਿਟਣਾ ਜਦ,
ਫਿਰ ਆਖਾਂਗੇ ਚੜ੍ਹਿਆ ਹੈ ਅੱਜ ਸਾਲ ਨਵਾਂ ।
ਫਿਰ ਆਖਾਂਗੇ ਚੜ੍ਹਿਆ ਹੈ ਅੱਜ ਸਾਲ ਨਵਾਂ॥

**– ਅਵਤਾਰ ਲੰਗੇਰੀ** (9463260181)

# ਨਵੇਂ ਸਾਲ ਦੀ ਵਧਾਈ

ਨਵੇਂ ਸਾਲ ਦੀ ਵਧਾਈ,
ਹੋਏ ਆਪ ਦੀ ਚੜ੍ਹਾਈ,
ਰਵ੍ਹੇ ਖ਼ੁਸ਼ੀ, ਵਸੇ ਖੇੜਾ,
ਜੱਗ ਖ਼ੁਸ਼ਹਾਲ ਰਹੇ।
ਤੁਹਾਡਾ ਚੜ੍ਹਦੀ ਕਲਾ 'ਚ
ਨਵਾਂ ਸਾਲ ਰਹੇ।
ਤੁਹਾਡਾ ਚੜ੍ਹਦੀ ਕਲਾ 'ਚ--

ਮਿਲ਼ੇ ਕੋਨੇ-ਕੋਨੇ ਵਿੱਚ
ਦਿੱਤੀ ਕਾਦਰ ਦੀ ਦਾਤ।
ਸੱਭ ਤਾਂਈਂ ਸੱਭ ਥਾਂਈਂ
ਮਿਲ਼ੇ ਰੱਬ ਦੀ ਸੌਗਾਤ।
ਤਪੇ ਹਰ ਘਰ ਚੁੱਲ੍ਹਾ
ਕੋਈ ਭੁੱਖਾ, ਨਾ ਕੰਗਾਲ ਰਹੇ।
ਤੁਹਾਡਾ ਚੜ੍ਹਦੀ ਕਲਾ 'ਚ--

ਜਾਤਾਂ ਮਜ਼ਹਬਾਂ ਦਾ ਪਾੜਾ
ਨਾ ਫ਼ਿਰਕੂ ਫ਼ਸਾਦ।
ਹੋਵੇ ਨਾ ਗ਼ੁਲਾਮੀ
ਰਹੇ ਹਰ ਕੋਈ ਆਜ਼ਾਦ।
ਕਾਇਮ ਰਹੇ ਭਾਈਚਾਰਾ,
ਨਾ ਕਿਧਰੇ ਮਕਾਲ ਰਹੇ।
ਤੁਹਾਡਾ ਚੜ੍ਹਦੀ ਕਲਾ 'ਚ--

ਸ਼ੈਤਾਨਾਂ ਹੈਵਾਨਾਂ ਨੂੰ
ਵਾਹਿਗੁਰੂ ਸੁਮੱਤ ਦੇਵੇ।
ਸੱਭ ਧੀਆਂ-ਭੈਣਾਂ ਤਾਂਈਂ
ਰੱਬ, ਇੱਜ਼ਤ ਪਤ ਦੇਵੇ।
ਹੋਣ ਸੱਤੇ ਖੈਰਾਂ,
ਘਰ ਬੰਦਾ ਖ਼ੁਸ਼ੀ ਨਾਲ਼ ਰਹੇ।
ਤੁਹਾਡਾ ਚੜ੍ਹਦੀ ਕਲਾ 'ਚ--

ਬੱਚੇ ਹੋਣ ਨਾ ਅਨਾਥ
ਕਿਤੇ ਰੁਲ਼ੇ ਨਾ ਬੁਢਾਪਾ।
ਸੁਖੀ ਵਸੇ ਹਰ ਵਿਹੜਾ
ਪਵੇ ਹੱਕਾਂ 'ਤੇ ਨਾ ਛਾਪਾ।
ਘੁੱਗ ਵਸੇ ਸੁਲਹਾਣੀ,
ਖ਼ੁਸ਼ ਜੀਆ ਜੰਤ 'ਲਾਲ' ਰਹੇ।
ਤੁਹਾਡਾ ਚੜ੍ਹਦੀ ਕਲਾ 'ਚ--



**ਲਾਲ ਸਿੰਘ ਸੁਲਹਾਣੀ**
**91-98721-55120**

# ਪੁਸਤਕ : ਸੱਭਿਆਚਾਰ ਤਿੰਨ ਮਾਵਾਂ ਦਾ ਪਸਾਰਾ ਗਵਰਨਰ ਪੰਜਾਬ ਦੇ ਸ਼ੁਭ ਹੱਥਾਂ ਨਾਲ਼ ਲੋਕ ਅਰਪਣ

ਮਾਲਵਾ ਰਿਸਰਚ ਸੈਂਟਰ ਪਟਿਆਲਾ (ਰਜਿ:) ਦਾ ਇੱਕ ਡੈਲੀਗੇਸ਼ਨ ਡਾ। ਭਗਵੰਤ ਸਿੰਘ ਦੀ ਅਗਵਾਈ ਵਿੱਚ ਮਾਨਯੋਗ ਗਵਰਨਰ ਪੰਜਾਬ ਅਤੇ ਚੰਡੀਗੜ੍ਹ ਸ਼੍ਰੀ ਬਨਵਾਰੀ ਲਾਲ ਪੁਰੋਹਿਤ ਨੂੰ ਮਿਲਿਆ। ਇਸ ਮਿਲਨੀ ਵਿੱਚ ਅਮਰ ਗਰਗ ਕਲਮਦਾਨ ਅਤੇ ਪ੍ਰੇਮਲਤਾ ਪ੍ਰਿੰਸੀਪਲ ਦੁਆਰਾ ਰਚਿਤ ਪੁਸਤਕ 'ਸੱਭਿਆਚਾਰ ਤਿੰਨ ਮਾਵਾਂ ਦਾ ਪਸਾਰਾ' ਮਾਨਯੋਗ



ਗਵਰਨਰ ਵੱਲੋਂ ਰਿਲੀਜ ਕੀਤੀ ਗਈ। ਅਮਰ ਗਰਗ ਕਲਮਦਾਨ ਨੇ ਪੁਸਤਕ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬੀ ਸੱਭਿਆਚਾਰ ਦਾ ਆਧਾਰ ਮੁੱਢਲੀ ਸਿੰਧ ਘਾਟੀ ਅਤੇ ਪਿਛਲੇਰੀ ਵੈਦਿਕ ਸੱਭਿਅਤਾ ਦੇ ਪ੍ਰਕ੍ਰਿਤੀਵਾਦੀ ਗੁਣ ਹਨ। ਸੱਭਿਆਚਾਰ ਦੀ ਉਤਪਤੀ ਹਜਾਰਾਂ ਸਾਲਾਂ ਦੇ ਮਨੁੱਖੀ ਜੀਵਨ ਦਾ ਪ੍ਰਕ੍ਰਿਤੀ ਨਾਲ਼ ਸਾਂਝ ਅਤੇ ਸੰਘਰਸ਼ ਵਿੱਚੋਂ ਹੋਈ ਹੈ। ਪੰਜਾਬੀ ਸੱਭਿਆਚਾਰ ਦੀ ਹਰ ਇੱਕ ਵਿਧਾ ਵਿੱਚ ਵਿਗਿਆਨਿਕ ਅਤੇ ਉਸਾਰੂ ਜੀਵਨ ਦੇ ਤੱਤ ਮੌਜੂਦ ਹਨ। ਸੱਭਿਆਚਾਰ ਹੀ ਮਨੁੱਖ ਨੂੰ ਉਸਦੀ ਪਹਿਚਾਣ ਦਿੰਦਾ ਹੈ ਅਤੇ ਉਸਨੂੰ ਧਰਤੀ ਦੇ ਇੱਕ ਵਿਸ਼ੇਸ਼ ਟੁੱਕੜੇ ਨਾਲ਼ ਜੋੜ ਕੇ ਰੱਖਦਾ ਹੈ। ਸੱਭਿਆਚਾਰ ਦੇ ਸਿਰ ਤੇ ਹੀ ਮਨੁੱਖ ਸਰਵਗੁਣ ਤਰੱਕੀ ਕਰਦਾ ਹੈ।

ਡਾ. ਭਗਵੰਤ ਸਿੰਘ ਨੇ ਪੁਸਤਕ ਵਿਚਲੇ ਵਿਚਾਰਾਂ ਉਪਰ ਚਾਨਣਾ ਪਾਉਂਦੇ ਹੋਏ ਕਿਹਾ ਕਿ ਸੱਭਿਆਚਾਰ ਨਾਲੋਂ ਟੁੱਟ ਕਾਰਨ ਪੰਜਾਬ ਦੇ ਨੌਜਵਾਨਾਂ ਖਾਸ ਕਰਕੇ ਪੇਂਡੂ ਨੌਜਵਾਨਾਂ ਵਿੱਚ ਨਸ਼ਾਵ੍ਰਿਤੀ ਵਧ ਰਹੀ ਹੈ। ਨਸ਼ਾਵ੍ਰਿਤੀ ਵਧਣ ਦਾ ਦੂਜਾ ਕਾਰਨ ਪਾਕਿਸਤਾਨ ਵੱਲੋਂ ਭਾਰਤੀ ਪੰਜਾਬ ਵਿੱਚ ਡ੍ਰੋਨਾਂ ਰਾਹੀ ਨਸ਼ੇ ਦੀ ਪੂਰਤੀ ਹੈ। ਸਾਨੂੰ ਨਸ਼ੇ ਦੇ ਖਿਲਾਫ਼ ਲੜਾਈ ਨੂੰ ਸਹੀ ਸੇਧ ਦੇਣ ਲਈ ਪਾਕਿਸਤਾਨ ਦੀਆਂ ਭਾਰਤੀ ਪੰਜਾਬੀ ਨੌਜਵਾਨਾਂ ਨੂੰ ਖ਼ਤਮ ਕਰਨ ਦੀਆਂ ਸਾਜਿਸ਼ਾਂ ਨੂੰ ਬੇ-ਨਕਾਬ ਕਰਨਾ ਹੋਵੇਗਾ। ਰਾਸ਼ਟਰੀ ਚੇਤਨਾ ਨਾਲ਼ ਪੰਜਾਬੀ ਨੌਜਵਾਨਾਂ ਦਾ ਧਰਤੀ ਅਤੇ ਸੱਭਿਆਚਾਰ ਨਾਲ਼ ਜੁੜਾਵ ਵਧੇਗਾ। ਸਾਨੂੰ ਬੇ-ਸੁਰੇ ਅਤੇ ਗੰਦੇ ਗੀਤਾਂ ਦਾ ਚਲਨ ਵੀ ਬਦਲਣਾ ਹੋਵੇਗਾ। ਮਾਨਯੋਗ ਗਵਰਨਰ ਨੇ ਵੀ ਪੁਸਤਕ ਸੱਭਿਆਚਾਰ ਤਿੰਨ ਮਾਵਾਂ ਦਾ ਪਸਾਰਾ ਦੀ ਪ੍ਰਸ਼ੰਸ਼ਾ ਕੀਤੀ।

# 'ਯਾਦੇਂ' ਗ਼ਜ਼ਲਾਂ ਭਾਵਨਾਵਾਂ ਨਾਲ ਰੰਗੀਆਂ




"ਜੇਕਰ ਤੁਸੀਂ ਦੇਖਣਾ ਚਾਹੁੰਦੇ ਹੋ, ਤਾਂ ਉਸਦੀ ਉਮਰ ਵੇਖੋ, ਉਸਦੀ ਪ੍ਰਤਿਭਾ ਵੇਖੋ, ਉਸਦੀ ਗਲਤੀਆਂ ਨਹੀਂ। ਸੌਰਭ ਦੀਆਂ ਯਾਦਾਂ ਦਾ ਪ੍ਰਭਾਵ ਉਸ ਦੀਆਂ ਸੁਸਤ ਭਾਵਨਾਵਾਂ ਨੂੰ ਜਗਾ ਕੇ ਵੇਖੋ।"

ਡਾ: ਸਤਿਆਵਾਨ ਸੌਰਭ ਨੇ ਆਪਣੀ ਪਹਿਲੀ ਕਿਤਾਬ 'ਯਾਦੀਂ' ਸਾਲ 2005 ਵਿੱਚ ਸਿਰਫ਼ 16 ਸਾਲ ਦੀ ਉਮਰ ਵਿੱਚ, ਗਿਆਰਵੀਂ ਜਮਾਤ ਵਿੱਚ ਪੜ੍ਹਦਿਆਂ ਲਿਖੀ ਸੀ। ਜਿਸ ਨੂੰ ਨਵੀਂ ਦਿੱਲੀ ਦੇ ਪ੍ਰਬੋਧ ਪ੍ਰਕਾਸ਼ਨ ਨੇ ਪ੍ਰਕਾਸ਼ਿਤ ਕੀਤਾ ਸੀ। ਪ੍ਰਸਿੱਧ ਸਾਹਿਤਕਾਰਾਂ ਵਿਸ਼ਨੂੰ ਪ੍ਰਭਾਕਰ ਅਤੇ ਰਾਮਕੁਮਾਰ ਅਤਰੇਆ ਦੀ ਨਜ਼ਰ ਵਿੱਚ, ਸੱਤਿਆਵਾਨ ਸੌਰਭ ਸੰਭਾਵਿਤ ਪਹਿਲੇ ਲੇਖਕ ਹੋਣਗੇ ਜਿਨ੍ਹਾਂ ਨੂੰ ਇੰਨੀ ਛੋਟੀ ਉਮਰ ਵਿੱਚ ਗ਼ਜ਼ਲ ਸੰਗ੍ਰਹਿ ਦਾ ਲੇਖਕ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ। ਹੁਣ 18 ਸਾਲਾਂ ਬਾਅਦ 'ਯਾਦੀਂ' ਦਾ ਦੂਜਾ ਐਡੀਸ਼ਨ 2023 ਵਿੱਚ ਆਇਆ ਹੈ। ਪੇਸ਼ ਕੀਤਾ ਲੇਖ ਸਵਰਗੀ ਰਾਮਕੁਮਾਰ ਅਥਰੇਆ ਦੁਆਰਾ ਲਿਖੀ ਗਈ 'ਯਾਦੀਂ' ਦੀ ਸਮੀਖਿਆ ਹੈ ਜੋ ਸਾਲ 2005 ਵਿੱਚ ਲਿਖੀ ਗਈ ਸੀ। **-ਸਵੈ. ਰਾਮਕੁਮਾਰ ਅਤਰੇਆ**

ਸੱਤਿਆਵਾਨ ਸੌਰਭ ਇੱਕ ਅਜਿਹੀ ਪ੍ਰਤਿਭਾ ਦਾ ਨਾਮ ਹੈ ਜਿਸ ਦੇ ਪੈਰ ਪੰਘੂੜੇ ਵਿੱਚ ਦਿਖਾਈ ਦੇਣ ਲੱਗੇ ਹਨ। ਇੱਥੇ ਮੈਂ ਪੰਘੂੜਾ ਸ਼ਬਦ ਜਾਣ ਬੁੱਝ ਕੇ ਵਰਤ ਰਿਹਾ ਹਾਂ। ਕਿਉਂਕਿ ਸੌਰਭ ਅਜੇ ਸਿਰਫ 16 ਸਾਲ 3 ਮਹੀਨੇ ਦਾ ਹੈ। ਇਸ ਵੇਲੇ ਉਹ ਸੀਨੀਅਰ ਸਕੂਲ ਦੀ 10ਵੀਂ ਜਮਾਤ 2ਵੀਂ ਜਮਾਤ ਦਾ ਵਿਦਿਆਰਥੀ ਹੈ ਅਤੇ ਗ਼ਜ਼ਲਾਂ ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ ਹੈ। ਨਾ ਸਿਰਫ਼ ਕਹੇ ਜਾਂਦੇ ਹਨ, ਸਗੋਂ ਅਖ਼ਬਾਰਾਂ ਅਤੇ ਰਸਾਲਿਆਂ ਵਿਚ ਵੀ ਸਤਿਕਾਰ ਸਹਿਤ ਪ੍ਰਕਾਸ਼ਤ ਹੁੰਦੇ ਹਨ। 'ਹੋਣਹਾਰ ਬਿਰਵਾਂ ਕੇ ਗਰਮ ਚਿਕਨੇ ਪਤ' ਭਾਵ ਪ੍ਰਤਿਭਾ ਦੀ ਪਛਾਣ ਵਿਅਕਤੀ ਦੇ ਸ਼ੁਰੂਆਤੀ ਪੜਾਅ ਤੋਂ ਹੀ ਦਿਖਾਈ ਦੇਣ ਲੱਗਦੀ ਹੈ। ਪ੍ਰਤਿਭਾਸ਼ਾਲੀ ਵਿਅਕਤੀ ਕਿਸੇ ਵੀ ਭੀੜ ਤੋਂ ਜ਼ਿਆਦਾ ਦੇਰ ਤੱਕ ਗੁਆਚਿਆ ਨਹੀਂ ਰਹਿ ਸਕਦਾ। ਉਸਦੀ ਛੁਪੀ ਹੋਈ ਪ੍ਰਤਿਭਾ ਇੱਕ ਨਾ ਇੱਕ ਦਿਨ ਉਸਨੂੰ ਪ੍ਰਸਿੱਧੀ ਦੇ ਰਾਹ ਤੇ ਲੈ ਜਾਵੇਗੀ। ਇਹ ਕਥਨ ਪਿੰਡ ਬੜਵਾ ਦੇ ਉੱਭਰਦੇ ਸ਼ਾਇਰ ਸਤਿਆਵਾਨ 'ਸੌਰਭ' ਦੇ ਅਨੁਕੂਲ ਹੈ, ਬਿਲਕੁਲ ਸਹੀ। ਵਿਦਿਆਰਥੀ ਜੀਵਨ ਤੋਂ ਹੀ ਲੇਖਣੀ ਦੇ ਖੇਤਰ ਵਿਚ ਰੁਚੀ ਰੱਖਣ ਵਾਲੇ ਇਸ ਨੌਜਵਾਨ ਸ਼ਾਇਰ ਨੇ ਆਪਣੀਆਂ ਗ਼ਜ਼ਲਾਂ-ਸ਼ਾਇਰੀਆਂ ਰਾਹੀਂ ਵਿਚਾਰਾਂ ਅਤੇ ਜਜ਼ਬਾਤਾਂ ਦੀ ਦੁਨੀਆਂ ਨੂੰ ਨਵੀਂ ਵਹੁਟੀ ਵਾਂਗ ਇਸ ਤਰ੍ਹਾਂ ਸ਼ਿੰਗਾਰਿਆ ਹੈ ਕਿ ਇਸ ਵਿਚ ਕਿਤੇ ਵੀ ਉਸ ਦੀ ਉਮਰ ਦਾ ਕੋਈ ਨਿਸ਼ਾਨ ਨਹੀਂ ਹੈ। ਗ਼ਜ਼ਲਾਂ। ਯਾਦੀਂ ਉਸ ਦਾ ਪਹਿਲਾ ਗ਼ਜ਼ਲ ਸੰਗ੍ਰਹਿ ਹੈ। ਇਸ ਸੰਗ੍ਰਹਿ ਵਿੱਚ ਆਪਣੀ ਗੱਲਬਾਤ ਵਿੱਚ ਸੌਰਭ ਖੁਦ ਗ਼ਜ਼ਲ ਦੇ ਪ੍ਰਭਾਵ ਬਾਰੇ ਕਹਿੰਦਾ ਹੈ-

ਨਾ ਬਸੰਤ ਹੈ, ਨਾ ਆਕਾਸ਼ ਹੈ, ਨਾ ਜ਼ਮੀਨ ਹੈ, ਕੋਈ ਕਵਿਤਾ ਨਹੀਂ ਹੈ,
ਕਵਿਤਾ ਭਾਵਨਾਵਾਂ ਦੇ ਰੰਗਾਂ ਨਾਲ ਰੰਗੀ ਹੋਈ ਹੈ।
ਇਹ ਕਲਪਨਾ ਨਾਲ ਭਰੀ ਕਵਿਤਾ ਵਾਂਗ ਨਹੀਂ ਹੈ,

ਕਵਿਤਾ ਜ਼ਿੰਦਗੀ ਦੇ ਵਿਹੜੇ ਵਿਚ ਭਾਵਨਾਵਾਂ ਦਾ ਆਧਾਰ ਹੈ।

ਸੌਰਭ ਸਹੀ ਹੈ। ਇਹ ਸਤਰਾਂ ਭਾਵਨਾਵਾਂ ਦੀ ਇੱਕ ਉਦਾਹਰਣ ਹਨ। ਭਾਵਨਾ ਅਤੇ ਤਰਕ ਦਾ ਰਿਸ਼ਤਾ ਬਹੁਤ ਦੂਰ ਦਾ ਹੈ। ਸੌਰਭ ਉਮਰ ਦੇ ਅਜਿਹੇ ਪੜਾਅ 'ਤੇ ਹਨ, ਜਿੱਥੇ ਭਾਵਨਾਵਾਂ ਦਾ ਸਮੁੰਦਰ ਚੜ੍ਹਿਆ ਹੋਇਆ ਹੈ। ਉਹ ਗ਼ਜ਼ਲ ਦੇ ਸਾਰੇ ਰੂਪਾਂ ਨਾਲ ਇਸ ਰੁੜ੍ਹਦੇ ਸਮੁੰਦਰ ਨੂੰ ਪਾਰ ਕਰਨਾ ਚਾਹੁੰਦਾ ਹੈ। ਉਹ ਤਾਬੂਤ ਯਾਦਾਂ ਦੇ ਰੰਗੀਨ ਝਾਲਰਾਂ ਨਾਲ ਸਜਿਆ ਹੋਇਆ ਹੈ। ਯਾਦਾਂ ਵਿੱਚ ਸਿਰਫ ਪਿਆਰ। ਆਹ, ਬਹੁਤ ਦਰਦ! ਇੰਨੀ ਤਾਂਘ! ਗ਼ਜ਼ਲ ਸ਼ਬਦ ਦਾ ਅਰਥ ਵੀ ਪਿਆਰ ਬਾਰੇ ਹੈ। ਇੱਕ ਗੱਲ ਤਾਂ ਪੱਕੀ ਹੈ ਕਿ ਉਹ ਯਾਦਾਂ ਸੁਖਾਵਾਂ ਨਹੀਂ ਹੁੰਦੀਆਂ। ਟੁੱਟੇ ਦਿਲ ਦੀ ਬਿਗਲ ਹਰ ਪਾਸੇ ਗੂੰਜਦੀ ਸੁਣਾਈ ਦਿੰਦੀ ਹੈ -

ਸੌਰਭ, ਸੁਪਨਿਆਂ ਤੋਂ ਹਕੀਕਤ ਵੱਲ ਆਉਂਦੇ ਹੋਏ, ਦੇਖੋ,
ਕੀ ਝੂਠ ਤੁਹਾਡੇ ਪਿਆਰ ਦਾ ਘਰ ਹੈ?
ਜਿਸ ਨੂੰ ਅਸੀਂ ਸਾਰੀ ਉਮਰ ਰੱਖਣਾ ਚਾਹਿਆ, ਸੜ ਗਿਆ,
ਉਹ ਪਿਆਰ ਦਾ ਦੀਵਾ ਬੁਝਾ ਕੇ ਚਲਾ ਗਿਆ।

ਸੌਰਭ ਨੂੰ ਸਭ ਤੋਂ ਪਿਆਰੀ ਚੀਜ਼ ਖੁਸ਼ਬੂ ਵਰਗੀ ਸੀ। ਇਸ ਲਈ ਉਸ ਨੂੰ ਲੱਗਦਾ ਹੈ ਜਿਵੇਂ ਉਸ ਨੇ ਗ਼ਜ਼ਲ ਉਸ ਨੂੰ ਆਧਾਰ ਬਣਾ ਕੇ ਹੀ ਲਿਖੀ ਹੈ।

ਹਰ ਲਫ਼ਜ਼ ਵਿੱਚ ਤੇਰੀ ਮਹਿਕ ਹੈ,
ਇੰਝ ਲੱਗਦਾ ਹੈ ਜਿਵੇਂ ਇਹ ਗ਼ਜ਼ਲ ਤੁਹਾਡੇ ਉੱਤੇ ਹੀ ਲਿਖੀ ਗਈ ਹੋਵੇ।

ਸ਼ਾਇਰ ਲਈ ਗ਼ਜ਼ਲ ਸੁਣਾਉਣਾ ਸੰਭਵ ਨਹੀਂ ਹੈ ਅਤੇ ਅੱਖਰ ਦਾ ਵਿਸ਼ਾ ਵਿਚਕਾਰ ਨਹੀਂ ਆਉਣਾ ਚਾਹੀਦਾ। ਸੌਰਭ ਵੀ ਆਪਣੇ ਪ੍ਰੇਮੀ ਨੂੰ ਚੁਣੌਤੀ ਦਿੰਦਾ ਹੈ ਅਤੇ ਕਹਿੰਦਾ ਹੈ-

ਜੇ ਤੁਸੀਂ ਮੇਰੇ ਪੱਤਰਾਂ ਨੂੰ ਸਾੜਦੇ ਹੋ?
ਤੁਸੀਂ ਆਪਣੇ ਦਿਮਾਗ ਵਿੱਚੋਂ ਮੇਰੀ ਤਸਵੀਰ ਨੂੰ ਹਟਾਉਣ ਦੇ ਯੋਗ ਨਹੀਂ ਹੋਵੋਗੇ।

ਯਾਦਾਂ 'ਚੋਂ ਲੰਘਦਿਆਂ ਲੱਗਦਾ ਹੈ ਕਿ ਸੌਰਭ ਅੱਗ ਦੇ ਇਸ ਦਰਿਆ 'ਚ ਤੈਰ ਕੇ ਪਾਰ ਲੰਘ ਗਿਆ ਹੈ । ਡੁੱਬਣ ਤੋਂ ਬਿਨਾ, ਸੜਨ ਤੋਂ ਬਿਨਾ। ਪਰ ਇਹ ਸੰਭਵ ਨਹੀਂ ਹੈ। ਉਸ ਦਾ ਸਰੀਰ ਨਹੀਂ ਡੁੱਬਿਆ, ਉਸ ਦਾ ਦਿਲ ਡੁੱਬ ਗਿਆ ਹੈ। ਉਸ ਦਾ ਸਰੀਰ ਨਹੀਂ ਸੜਦਾ, ਉਸ ਦਾ ਦਿਲ ਸੜਦਾ ਹੈ। ਜਿਸ ਨੂੰ ਸਰੀਰਕ ਅੱਖਾਂ ਨਾਲ ਦੇਖਣਾ ਸੰਭਵ ਨਹੀਂ ਹੈ। ਇਸੇ ਲਈ ਉਹ ਇੱਕ ਜਨੂੰਨ ਵਾਂਗ ਘੋਸ਼ਣਾ ਕਰਦਾ ਹੈ -

ਹਰ ਦਿਲ ਦਿਲ ਨਹੀਂ ਪੱਥਰ ਹੁੰਦਾ,
ਜੋ ਕਿਸੇ ਲਈ ਨਹੀਂ ਮਰਦਾ।

ਇਹ ਪਿਆਰ ਦੀ ਵਿਰਾਸਤ ਹੈ ਜੋ ਉਸਦੀ ਹਰ ਗ਼ਜ਼ਲ ਵਿੱਚ ਛੁਪੀ ਹੋਈ ਹੈ। ਪਿਆਰ ਅਤੇ ਗ਼ਜ਼ਲ ਪ੍ਰਤੀ ਸੌਰਭ ਦਾ ਜਨੂੰਨ ਏਨਾ ਗੂੜ੍ਹਾ ਹੈ ਕਿ ਉਹ ਆਪਣੇ ਸੁਪਨਿਆਂ ਨੂੰ ਵੀ ਇਨ੍ਹਾਂ ਨਾਲ ਸਜਿਆ ਹੋਇਆ ਦੇਖਦਾ ਹੈ।

ਜਦੋਂ ਮੈਂ ਰਾਤ ਨੂੰ ਸੌਂ ਜਾਂਦਾ ਹਾਂ, ਅਤੀਤ ਵਿੱਚ ਗੋਤਾ ਮਾਰਦਾ ਹਾਂ, ਉਹ ਚੁੱਪਚਾਪ ਆ ਕੇ ਮੇਰੇ ਸੁਪਨਿਆਂ ਨੂੰ ਸਜਾਉਂਦੀ ਹੈ। ਮੈਂ ਇੱਥੇ ਇੱਕ ਗੱਲ ਸਪੱਸ਼ਟ ਕਰ ਦੇਵਾਂ ਕਿ ਜਦੋਂ ਭਾਵਨਾਵਾਂ ਆਪਣੇ ਸਿਖਰ 'ਤੇ ਹੁੰਦੀਆਂ ਹਨ, ਤਾਂ ਉਨ੍ਹਾਂ ਨੂੰ ਦਾਇਰੇ ਅਤੇ ਪੈਮਾਨੇ ਵਰਗੇ ਨਿਯਮਾਂ ਅਤੇ ਨਿਯਮਾਂ ਦੀਆਂ ਸੀਮਾਵਾਂ ਵਿੱਚ ਸ਼ਾਇਦ ਹੀ ਸੀਮਤ ਕੀਤਾ ਜਾ ਸਕਦਾ ਹੈ। ਇਸ ਲਈ ਪਾਠਕਾਂ ਨੂੰ ਗ਼ਜ਼ਲ ਦੀਆਂ ਵਾਰਾਂ ਦੀ ਗਹਿਰਾਈ ਵਿੱਚ ਜਾਣ ਦੀ ਬਜਾਏ ਭਾਵਨਾਵਾਂ ਦੀ ਰੌਸ਼ਨੀ ਵਿੱਚ ਇਨ੍ਹਾਂ ਰਚਨਾਵਾਂ ਦਾ ਆਨੰਦ ਲੈਣਾ ਚਾਹੀਦਾ ਹੈ। ਸ਼ਾਇਦ ਸੌਰਭ ਨੂੰ ਪਹਿਲਾਂ ਹੀ ਅਜਿਹਾ ਸ਼ੱਕ ਸੀ, ਇਸੇ ਲਈ ਉਹ ਕਹਿੰਦਾ ਹੈ-

ਉਹ ਮੇਰੇ ਗੀਤਾਂ ਤੇ ਗ਼ਜ਼ਲਾਂ ਦਾ ਸਾਰ ਨਾ ਸਮਝ ਸਕਿਆ,
ਮੈਂ ਆਪਣੇ ਦਿਲ ਦੀ ਹਰ ਭਾਵਨਾ ਕਵਿਤਾ ਰਾਹੀਂ ਪ੍ਰਗਟ ਕਰਦਾ ਰਿਹਾ।

ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਸਤਿਆਵਾਨ ਸੌਰਭ ਨੇ ਆਪਣੇ ਪਹਿਲੇ ਗ਼ਜ਼ਲ ਸੰਗ੍ਰਹਿ 'ਯਾਦੀਂ' ਰਾਹੀਂ ਨੌਜਵਾਨਾਂ ਦੇ ਦਿਲਾਂ ਨੂੰ ਛੂਹਣ ਦੀ ਕੋਸ਼ਿਸ਼ ਕੀਤੀ ਹੈ। ਜੀਵਨ ਦੇ ਅਨੁਭਵ ਨੂੰ ਸਰਲ ਭਾਸ਼ਾ ਵਿੱਚ ਲਿਖ ਕੇ ਸ਼੍ਰੀ ਸੌਰਭ ਨੇ ਗ਼ਜ਼ਲ ਲੇਖਕਾਂ ਵਿੱਚ ਆਪਣੀ ਪਛਾਣ ਬਣਾਈ ਹੈ। ਪੇਸ਼ ਕੀਤਾ ਗਿਆ ਗ਼ਜ਼ਲ ਸੰਗ੍ਰਹਿ ਉਮਰ ਅਤੇ ਅਨੁਭਵ ਵਰਗੀਆਂ ਵਿਭਿੰਨ ਧਾਰਨਾਵਾਂ ਦਾ ਸ਼ੀਸ਼ਾ ਸਾਬਤ ਹੋ ਰਿਹਾ ਹੈ। ਹਰ ਗ਼ਜ਼ਲ ਵਿਚ ਸੌਰਭ ਦਾ ਜਜ਼ਬਾ ਪ੍ਰਗਟ ਹੁੰਦਾ ਪ੍ਰਤੀਤ ਹੁੰਦਾ ਹੈ। ਭਾਵੇਂ ਸਾਹਿਤ ਜਗਤ ਵਿੱਚ ਸੌਰਭ ਦੀ ਇਹ ਪਹਿਲੀ ਸ਼ੁਰੂਆਤ ਹੈ ਪਰ ਜੇਕਰ ਸੌਰਭ ਨੇ ਲਗਨ ਅਤੇ ਮਿਹਨਤ ਨਾਲ ਆਪਣੇ ਯਤਨ ਜਾਰੀ ਰੱਖੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਸਤਿਆਵਾਨ ਸੌਰਭ ਕਿਸੇ ਜਾਣ-ਪਛਾਣ ਦੀ ਲੋੜ ਨਹੀਂ ਪਵੇਗੀ। ਭਰੇ ਮਨ ਨਾਲ ਲਿਖੀਆਂ ਸਾਰੀਆਂ ਗ਼ਜ਼ਲਾਂ ਇੱਕ ਪਾਸੇ ਤਾਂ ਸਤਿਆਵਾਨ 'ਸੌਰਭ' ਦੀ ਪਿੱਠ ਥਪਥਪਾਉਂਦੀਆਂ ਹਨ ਅਤੇ ਦੂਜੇ ਪਾਸੇ ਲੇਖਣੀ ਦੇ ਖੇਤਰ ਵਿੱਚ ਹੋਰ ਉਭਰਦੇ ਕਲਮਕਾਰਾਂ ਨੂੰ ਵੀ ਉਤਸ਼ਾਹਿਤ ਕਰਦੀਆਂ ਹਨ। ਮੈਂ ਸਤਿਆਵਾਨ 'ਸੌਰਭ' ਨੂੰ ਉਸਦੇ ਪਹਿਲੇ ਗ਼ਜ਼ਲ ਸੰਗ੍ਰਹਿ 'ਯਾਦੀਂ' ਲਈ ਸ਼ੁਭਕਾਮਨਾਵਾਂ ਦਿੰਦਾ ਹਾਂ ਅਤੇ ਉਸਦੇ ਉੱਜਵਲ ਕਾਵਿ-ਭਵਿੱਖ ਦੀ ਕਾਮਨਾ ਕਰਨ ਦੇ ਨਾਲ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ -



ਡਾ: ਸਤਿਆਵਾਨ ਸੌਰਭ

"ਜੇ ਦੇਖਣਾ ਹੈ ਤਾਂ ਉਸਦੀ ਉਮਰ ਦੇਖੋ।
ਉਸਦੀ ਪ੍ਰਤਿਭਾ ਵੇਖੋ, ਉਸਦੀ ਗਲਤੀ ਨਹੀਂ।
ਸੁਸਤ ਭਾਵਨਾਵਾਂ ਨੂੰ ਜਗਾ ਕੇ,
ਸੌਰਭ ਦੀਆਂ ਯਾਦਾਂ ਦਾ ਅਸਰ ਦੇਖੋ।"

ਚੰਗਾ ਹੁੰਦਾ ਜੇਕਰ ਪ੍ਰਕਾਸ਼ਕ ਸਬੂਤ ਵਿਚਲੀਆਂ ਨਿੱਕੀਆਂ-ਨਿੱਕੀਆਂ ਗ਼ਲਤੀਆਂ ਵੱਲ ਵੀ ਧਿਆਨ ਦਿੰਦੇ ਤਾਂ ਕੇਕ 'ਤੇ ਬਰਫ਼ ਪੈ ਜਾਂਦੀ। ਉਮੀਦ ਹੈ ਪਾਠਕਾਂ ਨੂੰ ਯਾਦਾਂ ਪਸੰਦ ਆਉਣਗੀਆਂ।

ਕਿਤਾਬ ਦਾ ਨਾਮ: ਯਾਦਾਂ
ਲੇਖਕ: ਡਾ: ਸਤਿਆਵਾਨ 'ਸੌਰਭ'
ਲੇਖਕ ਦਾ ਪਤਾ: ਪਰੀ ਵਾਟਿਕਾ, ਕੌਸ਼ਲਿਆ ਭਵਨ,
ਬਰਵਾ (ਸਿਵਾਨੀ) ਜ਼ਿਲ੍ਹਾ ਭਿਵਾਨੀ, ਹਰਿਆਣਾ - 127045
ਮੋਬਾਈਲ : 9466526148, 7015375570
ਵਿਧਾ: ਗ਼ਜ਼ਲ ਸੰਗ੍ਰਹਿ
ਪ੍ਰਕਾਸ਼ਕ: ਨੋਟ ਪਬਲਿਸ਼ਿੰਗ ਗਰੁੱਪ, ਚੇਨਈ।
ਸੰਸਕਰਣ: 2023
ਕੀਮਤ: 155/-
ਪੰਨਾ ਨੰਬਰ: 100

ਐਮਾਜ਼ਾਨ, ਫਲਿੱਪਕਾਰਟ ਅਤੇ ਹਰ ਜਗ੍ਹਾ ਔਨਲਾਈਨ 'ਤੇ ਉਪਲਬਧ ਹੈ। **- ਸਵੈ. ਰਾਮਕੁਮਾਰ ਅਤਰੇਆ**

# ਦਾਨਿਸ਼ਮੰਦੀ ਇਲਮ ਦੀ ਨੁਮਾਇਸ਼ ਨਹੀਂ



ਡਾ. ਅਰਵਿੰਦਰ ਸਿੰਘ ਭੱਲਾ
91-94630-62603

ਮੁਰੀਦ ਨੇ ਆਪਣੇ ਮੁਰਸ਼ਦ ਨੂੰ ਬੇਨਤੀ ਕੀਤੀ ਕਿ ਉਹ ਉਸ ਨੂੰ ਕੋਈ ਅਜਿਹਾ ਢੰਗ ਤਰੀਕਾ ਦੱਸਣ ਦੀ ਕਿਰਪਾਲਤਾ ਕਰਨ ਕਿ ਜਿਸ ਨਾਲ ਉਹ ਇਸ ਜਹਾਨ ਵਿੱਚ ਵੀ ਸੁਰਖਰੂ ਹੋਵੇ ਅਤੇ ਆਪਣੇ ਸੋਹਣੇ ਰੱਬ ਦੇ ਦਰ ਉੱਪਰ ਵੀ ਕਬੂਲ ਹੋਵੇ। ਮੁਰਸ਼ਦ ਨੇ ਫ਼ੁਰਮਾਇਆ ਕਿ ਆਪਣੇ ਅੰਦਰ ਇਲਮ ਦੀ ਪਿਆਸ ਪੈਦਾ ਕਰੋ ਕਿਉਂਕਿ ਜ਼ਹਾਲਤ ਇਕ ਲਾਹਨਤ ਹੈ। ਇਲਮ ਹਾਸਿਲ ਕਰੋ, ਇਲਮ ਦਾ ਨੂਰ ਹਰ ਤਰਫ਼ ਫੈਲਾਉ, ਜ਼ਹਾਲਤ ਦੇ ਹਨੇਰਿਆਂ ਨੂੰ ਦੂਰ ਕਰੋ ਅਤੇ ਉਸੇ ਇਲਮ ਦੀ ਰੋਸ਼ਨੀ ਵਿਚ ਆਪਣੇ ਸੋਹਣੇ ਰੱਬ ਦੀ ਰਜ਼ਾ ਵਿਚ ਤੁਰਦੇ ਹੋਏ ਉਸ ਪਰਵਦਗਾਰ ਦੀਆਂ ਡੂੰਘੀਆਂ ਰਮਜ਼ਾਂ ਨੂੰ ਸਮਝਣ ਦੀ ਕੋਸ਼ਿਸ਼ ਕਰੋ। ਯਾਦ ਰੱਖੋ! ਜ਼ਹਾਲਤ ਦੀ ਦਲਦਲ ਵਿਚ ਧੱਸੇ ਹੋਏ ਇਨਸਾਨ ਦਾ ਰੱਬ ਉੱਪਰ ਵਿਸ਼ਵਾਸ਼ ਹੌਲੀ-ਹੌਲੀ ਸਿਰਫ ਅੰਧਵਿਸ਼ਵਾਸਾਂ ਤੱਕ ਸੀਮਤ ਹੋ ਜਾਂਦਾ ਹੈ ਤੇ ਅਜਿਹਾ ਇਨਸਾਨ ਬਹੁਤ ਜਲਦੀ ਡੋਲ ਵੀ ਜਾਂਦਾ ਹੈ। ਮੁਰਸ਼ਦ ਨੇ ਫ਼ੁਰਮਾਇਆ ਕਿ ਆਪਣੀ ਜ਼ਿੰਦਗੀ ਵਿੱਚ ਖੁਸ਼ ਇਖ਼ਲਾਕ ਬਣੋ ਅਤੇ ਲੋਕਾਂ ਦਾ ਇਤਬਾਰ ਹਾਸਲ ਕਰਨ ਦਾ ਯਤਨ ਕਰੋ। ਜਦੋਂ ਤੁਸੀਂ ਲੋਕਾਂ ਦੇ ਨਾਲ ਖੁਸ਼ਮਿਜ਼ਾਜ਼ ਹੋ ਕੇ ਮਿਲੋਗੇ ਤਾਂ ਤੁਸੀਂ ਲੋਕਾਂ ਦੇ ਦਿਲ ਜਿੱਤ ਕੇ ਉਹਨਾਂ ਦੇ ਕਰੀਬ ਹੋ ਜਾਵੋਗੇ ਅਤੇ ਲੋਕਾਂ ਦੇ ਦੁੱਖਯ-ਤਕਲੀਫਾਂ ਨੂੰ ਆਸਾਨੀ ਨਾਲ ਸਮਝੋਗੇ ਅਤੇ ਲੋਕਾਂ ਨੂੰ ਉਹਨਾਂ ਦੇ ਦੁੱਖਾਂ ਤੋਂ ਨਿਜ਼ਾਤ ਦਿਵਾਉਣ ਦਾ ਇਕ ਅਹਿਮ ਜ਼ਰੀਆ ਬਣ ਪਾਉਗੇ।

ਮੁਰਸ਼ਦ ਨੇ ਫ਼ੁਰਮਾਇਆ ਕਿ ਤੁਸੀਂ ਕਦੇ ਵੀ ਦੌਲਤ ਅਤੇ ਸ਼ੋਹਰਤ ਦੀ ਖਾਹਿਸ਼ ਨੂੰ ਆਪਣੇ ਅੰਦਰ ਪੈਦਾ ਨਾ ਹੋਣ ਦੇਵੋ ਕਿਉਂ ਕਿ ਦੌਲਤ ਤੇ ਸ਼ੋਹਰਤ ਦੀ ਭੁੱਖ ਕਦੇ ਵੀ ਮਿਟਦੀ ਨਹੀਂ ਹੈ। ਇਹ ਉਹ ਭੱਠੀ ਹੈ, ਜਿਸ ਦਾ ਬਾਲਣ ਤੁਹਾਨੂੰ ਖ਼ੁਦ ਬਣਨਾ ਪੈਂਦਾ ਹੈ ਅਤੇ ਦੌਲਤ ਤੇ ਸ਼ੋਹਰਤ ਦੀ ਹਵਸ ਤੁਹਾਡੇ ਕੋਲੋਂ ਇਕ ਤੋਂ ਬਾਅਦ ਇਕ ਗੁਨਾਹ ਕਰਵਾ ਕੇ ਤਹਾਨੂੰ ਦਰ-ਦਰ ਉੱਪਰ ਜ਼ਲੀਲ ਕਰਵਾਕੇ ਅੰਤ ਵਿੱਚ ਲਾਲਚ ਦੀ ਭੱਠੀ ਵਿਚ ਸਾੜ ਕੇ ਸੁਆਹ ਕਰ ਦਿੰਦੀ ਹੈ। ਮੁਰਸ਼ਦ ਨੇ ਫ਼ੁਰਮਾਇਆ ਕਿ ਯਾਦ ਰਹੇ ਕਿ ਜ਼ਿੰਦਗੀ ਵਿਚ ਦੌਲਤਮੰਦ ਅਤੇ ਸ਼ੋਹਰਤ ਪਸੰਦ ਬਣਨ ਦੀ ਬਜਾਏ ਇੱਜ਼ਤਦਾਰ ਬਣੋ ਅਤੇ ਲੋਕਾਂ ਦੇ ਜ਼ਿਹਨ ਵਿੱਚ ਇਕ ਖ਼ੌਫ ਬਣ ਕੇ ਸਮਾਉਣ ਦੀ ਜਗ੍ਹਾ ਲੋਕਾਂ ਦੇ ਦਿਲਾਂ ਵਿਚ ਰਹਿਣ ਨੂੰ ਤਰਜ਼ੀਹ ਦੇਵੋ। ਮੁਰਸ਼ਦ ਨੇ ਇਹ ਵੀ ਫ਼ੁਰਮਾਇਆ ਕਿ ਤੁਸੀਂ ਆਪਣੀ ਜ਼ਿੰਦਗੀ ਵਿੱਚ ਜੇਕਰ ਇੱਜ਼ਤਦਾਰ ਬਣਨ ਦੇ ਖ਼ਾਹਿਸ਼ਮੰਦ ਹੋ ਤਾਂ ਪਹਿਲਾਂ ਖ਼ੁਦਦਾਰ ਬਣੋ। ਜ਼ਰੂਰਤਮੰਦ, ਮੁਥਾਜ ਅਤੇ ਮਸਕੀਨ ਲੋਕਾਂ ਉੱਪਰ ਲੋਕ ਕਿਸੇ ਹੱਦ ਤੱਕ ਵਕਤੀ ਤੌਰ ਉੱਪਰ ਤਰਸ ਤਾਂ ਕਰਦੇ ਹਨ, ਪਰ ਅਜਿਹੇ ਲੋਕਾਂ ਦੀ ਉਹ ਕਦੇ ਇੱਜਤ ਨਹੀਂ ਕਰਦੇ ਹਨ।

ਮੁਰਸ਼ਦ ਨੇ ਇਸ ਗੱਲ ਦੀ ਹਦਾਇਤ ਕੀਤੀ ਕਿ ਤੁਸੀਂ ਆਪਣੀ ਜ਼ਿੰਦਗੀ ਵਿਚ ਕਦੇ ਵੀ ਮਾਯੂਸ ਨਾ ਹੋਵੋ। ਤੁਸੀਂ ਅਕਸਰ ਰੱਬ ਦੇ ਕਿਸੇ ਵਰਤਾਰੇ ਬਾਰੇ ਬਹੁਤ ਜਲਦੀ ਇਕ ਰਾਏ ਕਾਇਮ ਕਰਕੇ ਆਪਣੀ ਸੀਮਤ ਅਕਲ ਅਨੁਸਾਰ ਕੁੱਝ ਨਤੀਜੇ ਕੱਢ ਲੈਂਦੇ ਹੋ। ਜਲਦਬਾਜ਼ੀ ਵਿੱਚ ਕੱਢੇ ਗਏ ਨਤੀਜਿਆਂ ਦੀ ਵਜ੍ਹਾ ਕਰਕੇ ਤੁਸੀਂ ਆਪਣੇ ਰੱਬ ਉੱਪਰ ਯਕੀਨ ਕਰਨਾ ਬੰਦ ਕਰਕੇ ਆਪਣੇ ਲਈ ਉਸ ਦੀਆਂ ਰਹਿਮਤਾਂ ਦੇ ਦਰਵਾਜ਼ੇ ਬੰਦ ਕਰ ਲੈਂਦੇ ਹੋ। ਇਕ ਗੱਲ ਹਮੇਸ਼ਾ ਯਾਦ ਰੱਖਣਾ ਕਿ ਤੁਹਾਡੀ ਅਕਲ ਦੀ ਹੱਦ ਬਹੁਤ ਛੋਟੀ ਹੁੰਦੀ ਹੈ। ਤੁਸੀਂ ਰੱਬ ਦੇ ਰੰਗਾਂ ਬਾਰੇ ਕਦੇ ਕੋਈ ਅੰਦਾਜ਼ਾ ਨਹੀਂ ਲਗਾ ਸਕਦਾ ਹੋ। ਉਸ ਬੇਪ੍ਰਵਾਹ, ਬਖਸ਼ਣਹਾਰ ਤੇ ਬਰਕਤਾਂ ਦੇ ਸਮੁੰਦਰ ਨੂੰ ਜੇ ਤੁਸੀਂ ਜਾਣਨਾ ਚਾਹੁੰਦੇ ਹੋ ਤਾਂ ਜ਼ਿੰਦਗੀ ਵਿਚ ਕਿਸੇ ਵੀ ਪੜਾਅ ਉਤੇ ਰੱਬ ਦੇ ਕਿਸੇ ਵਰਤਾਰੇ ਬਾਰੇ ਜਦੋਂ ਵੀ ਕੋਈ ਰਾਏ ਕਾਇਮ ਕਰਨੀ ਹੋਵੇ ਜਾਂ ਫੈਸਲਾ ਕਰਨਾ ਹੋਵੇ ਤਾਂ ਉਸ ਰੱਬ ਉੱਪਰ ਆਪਣੇ ਈਮਾਨ ਦੇ ਸਹਾਰੇ ਆਪਣੀ ਰਾਏ ਕਾਇਮ ਕਰੋ ਅਤੇ ਕੋਈ ਫੈਸਲਾ ਕਰੋ, ਕਿਉਂ ਕਿ ਇਹ ਇਕ ਸਦੀਵੀ ਸੱਚ ਹੈ ਕਿ ਬਹੁਤੀਆਂ ਅਕਲਾਂ ਤੋਂ ਕੰਮ ਲੈਣ ਵਾਲੇ ਲੋਕ ਅਕਸਰ ਅਖ਼ੀਰ ਵਿਚ ਖਸਾਰੇ ਵਿੱਚ ਰਹਿੰਦੇ ਹੋਏ ਤਮਾਮ ਉਮਰ ਠੋਕਰਾਂ ਖਾਂਦੇ ਦਿਖਦੇ ਹਨ। ਮੁਰਸ਼ਦ ਨੇ ਫ਼ੁਰਮਾਇਆ ਕਿ ਜ਼ਿੰਦਗੀ ਕੋਈ ਖੇਲ ਤਮਾਸ਼ਾ ਨਹੀਂ ਹੈ, ਬਲਕਿ ਇਹ ਸਾਡੇ ਸਭਨਾਂ ਲਈ ਇਕ ਅਜਿਹਾ ਸੁਨਹਿਰੀ ਅਵਸਰ ਹੈ ਕਿ ਅਸੀਂ ਰੱਬ ਦੀ ਰਜ਼ਾ ਵਿਚ ਤੁਰਨਾ ਸਿਖੀਏ ਅਤੇ ਉਸ ਦੇ ਮਿਹਰ ਦੇ ਪਾਤਰ ਬਣ ਕੇ ਬਾਮਕਸਦ ਜ਼ਿੰਦਗੀ ਨੂੰ ਭਰਪੂਰ ਤਰੀਕੇ ਨਾਲ ਜਿਊਣ ਦੇ ਕਾਬਲ ਬਣ ਸਕੀਏ।

ਮੁਰੀਦ ਨੇ ਮੁਰਸ਼ਦ ਨੂੰ ਸਵਾਲ ਕੀਤਾ ਕਿ ਅਕਲਮੰਦ ਕੌਣ ਹੁੰਦਾ ਹੈ? ਮੁਰਸ਼ਦ ਨੇ ਫ਼ੁਰਮਾਇਆ ਕਿ ਅਕਸਰ ਕਈ ਲੋਕ ਆਪਣੀ ਅਕਲਮੰਦੀ ਦਾ ਮੁਜ਼ਾਹਰਾ ਦੂਸਰਿਆਂ ਵਿੱਚ ਨੁਕਸ ਕੱਢ ਕੇ, ਦੂਸਰਿਆਂ ਦੀ ਨੁਕਤਾਚੀਨੀ ਕਰਕੇ ਅਤੇ ਆਪਣੀ ਤਾਕਤ ਦਾ ਗਲਤ ਪ੍ਰਯੋਗ ਕਰਕੇ ਕਰਦੇ ਹਨ। ਅਜਿਹੇ ਲੋਕਾਂ ਦੇ ਤਰਕਸ਼ ਵਿੱਚ ਹੋ ਸਕਦਾ ਹੈ ਕਿ ਕੁਝ ਤੇਜ਼ਧਾਰ ਦਲੀਲਾਂ ਦੇ ਤੀਰ ਵੀ ਮੌਜੂਦ ਹੋਣ, ਇਹ ਵੀ ਹੋ ਸਕਦਾ ਹੈ ਕਿ ਉਹਨਾਂ ਦਲੀਲਾਂ ਨਾਲ ਉਹ ਕਿਸੇ ਵਿਅਕਤੀ ਨੂੰ ਦਲੀਲਬਾਜ਼ੀ ਵਿੱਚ ਹਰਾ ਵੀ ਸਕਦੇ ਹੋਣ, ਇਹ ਵੀ ਐਨ ਮੁਮਕਿਨ ਹੈ ਕਿ ਇਹ ਲੋਕ ਆਪਣੇ ਤਰਕ ਦੇ ਤੀਰਾਂ ਦੀ ਬੁਛਾੜ ਕਰ ਕੇ ਦੂਸਰਿਆਂ ਨਾਲੋਂ ਵਕਤੀ ਤੌਰ ਉੱਪਰ ਖ਼ੁਦ ਨੂੰ ਬੇਹਤਰ ਸਿੱਧ ਕਰਨ ਦੀ ਕੋਸ਼ਿਸ਼ ਵਿੱਚ ਕਾਮਯਾਬ ਵੀ ਹੋ ਜਾਣ, ਲੇਕਿਨ ਬੁਨਿਆਦੀ ਤੌਰ 'ਤੇ ਅਜਿਹੇ ਲੋਕ ਆਪਣੇ ਬੇਲਗਾਮ ਗਰੂਰ ਦੀ ਵਜ੍ਹਾ ਕਰਕੇ ਅਖ਼ੀਰ ਵਿਚ ਜ਼ਲੀਲ ਹੁੰਦੇ ਹਨ। ਜੇਕਰ ਗਹੁ ਨਾਲ ਦੇਖਿਆ ਜਾਵੇ ਤਾਂ ਇਹ ਲੋਕ ਅਸਲ ਵਿੱਚ ਅਕਲਮੰਦ ਨਹੀਂ ਹੁੰਦੇ ਹਨ। ਸਮਾਜ ਵਿਚ ਵਿਚਰਦਿਆਂ ਤੁਹਾਨੂੰ ਅਕਸਰ ਆਪਣੀ ਜਾਣਕਾਰੀ, ਅਖੌਤੀ ਗਿਆਨ ਤੇ ਆਪਣੇ ਸੌੜੇ ਫ਼ਲਸਫੇ ਦੀ ਹਰ ਤਰਫ ਨੁਮਾਇਸ਼ ਲਗਾਉਣ ਵਾਲੇ ਲੋਕ ਮਿਲ ਜਾਂਦੇ ਹਨ। ਅਜਿਹੇ ਲੋਕ ਸ਼ਾਤਿਰ ਤਾਂ ਹੋ ਸਕਦੇ ਹਨ, ਪਰ ਇਹੋ ਜਿਹੇ ਲੋਕਾਂ ਨੂੰ ਦਾਨਿਸ਼ਮੰਦ ਨਹੀਂ ਕਿਹਾ ਜਾ ਸਕਦਾ ਹੈ। ਦਰਅਸਲ ਦਾਨਿਸ਼ਮੰਦੀ ਦੇ ਵੀ ਆਪਣੇ ਕੁਝ ਬੁਨਿਆਦੀ ਤਕਾਜ਼ੇ ਹੁੰਦੇ ਹਨ ਅਤੇ ਜੋ ਵਿਅਕਤੀ ਇਹਨਾਂ ਤਕਾਜ਼ਿਆਂ ਨੂੰ ਪੂਰਾ ਕਰਨ ਵਿੱਚ ਕਾਮਯਾਬ ਨਹੀਂ ਹੁੰਦਾ ਹੈ, ਉਸ ਨੂੰ ਦਾਨਿਸ਼ਮੰਦ ਨਹੀਂ ਕਿਹਾ ਜਾ ਸਕਦਾ ਹੈ। ਉਦਾਹਰਨ ਦੇ ਤੌਰ 'ਤੇ ਜੇ ਤੁਹਾਨੂੰ ਅਕਲ ਦੀ ਕੋਈ ਗੱਲ ਪਤਾ ਵੀ ਹੈ ਤਾਂ ਜਦੋਂ ਤੱਕ ਤੁਹਾਡੇ ਕੋਲੋਂ ਪੁੱਛੀ ਨਹੀਂ ਜਾਂਦੀ ਤਾਂ ਤੁਸੀਂ ਖਾਮੋਸ਼ੀ ਅਖਤਿਆਰ ਕਰੋ, ਆਪਣੀ ਜ਼ਹਾਨਤ ਦਾ ਤਮਾਸ਼ਾ ਨਾ ਲਗਾਉ, ਜੇਕਰ ਤੁਹਾਡੇ ਕੋਲ ਕੋਈ ਅਜਿਹੀ ਦਲੀਲ ਹੈ, ਜਿਸ ਨਾਲ ਤੁਸੀਂ ਸਮਝਦੇ ਹੋ ਕੇ ਤੁਸੀਂ ਆਪਣੀ ਦਲੀਲ ਨਾਲ ਅਕਲਮੰਦੀ ਦੇ ਅਖਾੜੇ ਵਿੱਚ ਕਿਸੇ ਆਪਣੇ ਕਰੀਬੀ ਨੂੰ ਚਿੱਤ ਕਰ ਸਕਦੇ ਹੋ ਤਾਂ ਵੀ ਅਜਿਹੀ ਦਲੀਲ ਨਾ ਦਿਉ ਕਿਉਂ ਕਿ ਦਲੀਲ ਨਾ ਦੇਕੇ ਜੇਕਰ ਕੋਈ ਬੇਸ਼ਕੀਮਤੀ ਇਨਸਾਨੀ ਰਿਸ਼ਤਾ ਬਚਦਾ ਹੋਵੇ ਤਾਂ ਉਸ ਰਿਸ਼ਤੇ ਨੂੰ ਹਰ ਹੀਲੇ ਜਰੂਰ ਬਚਾਉ, ਭਾਵ ਆਪਣੀ ਅਕਲਮੰਦੀ ਸਿੱਧ ਕਰਨ ਦੀ ਅੰਨੀ ਕੋਸ਼ਿਸ਼ ਵਿੱਚ ਇਨਸਾਨੀ ਰਿਸ਼ਤਿਆਂ ਦੀਆਂ ਕੋਮਲ ਅਤੇ ਨਾਜ਼ੁਕ ਤੰਦਾਂ ਨੂੰ ਕਦੇ ਵੀ ਟੁੱਟਣ ਨਾ ਦੇਵੋ ਅਤੇ ਇਸ ਗੱਲ ਵੱਲ ਵੀ ਵਿਸ਼ੇਸ਼ ਤਵੱਜੋ ਦੇਵੋ ਕਿ ਤੁਹਾਡੇ ਬੋਲ ਦੂਸਰਿਆਂ ਦੇ ਜ਼ਜਬਾਤਾਂ ਨੂੰ ਠੇਸ ਨਾ ਪਹੁੰਚਾਉਣ। ਅਕਲਮੰਦੀ ਦਾ ਇਹ ਵੀ ਤਕਾਜ਼ਾ ਹੈ ਕਿ ਆਪਣੇ ਮੂੰਹੋਂ ਕੋਈ ਅਜਿਹਾ ਵਾਕ ਜਾਂ ਸ਼ਬਦ ਨਾ ਉਚਾਰੋ ਕਿ ਜਿਸ ਨੂੰ ਸੁਣ ਕੇ ਕਿਸੇ ਸ਼ਖਸ ਨੂੰ ਸ਼ਰਮਸਾਰ ਹੋਣਾ ਪਵੇ ਅਤੇ ਉਸ ਨੂੰ ਤਮਾਮ ਉਮਰ ਆਪਣੀ ਲਾਸ਼ ਆਪਣੇ ਮੋਢਿਆਂ ਉੱਪਰ ਉਠਾ ਕੇ ਜ਼ਿੰਦਗੀ ਦਾ ਸਫ਼ਰ ਤੈਅ ਕਰਨਾ ਪਵੇ। ਅਕਲਮੰਦੀ ਦਾ ਸਭ ਤੋ ਵੱਡਾ ਤਕਾਜ਼ਾ ਇਹ ਵੀ ਹੈ ਕਿ ਜਦੋਂ ਲੋਕ ਤੁਹਾਡੀ ਸਿਆਣਪ ਨੂੰ ਸਵੀਕਾਰ ਨਾ ਕਰਨ ਜਾਂ ਇਉਂ ਕਹਿ ਲਵੋ ਕਿ ਤੁਹਾਡੇ ਸੱਚ ਨੂੰ ਸੱਚ ਨਾ ਮੰਨਣ ਤਾਂ ਉਸ ਸਮੇ ਖਾਮੋਸ਼ ਰਹਿ ਕੇ ਸਮੇਂ ਨੂੰ ਫ਼ੈਸਲਾ ਕਰਨ ਦਿਉ ਕਿਉਂ ਜੇ ਸੱਚ ਨੂੰ ਵੀ ਬੋਲ ਕੇ ਆਪਣੇ ਸੱਚ ਹੋਣ ਦਾ ਸਬੂਤ ਦੇਣਾ ਪਵੇ ਤਾਂ ਇਹ ਦਾਨਸ਼ਮੰਦੀ ਅਤੇ ਸੱਚ ਦੀ ਵੀ ਤੌਹੀਨ ਹੈ।

ਮੁਰਸ਼ਦ ਨੇ ਇਸ ਗੱਲ ਦੀ ਤਲਕੀਨ ਕੀਤੀ ਕਿ ਯਾਦ ਰੱਖੋ! ਆਪਣੀ ਅਕਲ ਦੇ ਇਸਤੇਮਾਲ ਨੂੰ ਕੋਈ ਬਾਜ਼ੀਗਰ ਦਾ ਖੇਲ ਨਾ ਬਣਾਉ, ਬਲਕਿ ਇਸ ਦਾ ਇਸਤੇਮਾਲ ਦਸ਼ਤ-ਏ-ਸਹਿਰਾ ਵਿਚੋਂ ਗੁਜ਼ਰਦੇ ਹੋਏ ਉਸ ਮਨੁੱਖ ਵਾਂਗ ਕਰੋ ਜੋ ਆਪਣੇ ਕੋਲ ਮੌਜੂਦ ਪਾਣੀ ਦੀ ਥੋੜੀ ਜਿਹੀ ਮਿਕਦਾਰ ਦੀ ਵਰਤੋਂ ਬਾਖੂਬੀ ਜਾਣਦਾ ਹੈ ਅਤੇ ਕੇਵਲ ਲੋੜ ਪੈਣ ਉੱਪਰ ਹੀ ਆਪਣੀ ਪਿਆਸ ਬੁਝਾਉਣ ਲਈ ਪਾਣੀ ਪੀਂਦਾ ਹੈ। ਸਹੀ ਸਥਾਨ ਅਤੇ ਸਹੀ ਮੌਕੇ ਉੱਪਰ ਆਪਣੀ ਅਕਲ ਤੇ ਦਲੀਲ ਦਾ ਸਹੀ ਇਸਤੇਮਾਲ ਤੁਹਾਨੂੰ ਲੋਕਾਂ ਦੇ ਦਿਲਾਂ ਉੱਪਰ ਰਾਜ ਕਰਨ ਦੇ ਕਾਬਲ ਬਣਾ ਸਕਦਾ ਹੈ ਅਤੇ ਇਸ ਦੀ ਗਲਤ ਵਰਤੋਂ ਤੁਹਾਨੂੰ ਲੋਕਾਂ ਦੀਆਂ ਨਜ਼ਰਾਂ ਤੋ ਗਿਰਾ ਵੀ ਸਕਦੀ ਹੈ। ਮੁਰਸ਼ਦ ਨੇ ਫ਼ੁਰਮਾਇਆ ਕਿ ਬੱਸ ਇਕ ਗੱਲ ਨੂੰ ਹਮੇਸ਼ਾ ਯਾਦ ਰੱਖੋ ਕਿ ਆਪਣੀ ਜ਼ਹਾਨਤ ਨੂੰ ਸਿੱਧ ਨਾ ਕਰੋ, ਬਸ ਆਪਣੇ ਇਲਮ ਦੇ ਨੂਰ ਨੂੰ ਸਹਿਜ ਸੁਭਾਅ ਹਰ ਤਰਫ਼ ਫੈਲਣ ਦਾ ਅਵਸਰ ਦਿਉ।




## ਸ੍ਰੀ ਗੁਰੂ ਤੇਗ ਬਹਾਦਰ ਵਲੋਂ ਦਰਸਾਈ ਗਈ ਲੋਕਤੰਤਰੀ ਜੀਵਨ ਸ਼ੈਲੀ ਨੂੰ ਅਪਣਾਉਣ ਦੀ ਲੋੜ: ਬਨਵਾਰੀ ਲਾਲ ਪੁਰੋਹਿਤ

ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ ਦੇ ਪ੍ਰਿੰ-ਸੀਪਲ ਡਾ. ਅਰਵਿੰਦਰ ਸਿੰਘ ਭੱਲਾ ਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਅਦੁੱਤੀ ਫ਼ਲਸਫ਼ੇ, ਸਰਵ ਵਿਆਪੀ ਸਿੱਖਿਆਵਾਂ ਅਤੇ ਲਾਸਾਨੀ ਸ਼ਹਾਦਤ ਨੂੰ ਮੁੱਖ ਰੱਖਦਿਆਂ ਲਿਖੀ ਗਈ ਪੁਸਤਕ 'ਸ੍ਰੀ ਗੁਰੂ ਤੇਗ ਬਹਾਦਰ: ਦਿ ਸੇਵਯਰ ਆਫ ਡੈਮੋਕ੍ਰੇਟਿਕ ਵੈਲਯੂਜ਼' (ਸ੍ਰੀ ਗੁਰੂ ਤੇਗ ਬਹਾਦਰ: ਲੋਕਤੰਤਰੀ ਕਦਰਾਂ ਕੀਮਤਾਂ ਦੇ ਰੱਖਿਅਕ) ਨੂੰ ਅੱਜ ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਸ੍ਰੀ ਬਨਵਾਰੀ ਲਾਲ ਪੁਰੋਹਿਤ ਨੇ ਪੰਜਾਬ ਰਾਜ ਭਵਨ, ਚੰਡੀਗੜ੍ਹ ਵਿਖੇ ਲੋਕ ਅਰਪਿਤ ਕੀਤਾ ਗਿਆ। ਇਸ ਮੌਕੇ ਉੱਪਰ ਸ੍ਰੀ ਬਨਵਾਰੀ ਲਾਲ ਪੁਰੋਹਿਤ ਨੇ ਭਾਰਤੀ ਸੰਸਕ੍ਰਿਤੀ, ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਅਜ਼ਾਦੀ ਦੀ ਰੱਖਿਆ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਵਲੋਂ ਦਿੱਤੇ ਗਏ ਬਲੀਦਾਨ ਨੂੰ ਯਾਦ ਕਰਦਿਆਂ ਕਿਹਾ ਸ੍ਰੀ ਗੁਰੂ ਤੇਗ ਬਹਾਦਰ ਜੀ ਵਲੋਂ ਦਰਸਾਈ ਗਈ ਲੋਕਤੰਤਰੀ ਜੀਵਨ ਸ਼ੈਲੀ ਨੂੰ ਅਪਣਾਉਣ ਲਈ ਹਰੇਕ ਮਨੁੱਖ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਇਲਾਹੀ ਬਾਣੀ, ਲੋਕਤੰਤਰੀ ਸਰੋਕਾਰਾਂ ਅਤੇ ਬੇਮਿਸਾਲ ਬਲੀਦਾਨ ਤੋਂ ਸੇਧ ਲੈਣ ਦੀ ਜ਼ਰੂਰਤ ਹੈ। ਉਹਨਾਂ ਪ੍ਰਿੰਸੀਪਲ ਡਾ। ਅਰਵਿੰਦਰ ਸਿੰਘ ਭੱਲਾ ਨੂੰ ਇਸ ਪੁਸਤਕ ਲਈ ਮੁਬਾਰਕਬਾਦ ਦਿੰਦੇ ਹੋਏ ਡਾ। ਭੱਲਾ ਦੇ ਅਣਥੱਕ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਕਿਹਾ ਕਿ ਡਾ। ਭੱਲਾ ਵਲੋਂ ਲਿਖੀ ਗਈ ਪੁਸਤਕ ਨਿਸ਼ਚਿਤ ਤੌਰ ਉੱਪਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਬਾਣੀ, ਸਿੱਖਿਆਵਾਂ ਅਤੇ ਯੋਗਦਾਨ ਦਾ ਸਮਾਜਿਕ, ਸਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪੱਖ ਤੋਂ ਵਿਸ਼ਲੇਸ਼ਣ ਇਸ ਖੇਤਰ ਨਾਲ ਜੁੜੇ ਹੋਏ ਸਮੂਹ ਅਧਿਆਪਕਾਂ, ਸਿੱਖਿਆ ਸ਼ਾਸਤਰੀਆਂ ਅਤੇ ਖੋਜਾਰਥੀਆਂ ਲਈ ਬੇਹੱਦ ਉਪਯੋਗੀ ਅਤੇ ਸਾਰਥਕ ਸਿਧ ਹੋਵੇਗੀ।



ਇਸ ਅਵਸਰ ਉੱਪਰ ਸਾਬਕਾ ਮੈਂਬਰ ਪਾਰਲੀਮੈਂਟ ਅਤੇ ਐਡੀਸ਼ਨਲ ਸਾਲਿਸਟਰ ਜਨਰਲ ਆਫ਼ ਇੰਡੀਆ ਸ੍ਰੀ ਸਤਪਾਲ ਜੈਨ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਚਾਰ ਸੌ ਸਾਲ ਪਹਿਲਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਔਰੰਗਜ਼ੇਬ ਵੱਲੋਂ ਅਪਣਾਈ ਗਈ ਧਾਰਮਿਕ ਅਸਹਿਣਸ਼ੀਲਤਾ ਤੇ ਕੱਟੜਵਾਦ ਦੀ ਨੀਤੀ ਅਤੇ ਉਸ ਵਲੋਂ ਕੀਤੀ ਗਈ ਮਨੁੱਖੀ ਅਧਿਕਾਰਾਂ ਦੀ ਬੇਹੁਰਮਤੀ ਦਾ ਜ਼ੋਰਦਾਰ ਖੰਡਨ ਤੇ ਵਿਰੋਧ ਹੀ ਨਹੀਂ ਕੀਤਾ, ਸਗੋਂ ਲੋਕਾਂ ਦੀ ਧਾਰਮਿਕ ਆਜ਼ਾਦੀ ਦੇ ਅਧਿਕਾਰ ਦੀ ਰਾਖੀ ਲਈ ਆਪਣਾ ਆਪ ਕੁਰਬਾਨ ਕਰਕੇ ਲੋਕਾਂ ਨੂੰ ਆਪਣੇ ਅਧਿਕਾਰਾਂ ਦੀ ਰਾਖੀ ਖੁਦ ਆਪ ਕਰਨ ਲਈ ਲਾਮਬੰਦ ਵੀ ਕੀਤਾ। ਉਹਨਾਂ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਭੱਲਾ ਵੱਲੋਂ ਲਿਖੀ ਗਈ ਪੁਸਤਕ ਨੂੰ ਅਜੋਕੇ ਸਮੇਂ ਦੀ ਲੋੜ ਦੱਸਦਿਆਂ ਕਿਹਾ ਡਾ. ਭੱਲਾ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਵਲੋਂ ਲੋਕਤੰਤਰੀ ਕਦਰਾਂ ਕੀਮਤਾਂ ਦੇ ਵਿਕਾਸ ਦੇ ਖੇਤਰ ਵਿਚ ਪਾਏ ਗਏ ਯੋਗਦਾਨ ਨੂੰ ਇਸ ਪੁਸਤਕ ਵਿਚ ਬਾਖੂਬੀ ਕਲਮਬੱਧ ਕੀਤਾ ਹੈ।

ਆਪਣੀ ਪੁਸਤਕ ਬਾਰੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਭੱਲਾ ਨੇ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਵਲੋਂ ਸਤਾਰਵੀਂ ਸਦੀ ਵਿਚ ਮੁਗਲ ਹਾਕਮ ਔਰੰਗਜ਼ੇਬ ਦੀ ਧਾਰਮਿਕ ਅਸਹਿਣਸ਼ੀਲਤਾ ਦੀ ਨੀਤੀ ਅਤੇ ਉਸ ਦੇ ਜ਼ੁਲਮਾਂ ਦਾ ਡਟਵਾਂ ਮੁਕਾਬਲਾ ਕਰਦੇ ਹੋਏ ਸੁਤੰਤਰਤਾ, ਸਮਾਨਤਾ, ਭਰਾਤਰੀ ਭਾਵ, ਧਾਰਮਿਕ ਆਜ਼ਾਦੀ, ਨਿਆਂ, ਮਨੁੱਖੀ ਅਧਿਕਾਰ, ਬਹੁਸਭਿਆਚਾਰਕ ਸਮਾਜ, ਧਾਰਮਿਕ ਸਹਿਣਸ਼ੀਲਤਾ, ਰਾਸ਼ਟਰੀ ਗੌਰਵ ਅਤੇ ਰਾਸ਼ਟਰੀ ਏਕਤਾ ਦੀ ਰਾਖੀ ਲਈ ਲੋਕਾਈ ਨੂੰ ਲੋਕਤੰਤਰੀ ਕਦਰਾਂ ਕੀਮਤਾਂ ਨੂੰ ਅਪਣਾਉਣ, ਲੋਕਤੰਤਰੀ ਜੀਵਨ ਸ਼ੈਲੀ ਨੂੰ ਧਾਰਨ ਕਰਨ ਅਤੇ ਲੋਕਤੰਤਰੀ ਸਰੋਕਾਰਾਂ ਦੀ ਰੱਖਿਆ ਲਈ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਦਾ ਜਜ਼ਬਾ ਪੈਦਾ ਕਰਨ ਲਈ ਪ੍ਰੇਰਿਤ ਕੀਤਾ। ਉਹਨਾਂ ਇਹ ਵੀ ਕਿਹਾ ਕਿ ਅਜੋਕੇ ਸਮੇਂ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਸਿੱਖਿਆਵਾਂ ਬੇਹੱਦ ਪ੍ਰਾਸੰਗਿਕ ਹਨ ਅਤੇ ਮੌਜੂਦਾ ਹਲਾਤਾਂ ਦੇ ਮੱਦੇਨਜ਼ਰ ਸਮੁੱਚੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਸਿੱਖਿਆਵਾਂ ਨੂੰ ਸਮਝਣ, ਵਿਚਾਰਨ ਅਤੇ ਅਪਣਾਉਣ ਦੀ ਬੇਹੱਦ ਲੋੜ ਹੈ।

## ਪੰਜਾਬੀ ਫਿਲਮ ਚਰਚਾ

- ਅੰਮ੍ਰਿਤ ਪਵਾਰ



# ਪਿਛਲੇ ਸਾਲ 2023 ਦਾ ਪੰਜਾਬੀ ਫ਼ਿਲਮਾਂ ਦਾ ਹਾਲ ਚਾਲ

ਕਮਾਲ ਦਾ ਸਾਲ 2023 ਪੰਜਾਬੀ ਫ਼ਿਲਮਾਂ ਲਈ ਰਿਹਾ ਜਿੱਥੇ100 ਕਰੋੜ ਦੇ ਕਲੱਬ ਵਿੱਚ ਪਹਿਲੀ ਪੰਜਾਬੀ ਫ਼ਿਲਮ ਸ਼ਾਮਿਲ ਹੋਈ ਓਥੇ ਕਰੋੜਾਂ ਲਾ ਕਿ "ਮੌੜ " ਬਹੁਤ ਘਾਟੇ ਦਾ ਸੌਦਾ ਰਹੀ। ਹਾਂ "ਮਸਤਾਨੇ" ਚਲ ਗਈ ਤਾਂ ਲੱਗਿਆ ਕਿ ਪੰਜਾਬੀ ਫ਼ਿਲਮਾਂ ਉਪਰ ਥੱਲੇ ਹਿਟ ਹੋ ਰਹੀਆਂ ਨੇ ਪਰ ਫਲਾਪ ਫ਼ਿਲਮਾਂ ਦੀ ਕਤਾਰ ਲੱਗ ਗਈ।ਕਿੱਤੇ ਵੱਡੇ ਵੱਡੇ ਮਹਾਂਰਥੀ ਥੱਲੇ ਲੱਗ ਗਏ ਤੇ ਕਿਤੇ ਨਵੇਂ ਆ ਕਿ ਚਲ ਗਏ।ਇੱਕ ਲੀਕ ਤੇ ਨਹੀਂ ਚਲਿਆ ਸਿਨੇਮਾ ਬਲ ਕਿ ਕਦੇ ਕਮੇਡੀ, ਕਦੇ ਧਰਮ ਕਰਮ, ਕਦੇ ਕ੍ਰਾਈਮ ਤੇ ਕਿਤੇ ਪਿਆਰ ਕਹਾਣੀ ਤੇ ਕਿਤੇ ਐਕਸ਼ਨ ਸਾਮ੍ਹਣੇ ਆਇਆ। ਬਾਜ਼ੀ ਗਿੱਪੀ ਗਰੇਵਾਲ ਹੱਥ ਲੱਗੀ, ਸਟਾਰ ਰੁਤਬਾ ਦਿਲਜੀਤ ਦੋਸਾਂਝ ਦਾ ਬਰਕਰਾਰ ਰਿਹਾ ਤੇ ਕਰਮਜੀਤ ਅਨਮੋਲ,ਬਿਨੁ ਢਿੱਲੋਂ ਤੇ ਗੁਰਪਰੀਤ ਘੁੱਗੀ ਦੀ ਸਰਦਾਰੀ ਕਾਇਮ ਰਹੀ ਪਰ ਬੀ ਐਨ ਸ਼ਰਮਾ ਤੇ ਜਸਵਿੰਦਰ ਭੱਲਾ ਨੂੰ ਥੋੜਾ ਘੱਟ ਦੇਖਿਆ ਗਿਆ। ਚਲੋ ਜਨਵਰੀ 2023 ਤੋਂ ਸਾਲ ਦੇ ਅੰਤ ਤੱਕ ਪੰਜਾਬੀ ਫ਼ਿਲਮਾਂ ਤੇ ਇੱਕ ਨਜ਼ਰ ਪੈ ਜਾਏ ਤਾਂ ਚੰਗਾ ਰਹੇਗਾ

ਜਨਵਰੀ ਤੋਂ ਜੂਨ 2023 ਤੱਕ ਇੰਜ ਦੀਆਂ ਰਹੀਆਂ ਇਹ ਫ਼ਿਲਮਾਂ।

"ਹਵੇਲੀ ਦਾ ਟਰਬਲ"ਦੇਵੀ ਸ਼ਰਮਾ ਦੀ ਇਹ ਫ਼ਿਲ੍ਮ ਸਾਲ 23 ਦੀ ਸ਼ੁਰੂਆਤੀ ਫ਼ਿਲਮ ਸੀ। ਇੱਕ ਦੋ ਛੱਡ "ਕਲੀ ਜੋਟਾ" ਤੇ"ਤੂੰ ਹੋਵੇਂ ਮੈਂ ਹੋਵਾਂ "ਜਨਵਰੀ ਦੀਆਂ ਅਹਿਮ ਫ਼ਿਲਮਾਂ ਸਨ। ਫਰਵਰੀ ਦੌਰਾਨ "ਗੋਲ਼ ਗੱਪੇ "ਸਵਾਦ ਨਹੀਂ ਲੱਗੇ ਤੇ "ਜੀ ਵਾਈਫ਼ ਜੀ " "ਮਿੱਤਰਾਂ ਦਾ ਨਾ ਚਲਦਾ "ਨਿਗ੍ਹਾ ਮਾਰਦਾ ਆਈ ' ਆਈਆਂ ਪਰ ਮਿੱਤਰਾ ਦਾ ਨਾਮ ਬਹੁਤ ਨਹੀਂ ਚਲਿਆ ਤੇ ਨਿਗ੍ਹਾ ਵੀ ਦਰਸ਼ਕ ਵਰਗ ਦੀ ਘੱਟ ਵੱਜੀ। "ਯਾਰਾਂ ਦੀਆਂ ਪੌ ਬਾਰਾਂ" "ਕੀ ਮੈਂ ਝੂਠ ਬੋਲਿਆ "ਚਲ ਜਿੰਦੀਏ" "ਉਡੀਕਾਂ ਤੇਰੀਆਂ, ਸਿਨੇਮਾ ਵਿੱਚ ਦਰਸ਼ਕ ਉਡੀਕਦੀ ਰਹੀ, ਨਹੀਂ ਆਏ। ਗਰਮੀ ਸ਼ੁਰੂ ਹੋਈ ਤਾਂ "ਯਾਰਾਂ ਦਾ ਰੁਤਬਾ" "ਅੰਨੀ ਦੀਆ ਮਜ਼ਾਕ ਏ" "ਮਾਈਨਿੰਗ" "ਪੇਂਟਰ" "ਨਿੱਡਰ" ਵਿਚਕਾਰ ਆਈ "ਜੋੜੀ" ਨੇ ਮਾਹੌਲ ਕੁੱਝ ਗਰਮ ਕੀਤਾ। "ਮੇਰਾ ਬਾਬਾ ਨਾਨਕ" "ਗੋਡੇ ਗੋਡੇ ਚਾਅ" "ਲੈਂਬੇੜਗੀਨੀ" "ਮੈਡਲ" ਆਈਆਂ ਪਰ ਮੈਡਲ "ਮੈਡਲ" ਨੂੰ ਹੀ ਮਿਲਿਆ। "ਮੌੜ" ਬਹੁਤ ਪੈਸਾ ਲੱਗਿਆ, ਕਲਾਸੀਕਲ ਬਣੀ ਪਰ ਦਰਸ਼ਕਾਂ ਨੇ ਨਹੀਂ ਪਸੰਦ ਕੀਤੀ ਤੇ ਵਿਵਾਦ ਪੁਰਾਣੀ ਨੂੰ ਨਵਾਂ ਰੰਗ ਦੇ "ਜੱਟ ਜਿਉਣਾ ਮੌੜ" ਵੀ ਰਲੀਜ਼ ਕੀਤੀ ਗਈ ਪਰ 6 ਮਹੀਨਾ ਦੌਰਾਨ ਸਾਰੀਆਂ ਕਸਰ ਤੇ ਕਸਰਾਂ ਕੱਢ ਦਿੱਤੀਆਂ "ਕੈਰੀ ਆਨ ਜੱਟਾ 3" ਨੇ ਤੇ 100 ਕਰੋੜ ਪਾਰ ਕਰਨ ਵਾਲੀ ਇਹ ਫਿਲਮ ਬਣੀ ਤੇ 6 ਮਹੀਨਿਆਂ ਦੇ ਉਲਾਮੇ ਲਾਹ ਦਿੱਤੇ ਗਿਪੀ ਗਰੇਵਾਲ ਨੇ ਤੇ ਇੰਡਸਟਰੀ ਨੇ ਸੁੱਖ ਦਾ ਸਾਹ ਲਿਆ।

ਜੁਲਾਈ ਤੋਂ ਬਾਅਦ ਸਾਲ ਦਾ ਆਖਿਰ ਤੱਕ ਦਾ ਫ਼ਿਲਮੀ ਹਾਲ ਚਾਲ।

ਸੁਪਰ ਸਟਾਰ, ਕਦੇ ਦਾਦੇ ਦੀਆਂ ਕਦੇ ਪੋਤੇ ਦੀਆਂ ,ਤੁਫੰਗ ਬਾਅਦ ਬੱਲੇ ਓਏ ਚਲਾਕ ਸੱਜਣਾ, ਬੂਹੇ ਬਾਰੀਆਂ, ਗੱਡੀ ਜਾਂਦੀ ਏ ਛਲਾਂਗਾਂ ਮਾਰਦੀ ਆਈਆਂ ਪਰ ਕਾਮਯਾਬੀ ਦੇ ਝੰਡੇ... "ਮਸਤਾਨੇ" ਨੇ ਗੱਡ ਦਿੱਤੇ। "ਮੌਜਾਂ ਹੀ ਮੌਜਾਂ" ਜੱਟ ਨੂੰ ਚੁੜੇਲ ਟੱਕਰੀ, ਵਾਰਨਿੰਗ 2, ਸਾਲ ਦੇ ਆਖ਼ਿਰ ਤੱਕ ਪਾਲੀਵੁੱਡ ਦਾ ਹਾਲ ਚਾਲ ਹੈ। "ਸਰਾਭਾ ,ਚਿੜੀਆਂ ਦਾ ਚੰਬਾ, ਪਰਿੰਦਾ ਪਾਰ ਗਿਆ, ਜੂਨੀਅਰ ਵਰਗੀਆਂ ਚਰਚਿਤ ਫ਼ਿਲਮਜ਼ ਵੀ 2023 ਦੌਰਾਨ ਦੇਖਣ ਨੂੰ ਮਿਲੀਆਂ। "ਰੇਂਜ ਰੋਡ" ਕੰਜੂਸ ਮੱਖੀ ਚੂਸ, ਰੰਗ ਰੱਤਾ, ਸਿੱਧੂ ਆਫ ਸਾਊਥ ਹਾਲ, ਸਰਦਾਰਾ ਐਂਡ ਸੰਨਜ਼, ਸ਼ੌਕ ਸਰਦਾਰੀ ਦਾ, ਵਜੂਦ, ਸ਼ਾਤਰ,ਰੱਬ ਦੀ ਮਿਹਰ, ਪਿੰਡ ਅਮਰੀਕਾ, ਜ਼ਿੰਦਗੀ ਜ਼ਿੰਦਾਬਾਦ, ਬਿਨ ਬੈਂਡ ਚਲ ਇੰਗਲੈਂਡ ਨੂੰ ਰਲਾ ਲਈਏ ਤਾਂ 2023 ਵਿੱਚ ਅਰਧ ਸੈਂਕੜੇ ਦੇ ਕਰੀਬ ਪੰਜਾਬੀ ਫ਼ਿਲਮਾਂ ਪਹੁੰਚ ਗਈਆਂ। 100 ਕਰੋੜ ਪਾਰ ਕੀਤਾ "ਕੈਰੀ ਆਨ ਜੱਟਾ 3" ਨੇ ਤੇ 69 ਕਰੋੜ ਦਾ ਵਪਾਰ "ਮਸਤਾਨੇ" ਨੇ ਵੀ ਕੀਤਾ। 42 ਕਰੋੜ 53 ਲੱਖ "ਕਲੀ ਜੋਟਾ" ਨੇ 36 ਕਰੋੜ 15 ਲੱਖ "ਜੋੜੀ" ਨੇ ਕਮਾਏ ਰੇਬ 25 ਕਰੋੜ ਦਾ ਵਪਾਰ ਗੋਡੇ ਗੋਡੇ ਚਾਅ ਨੇ ਕੀਤਾ। ਨਵੇਂ ਕਲਾਕਾਰਾਂ ਦੀ "ਮੈਡਲ" ਸਾਢੇ ਚਾਰ ਕਰੋੜ ਕਮਾ ਗਈ ਪਰ ਮਿੱਤਰਾਂ ਦਾ ਨਾ ਚਲਦਾ 43 ਲੱਖ ਕਮਾ ਸੱਕੀ ਤੇ ਬਾਕੀ ਫ਼ਿਲਮਾਂ ਬਸ ਆਈਆਂ ਤੇ ਗਈਆਂ। ਹਫਤੇ ਵਿੱਚ ਆਮਨੇ ਸਾਹਮਣੇ ਫ਼ਿਲਮਾਂ ਹੋਈਆਂ। ਕਈ ਵਾਰ ਵਿਵਾਦ ਹੋਏ। ਫਿਰ ਵੀ ਇੱਕ ਫਿਲਮ ਤਾਂ 100 ਕਰੋੜ ਵੱਟ ਲਏ ਤੇ ਬਾਕੀ ਲੱਖ ਵਿੱਚ ਤਾਂ ਸੌਦਾ ਕੁਲ ਮਿਲਾ ਕੇ ਘਾਟੇ ਦਾ 2023 ਪਰ ਇਤਿਹਾਸਕ ਅੰਕੜੇ ਲਈ 23 ਵਧੀਆ 100 ਕਰੋੜ ਪਾਰ।ਖੈਰ ਉਮੀਦ ਏ ਕਿ ਯੋਜਨਾ ਨਾਲ ਰਲ ਮਿਲ ਕਿ ਰਿਲੀਜ਼ ਫ਼ਿਲਮਾਂ ਹੋਣਗੀਆਂ ਤੇ ਏਕੇ ਨਾਲ ਸਭ ਚਲੇਗਾ।

ਦੇਵੀ ਸ਼ਰਮਾ, ਅਵਤਾਰ ਸਿੰਘ, ਸਤਿੰਦਰ ਕਸਨਾ, ਵਿਜੇ ਕੁਮਾਰ ਅਰੋੜਾ ਨਿਰਦੇਸ਼ਕ ਤੌਰ ਤੇ ਸਰਗਰਮ ਰਹੇ ਜਦ ਕਿ ਵਕੀਲ ਸਿੰਘ, ਗੁਰਚਰਨ, ਇੰਦਰਜੀਤ , ਉਦੇ ਪ੍ਰਤਾਪ, ਉਪਾਸਨਾ, ਮਨਦੀਪ ਬੈਨੀਪਾਲ ਤੋਂ ਇਲਾਵਾ ਰਕੇਸ ਧਵਨ, ਸਿਮਰਨਜੀਤ ਹੁੰਦਲ, ਅੰਬਰਦੀਪ, ਮਨਦੀਪ ਚਾਹਲ ਤੇ ਤਾਜ ਦਾ ਨਿਰਦੇਸ਼ਨ ਇਸ ਸਾਲ ਦਿਖਾਈ ਦਿੱਤਾ। ਨਵਨੀਅਤ, ਦਲਜਿੰਦ ਰ ਬਸਰਾ, ਮਨੀਸ਼ ਭੱਟ, ਇਸ਼ਨ ਚੋਪੜਾ,ਘੁੰਮਣ ਲਾਡਾ, ਧੀਰਜ ਰਤਨ, ਬਲਜੀਤ ਨੂਰ, ਮਲਹੋਤਰਾ ਰੋਇਲ ਤੇ ਸੁੱਖ ਸੰਘੇੜਾ ਨਿਰਦੇਸ਼ਕ ਵੱਜੋਂ 2023 ਵਿੱਚ ਆਪਣੇ ਪ੍ਰੋਜੈਕਟ ਨਾਲ ਨਜ਼ਰ ਆਏ। ਸ਼ਰਨ ਆਰਟ ਤੇ ਸਮੀਪ ਕੰਗ ਬੈਸਟ ਡਾਇਰੈਕਟਰ ਰਹੇ। ਚੇਤਾ ਸਿੰਘ ਚਰਚਿਤ ਕਾਫੀ ਹੋਈ ਤੇ ਜਨ ਜੋਤ ਦੀ ਏਨੀ ਹਾਉ ਮਿੱਟੀ ਪਾਓ ਸਿਮਰਨ ਦੀ ਪਿੰਡ ਅਮਰੀਕਾ ਨਾਲ ਨਿਰਦੇਸ਼ਕ ਵਜੋਂ ਹਾਜ਼ਰੀ ਲੱਗੀ।

ਕਵੀ ਰਾਜ, ਪ੍ਰੇਮ ਸਿੱਧੂ ਦਾ ਨਿਰਦੇਸ਼ਨ ਸਾਰਾਹਿਆ ਗਿਆ। ਸ਼ਿਤਿਜ ਚੌਧਰੀ, ਰਾਣਾ ਰਣਬੀਰ ਪਰਵੀਨ ਮਹਿਰਾ ਨਿਰਦੇਸ਼ਕ ਬਣ ਆਏ। ਗੱਲ ਫਿਰ ਇਥੇ ਕਿ 50 ਫ਼ਿਲਮਜ਼ ਘਟ ਤੋਂ ਘਟ 40 ਨਿਰਦੇਸ਼ਕ, ਮੌਕਾ ਜਰੂਰੀ ਪਰ ਸਫਲਤਾ ਓਹ ਹੀ ਤਰਸੇਮ ਜੱਸੜ,ਸਮੀਪ ਕੰਗ ਨੂੰ ਮਿਲੀ। ਫਿਰ ਵੀ ਕਾਰਜ ਗਿੱਲ, ਬਲਬੀਰ ਟਾਂਡਾ ਸੁੱਖ ਸੰਘੇੜਾ ਚਰਚਿਤ ਰਹੇ। ਨੀਰੂ ਬਾਜਵਾ, ਤਨਿਆ, ਰੂਬੀਨਾ ਬਾਜਵਾ, ਸੋਨਮ, ਸਿੰਮੀ, ਮੈਂਡੀ ਤੱਖਰ ਤੇ ਗੱਲ ਕੀ ਨਵੀਂ ਫਿਲਮ ਨਵੀਂ ਨਾਇਕਾ ਤੇ ਅਜੇ ਵੀ ਨਜ਼ਰ ਨੀਰੂ, ਮੈਂਡੀ, ਸੋਨਮ ਤੇ ਸਿੰਮੀ ਤੇ ਰਹਿੰਦੀ ਹੈ। ਹਾਂ ਗੁਰਪ੍ਰੀਤ ਘੁੱਗੀ ,ਬੀਨੂੰ ਢਿਲੋਂ ਤੇ ਕਰਮਜੀਤ ਅਨਮੋਲ ਹਰਬੀ ਸੰਘਾ, ਮਹਾਂਵੀਰ ਭੁੱਲਰ ਚਰਚਿਤ ਰਹੇ। ਪਰ ਗੀਤ ਸੰਗੀਤ ਬਸ ਜਿੰਨੇ ਦਿਨ ਫਿਲਮ ਦੀ ਚਰਚਾ ਇਹਨਾਂ ਦੇ ਗੀਤ ਸੰਗੀਤ ਦੀ ਰਹੀ। 2023 ਵਿੱਚ ਪੰਜਾਬੀ ਸੰਗੀਤਕ ਫ਼ਿਲਮਾਂ ਦੀ ਘਾਟ ਰਹਿ ਗਈ। ਜਿਸ ਤਰਾਂ ਭੰਗੜਾ, ਬਦਲਾ ਜੱਟੀ ਦਾ ਮਾਮਲਾ ਗੜਬੜ ਸੰਗੀਤ ਚਲਦਾ ਸੀ ਇਹ ਗੱਲ ਨਜ਼ਰ ਨਹੀਂ ਆਈ।











ਅੰਤ ਵਿੱਚ 23 ਯਾਦ ਵੀ ਰਹੇਗਾ, ਰੜਕੇਗਾ ਵੀ ਤੇ 24 ਚੰਗਾ ਚੜ੍ਹੇ ਕਰੋ ਨੀ ਦੁਆਵਾਂ

ਪੰਜਾਬੀ ਫ਼ਿਲਮਾਂ ਦੇ ਗਾਇਕ ਸੁਰਿੰਦਰ ਛਿੰਦਾ ਨਹੀਂ ਰਹੇ,ਪੰਜਾਬ ਦੀ ਫ਼ਿਲਮ ਨਗਰੀ ਨੇ ਪੰਜਾਬ ਪੁਲਿਸ ਲਈ "ਗੁਲਦਸਤਾ 2023 "ਸ਼ੋ ਕੀਤਾ। ਯੋਗਰਾਜ ਸਿੰਘ ਫਿਰ ਪੰਜਾਬੀ ਫ਼ਿਲਮਾਂ ਦੀ ਧੜਕਨ ਬਣੇ ਤੇ ਯੋਗਰਾਜ ਸਿੰਘ ਨੇ 10 ਫ਼ਿਲਮਾਂ ਦੀ ਸ਼ੂਟਿੰਗ ਕੀਤੀ। ਹੋਰ ਵੀ ਛੋਟੀਆਂ ਮੋਟੀਆਂ ਘਟਨਾਵਾਂ ਹੋਈਆਂ, ਕਾਰਜ ਗਿੱਲ ਦੇ ਪਿਤਾ ਜੀ ਨਹੀਂ ਰਹੇ, ਸ਼ਿਵਿੰਦਰ ਮਾਹਲ ਦੀ ਪਤਨੀ ਨਹੀਂ ਰਹੀ ਤੇ ਹਰਨਾਜ਼ ਸੰਧੂ ਨੇ ਪੰਜਾਬੀ ਫ਼ਿਲਮਾਂ ਕੀਤੀਆਂ, ਸ਼ਹਿਨਜ਼ ਗਿੱਲ ਵੀ ਆਈ, ਹਿਮਾਂਸ਼ੀ ਖੁਰਾਣਾ ਦੀ ਟੁੱਟ ਗਈ ਤੜਾਕ ਕਰ ਕਿ ਤੇ ਮੁੱਕਦੀ ਗੱਲ ਤੇ ਢੁੱਕਦੀ ਗੱਲ ਕਿ ਪਾਕਿਸਤਾਨੀ ਫ਼ਨਕਾਰ ਨਾਸਿਰ ਚੋਨੋਤੀ, ਇਫ਼ਤਖ਼ਾਰ ਠਾਕਰ, ਇਮਰਾਨ ਤਾਹਿਰ ਪਾਲੀਵੁੱਡ ਨਾਲ ਜੁੜੇ ਰਹੇ ਤੇ ਵਿਦੇਸ਼ਾਂ ਵਿੱਚ ਵੀ ਸ਼ੂਟਿੰਗ ਜ਼ਾਰੀ ਰਹੀ।

ਰੌਸ਼ਨ ਪ੍ਰਿੰਸ, ਦੇਵ ਖਰੋੜ ਸਰਗਰਮ ਰਹੇ, ਮਨੀਸ਼ ਸਾਹਨੀ ਓਮਜੀ ਵੱਡੇ ਫਿਲਮ ਵਿਤਰਕ ਰਹੇ। ਸੰਜੇ ਦੱਤ ਦਾ ਪੰਜਾਬੀ ਫ਼ਿਲਮਾਂ ਵਿੱਚ ਪ੍ਰਵੇਸ਼ ਹੋਇਆ ਤੇ ਦਾਸਤਾਨ ਏ ਸਰਹਿੰਦ ਵਿਵਾਦ ਹੋਇਆ, ਕੁਝ ਕੁ ਪ੍ਰਦਰਸ਼ਿਤ ਹੋਈ। 50 ਫ਼ਿਲਮਾਂ 8 ਕੂ ਠੀਕ ਠਾਕ ਪਰ ਪੰਜਾਬੀ ਹਾਂ ਲਲਕਾਰੇ ਵੱਜਣਗੇ। 100 ਕਰੋੜੀ 'ਕੈਰੀ ਆਨ ਜੱਟਾ' ਚਲੋ ਛੱਡੋ 2024 ਵਿੱਚ ਕਈ 100 ਕਰੋੜੀ ਹੋਣ ਸੋਹਣਾ ਰੱਬ ਕਰੇ ਚੰਗੀਆਂ ।

### 'ਤਬਾਹੀ ਰੀਲੋਡਿਡ' ਬਲਬੀਰ/ਪੂਜਾ ਦੀ

ਕਦੇ ਤੱਬੂ ਨਾਲ, ਕਦੇ ਰਵਿੰਦਰ ਮਾਨ, ਗੁੱਗੂ-ਯੋਗਰਾਜ ਸਿੰਘ ਦਰਜਨ ਦੇ ਕਰੀਬ ਫ਼ਿਲਮਾਂ ਬਣਾ ਚੁੱਕੇ ਨੇਕ ਤੇ ਦਿਆਲੂ ਨਿਰਮਾਤਾ ਬਲਬੀਰ ਟਾਂਡਾ ਦੀ ਨਵੀਂ ਫ਼ਿਲਮ ਇਸ ਨਵੇਂ



ਸਾਲ ਆ ਰਹੀ ਹੈ। 'ਤਬਾਹੀ ਰੀਲੋਡਿਡ' ਇਸਦਾ ਨਾਂਅ ਹੈ ਤੇ ਨਵੀਂ ਨਾਇਕਾ ਪੂਜਾ ਗਾਬਾ ਅਨੁਸਾਰ ਭ੍ਰਿਸਟ ਸਿਸਟਮ ਪੰਜਾਬ ਦਾ, ਡੇਰੇ ਵਾਲੇ ਸਾਧਾਂ ਤੇ ਮਹਿਲਾਂ ਤੋਂ ਚਲਦੀ ਸਰਕਾਰ ਸੱਚ ਦੇ ਨਜਦੀਕ ਬਲਬੀਰ ਟਾਂਡਾ ਨਾਰਵੇ ਦੀ ਇਹ ਫ਼ਿਲਮ ਟਿਕਟ ਖਿੜਕੀ ਤੇ 'ਤਬਾਹੀ' ਲਿਆਉਣ ਦੇ ਕਾਬਿਲ ਹੈ। ਇਕਬਾਲ ਢਿੱਲੋਂ ਦੀ ਦੇਖ-ਰੇਖ 'ਚ ਇਹ ਫ਼ਿਲਮ ਬਣੀ ਹੈ।

### 'ਯਾਰੀਆਂ' ਦੀਪਕ ਤੇ ਵਾਰਿਸ ਭਰਾਵਾਂ ਦੀਆਂ

ਮਨਮੋਹਨ ਵਾਰਿਸ ਦਾ ਗੁਆਂਢੀ ਹੋਣਾ ਤੇ ਫਿਰ ਪਿਆਰ ਭਰਾਵਾਂ ਜਿਹਾ, ਸਾਰੇ ਆਖਦੇ ਹਨ ਕਿ ਵਾਰਿਸ ਹੋਰੀਂ ਚਾਰ ਭਰਾ ਨੇ ਅਰਥਾਤ ਦੀਪਕ ਬਾਲੀ ਸਾਰਿਆਂ ਤੋਂ ਵੱਧ ਮਨਮੋਹਕ, ਕਮਲ ਤੇ ਸੰਗਤਾਰ ਲਈ ਹੈ। ਮਨਮੋਹਣ ਵਾਰਿਸ ਦੀ ਸਾਰੀ ਪ੍ਰਬੰਧਨ ਪ੍ਰਨਾਲੀ ਦੀਪਕ ਨੇ ਚਲਾਈ ਤੇ ਕਮਲਹੀਰ ਦੇ ਗਾਣੇ 'ਪਲਾਜਮਾਂ' ਤੋਂ ਦੀਪਕ ਨੇ ਲੋਕ ਅਰਪਣ ਕੀਤੇ। ਸੰਗਤਾਰ ਦਾ ਕਹਿਣਾ ਹੈ ਕਿ 'ਵਾਰਿਸ ਭਰਾਵਾਂ' ਦੀ ਗਾਇਕੀ ਦਾ ਪਰਦੇ ਪਿੱਛੇ ਧੁਰਾ ਦੀਪਕ ਬਾਲੀ ਹੈ।'ਯਾਰੀਆਂ' ਭਰਾਵਾਂ ਜਿਹੀਆਂ ਦੀਪਕ



ਤੇ ਵਾਰਿਸ ਭਰਾਵਾਂ ਦੀਆਂ ਜੱਗ ਤੇ ਮਿਸਾਲ ਹਨ।

### ਦਲਜੀਤ ਅਰੋੜਾ ਦੀ ਫ਼ਿਲਮ ਗੀਤਕਾਰੀ

ਪਾਲੀਵੁੱਡ ਦਾ ਪਰਦੇ ਪਿੱਛੇ ਸਟਾਰ ਹੈ ਨਿਰਮਾਤਾ ਤੇ ਫ਼ਿਲਮ ਗੀਤਕਾਰ ਦਲਜੀਤ ਅਰੋੜਾ ਜਿਸਦੇ ਲਿਖੇ ਗੀਤ 'ਮੁਲਾਕਾਤ', 'ਜੱਟ ਨਿਖੱਟੂ', 'ਹਵੇਲੀ', 'ਗੁਰਮੁੱਖ', 'ਨਿਡਰ' ਫ਼ਿਲਮਾਂ ਦੇ ਨਾਲ 'ਆਧਰਾ', 'ਸਲੂਟ', 'ਸਾਂਭ ਲਵਾਂਗੇ ਆਪੇ', 'ਯਾਰ ਅਣਮੁੱਲੇ-2' ਦੀ ਸ਼ਾਨ ਬਣੇ ਹਨ। 'ਰਹੇ ਚੜ੍ਹਦੀ ਕਲਾ ਪੰਜਾਬ ਦੀ' ਦੇ ਲਾਇਨ ਨਿਰਮਾਤਾ ਦਲਜੀਤ ਅਰੋੜਾ ਇਸ ਸਮੇਂ ਪੰਜਾਬੀ ਫ਼ਿਲਮਾਂ ਲਈ ਹਰ ਮਹੀਨੇ 'ਪੰਜਾਬੀ ਸਕਰੀਨ' ਨਾਲ ਅਪਡੇਟ, ਸਲਾਹਾਂ ਦਿੰਦੇ ਰਹਿੰਦੇ ਹਨ। ਬੇਟੀ ਜੋਤ ਅਰੋੜਾ ਅਭਿਨੇਤਰੀ ਤੇ ਬੇਟਾ ਮਨਜੋਤ ਸਿੰਘ ਫ਼ਿਲਮ ਨਿਰਦੇਸ਼ਕ ਹੈ।

### ਪੰਮੇ ਦੀ 'ਸਖ਼ਤ ਡਿਊਟੀ' ਨੂੰ 'ਸਾਰਾ ਪਿੰਡ' ਮਾਰੇ ਸਲੂਟ

ਪੰਜਾਬ ਪੁਲਿਸ ਦੇ ਸਕਾਰਾਤਮਕ ਪੱਖ ਪੇਸ਼ ਕਰਨੇ ਆਪਣੀ ਗਾਇਕੀ ਨਾਲ ਪੰਮਾ ਮੱਲ੍ਹੀ ਦੀ ਮਹਿਕਮੇ ਪ੍ਰਤੀ



ਵਫਾਦਾਰੀ ਦਾ ਸੰਕੇਤ ਤੇ ਹੈ ਹੀ ਨਾਲ ਹੀ ਸਰੋਤਿਆਂ ਨੂੰ ਮਨੋਰੰਜਨ ਦੇਣਾ ਸਭ ਵਧੀਆ ਨਿਭਾ ਰਿਹਾ ਥਾਣੇਦਾਰ ਗਾਇਕ ਪੰਮਾ ਮੱਲ੍ਹੀ 'ਸਖ਼ਤ ਡਿਊਟੀ' ਗੀਤ ਨਾਲ ਕਾਮਯਾਬ ਰਿਹਾ ਤੇ ਹੁਣ ' ਸਾਰਾ ਪਿੰਡ', 'ਸਲੂਟ' ਗਾਣੇ ਕਾਮਯਾਬ ਰਹੇ ਹਨ। ਹੁਣ ਦੋ ਨਵੇਂ ਐਲਬਮ ਰਾਮ ਭੋਗਪੁਰੀਆ ਵੱਲੋਂ ਜਲਦੀ ਰਿਲੀਜ ਹੋਣ ਵਾਲੇ ਹਨ।

### ਹਾਲੀਵੁੱਡ ਦਾ ਮੇਲ ਪਾਲੀਵੁੱਡ ਨਾਲ ਕਰਵਾਏਗਾ: ਇੰਦਰ

ਵਿਨ ਮੋਰਾਲੇ ਸਕਾਰਲੈਟ ਤੇ ਐਮਾ ਵਾਟਸਨ ਨੂੰ ਯੂ.ਐਸ.ਏ 'ਚ ਉਹਨਾਂ ਦੇ ਦ੍ਰਿਸ਼ ਫ਼ਿਲਮਾਏ ਜਾਣ ਬਾਅਦ ਇੰਦਰ ਕੁਮਾਰ ਦੀ ਯੋਜਨਾ ਇੱਕ ਪੰਜਾਬੀ ਤੇ ਅੰਗਰੇਜੀ ਫ਼ਿਲਮ ਇਕੱਠੀ ਬਣਾਉਣ ਦੀ ਹੈ। ਹੋ ਸਕਦਾ ਹੈ ਕਿ 'ਕਿਸ ਮੀ ਕਰਸ' ਦਾ ਉਹ ਪੰਜਾਬੀ ਭਾਗ ਤਿਆਰ ਕਰੇ। ਇੰਦਰ ਕੁਮਾਰ ਨੇ 160 ਹਾਲੀਵੁੱਡ ਫ਼ਿਲਮਾਂ ਕਰ ਕਿ ਰਿਕਾਰਡ ਬਣਾਇਆ ਹੈ ਤੇ ਨਿਰੋਲ ਹਾਲੀਵੁੱਡ ਕਲਾਕਾਰ ਵਜੋਂ ਐਨੀਆਂ ਫ਼ਿਲਮਾਂ ਕਰਨੀਆਂ ਕਿਸੇ ਭਾਰਤੀ ਵੱਲੋਂ



ਇੱਕ ਰਿਕਾਰਡ ਹੈ।ਪੰਜਾਬੀ ਤੇ ਹਾਲੀਵੁੱਡ ਦਾ ਸੁਮੇਲ ਕਰਵਾ ਉਹ ਇੱਕ ਹੋਰ ਰਿਕਾਰਡ ਬਣਾਏਗਾ।

### ਗੁਰਦੀਪ ਸੰਧੂ ਰੁਮਾਂਟਿਕ ਵੀ ਹੈ

ਆਮ ਤੌਰ ਤੇ ਐਕਸ਼ਨ ਕਿਰਦਾਰ ਗੁਰਦੀਪ ਸੰਧੂ ਨੂੰ ਜਿਆਦਾ ਜਚਦੇ ਹਨ ਪਰ ਰੁਮਾਂਟਿਕ ਦ੍ਰਿਸ਼ ਤੇ ਅਜਿਹੇ ਪ੍ਰੋਜੈਕਟ ਦੇਖ ਕੇ ਜਤਿੰਦਰ ਹੂ-ਬੂ-ਹੂ ਏ ਸੰਧੂ ਕਹਿਣਾ ਪੈਂਦਾ ਹੈ। ਸੰਮੀ ਖਾਨ ਦੇ ਹਿੱਟ ਗਾਣੇ 'ਮਿਰਜਾ' ਤੇ ਦੂਰਦਰਸ਼ਨ ਜਲੰਧਰ ਦੇ 'ਮਿਰਜਾ' ਨੂੰ ਦੇਖ ਹੁਣ ਨਿਰਦੇਸ਼ਕ ਚਾਂਦ ਕੁਮਾਰ ਇੱਕ ਰੁਮਾਂਟਿਕ ਫ਼ਿਲਮ ਗੁਰਦੀਪ ਸੰਧੂ ਨੂੰ ਲੈ ਕਿ ਬਣਾਉਣ ਜਾ ਰਹੇ ਜਨ। 'ਇਸ਼ਕ ਮੁਹੱਬਤ' ਸੰਧੂ ਦੀ ਫ਼ਿਲਮ ਇਸ ਸਮੇਂ ਆਉਣ ਲਈ ਤਿਆਰ ਹੈ। ਉਸਦਾ ਕਹਿਣਾ ਹੈ ਕਿ ਰੁਮਾਂਸ ਤਾਂ ਜਿੰਦਗੀ ਦੀ ਖੁਰਾਕ ਹੈ।